
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242

ਹਫਤਾਵਾਰੀ

# ਦੇਸ਼ ਦੁਆਬਾ

VOL - 5 ISSUE - 49
March 15, 2017
Postal Address
5101 Doe Hollow Pl, Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਯੁੱਗ ਪੁਰਸ਼ ਅਤੇ ਬਹੁਜਨ ਸਮਾਜ ਦੇ ਨਾਇਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਨ 15 ਮਾਰਚ 'ਤੇ ਸਮੂਹ ਮਾਨਵਤਾ ਨੂੰ ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ ਹਾਰਦਿਕ ਵਧਾਈ।




15 ਮਾਰਚ ਤੋਂ 'ਅੰਬੇਦਕਰ ਟਾਈਮਜ਼' 9ਵੇਂ ਸਾਲ ਵਿਚ ਦਾਖਲ ਹੋ ਗਿਆ। ਇਸ ਲਈ ਸਾਡੇ ਮਾਣਯੋਗ ਪਾਠਕਾਂ, ਸਹਿਯੋਗੀਆਂ, ਇਸ਼ਤਿਹਾਰਦਾਤਾਵਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ, ਜਿਹਨਾਂ ਨੇ ਸਾਨੂੰ ਸਹਿਯੋਗ ਦੇ ਕੇ 8 ਸਾਲ ਦਾ ਸਫਰ ਪੂਰਾ ਕਰਨ ਵਿਚ ਮਦਦ ਕੀਤੀ। ਆਸ ਹੈ ਕਿ ਸਾਨੂੰ ਅਗਲੇਰੇ ਸਮੇਂ ਵਿਚ ਵੀ ਇਸੇ ਤਰ੍ਹਾਂ ਸਹਿਯੋਗ ਮਿਲਦਾ ਰਹੇਗਾ।

**(ਪ੍ਰੇਮ ਕੁਮਾਰ ਚੁੰਬਰ)**

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 640ਵਾਂ ਗੁਰਪੁਰਬ ਅਤੇ 17ਵਾਂ ਵਿਸ਼ਾਲ ਨਗਰ ਕੀਰਤਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ

## ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਵੱਲੋਂ ਸਮੂਹ ਪ੍ਰਬੰਧਕ ਕਮੇਟੀ ਅਤੇ ਗੁਰੂ ਪਿਆਰੀ ਸੰਗਤ ਨੂੰ ਲੱਖ-ਲੱਖ ਵਧਾਈ


ਤਸਵੀਰ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)

**ਸੈਕਰਾਮੈਂਟੋ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ, ਸੈਕਰਾਮੈਂਟੋ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਭਰਪੂਰ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 640ਵਾਂ ਮਹਾਨ ਗੁਰਪੁਰਬ ਦਿਹਾੜਾ ਦੁਨੀਆਂ ਭਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠਾਂ ਦੀ ਲੜੀ ਦਸੰਬਰ 2016 ਤੋਂ ਆਰੰਭ ਹੋ ਚੁੱਕੀ ਸੀ ਅਤੇ ਸਾਰੀ ਸੰਗਤ ਵੱਲੋਂ ਸ਼ੁੱਕਰਵਾਰ 10 ਮਾਰਚ ਨੂੰ ਅਖੰਡ ਪਾਠ ਪ੍ਰਾਰੰਭ ਕਰਵਾਏ ਗਏ ਅਤੇ ਐਤਵਾਰ ਨੂੰ ਸ੍ਰੀ ਅਖੰਡ ਪਾਠ ਜੀ ਦੇ ਭੋਗ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਅਤੇ ਪੰਜਾਂ ਪਿਆਰਿਆਂ ਦੀ ਯੋਗ ਅਗਵਾਈ ਵਿਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਦੀਆ ਖੁਸ਼ੀਆਂ ਮਨਾਉਂਦੇ ਹੋਏ 17ਵਾਂ ਮਹਾਨ ਨਗਰ ਕੀਰਤਨ ਸਜਾਇਆ ਗਿਆ। ਦੁਨੀਆਂ ਭਰ ਤੋਂ ਸੰਗਤਾਂ ਹੁੰਮ-ਹੁੰਮਾ ਕੇ ਪੁੱਜੀਆਂ। ਸ਼ਨਿਚਰਵਾਰ ਅਤੇ ਐਤਵਾਰ ਨੂੰ ਵੱਖ-ਵੱਖ ਕੀਰਤਨ ਜਥੇ, ਰਾਗੀ, ਢਾਡੀ, ਕਥਾਵਾਚਕਾਂ ਨੇ ਸੰਗਤਾਂ ਨੂੰ ਨਿਹਾਲ ਕੀਤਾ। ਸ਼ਨਿਚਰਵਾਰ ਨੂੰ ਸ੍ਰੀ ਨਿਸ਼ਾਨ ਸਾਹਿਬ ਦੇ ਚੋਲਾ ਸਾਹਿਬ ਪਹਿਨਾਏ ਗਏ। ਸੰਗਤਾਂ ਨੇ ਗੁਰਬਾਣੀ ਕੀਰਤਨ ਦਾ ਆਨੰਦ ਮਾਣਿਆ। 'ਬੋਲੇ ਸੋ ਨਿਰਭੈਅ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਜੈ' ਅਤੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਖੁਸ਼ੀਆਂ ਮਨਾਈਆਂ। **(ਬਾਕੀ ਸਫਾ 23 ਤੇ)**

# 7 ਕੈਬਨਿਟ ਤੇ 2 ਰਾਜ ਮੰਤਰੀਆਂ ਸਮੇਤ 16 ਨੂੰ ਸਹੁੰ ਚੁੱਕਣਗੇ ਕੈਪਟਨ ਅਮਰਿੰਦਰ ਸਿੰਘ



**ਚੰਡੀਗੜ੍ਹ (ਬਿਊਰੋ)–** ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ 16 ਮਾਰਚ ਨੂੰ ਸੱਤ ਕੈਬਨਿਟ ਤੇ ਦੋ ਰਾਜ ਮੰਤਰੀਆਂ ਦੀ ਟੀਮ ਸਹੁੰ ਚੁੱਕਣ ਜਾ ਰਹੀ ਹੈ। ਨੰਗਲ ਤੋਂ ਵਿਧਾਇਕ ਰਾਣਾ ਕੇ.ਪੀ. ਸਿੰਘ ਨੂੰ ਸਪੀਕਰ ਬਣਾਉਣ ਦੀ ਤਿਆਰੀ ਹੈ। ਹਲਫ਼ਦਾਰੀ ਸਮਾਗਮ ਵਿੱਚ ਕਾਂਗਰਸ ਪਾਰਟੀ ਦੇ ਕੌਮੀ ਮੀਤ ਪ੍ਰਧਾਨ ਰਾਹੁਲ ਗਾਂਧੀ ਤੇ ਹੋਰ ਆਗੂ ਹਿੱਸਾ ਲੈਣਗੇ। ਸੂਤਰਾਂ ਅਨੁਸਾਰ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਰਾਹੁਲ ਗਾਂਧੀ ਨੂੰ ਆਪਣੇ ਵਜ਼ਾਰਤੀ ਸਾਥੀਆਂ ਦੀ ਸੂਚੀ ਸੌਂਪ ਦਿੱਤੀ ਹੈ। ਇਸ ਸੂਚੀ ਵਿੱਚ ਕਾਂਗਰਸ ਮੀਤ ਪ੍ਰਧਾਨ ਨੇ ਇਕ ਹੋਰ ਨਾਂ ਸ਼ਾਮਲ ਕਰਾਇਆ ਹੈ। ਵਜ਼ਾਰਤ ਵਿੱਚ ਅੰਮ੍ਰਿਤਸਰ ਜ਼ਿਲ੍ਹੇ ਤੋਂ ਨਵਜੋਤ ਸਿੰਘ ਸਿੱਧੂ ਨੂੰ ਸ਼ਾਮਲ ਕੀਤਾ ਜਾ ਰਿਹਾ ਹੈ ਪਰ ਇਹ ਪਤਾ ਨਹੀਂ ਲੱਗ ਸਕਿਆ ਕਿ ਉਨ੍ਹਾਂ ਨੂੰ ਕੈਬਨਿਟ ਮੰਤਰੀ ਜਾਂ ਉਪ ਮੁੱਖ ਮੰਤਰੀ ਵਜੋਂ ਸਹੁੰ ਚੁਕਾਈ ਜਾਵੇਗੀ। ਸਿੱਧੂ ਦੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਸਮੇਂ ਇਸ ਗੱਲ ਦੀ ਕਾਫੀ ਚਰਚਾ ਸੀ ਕਿ ਉਨ੍ਹਾਂ ਨੂੰ ਉਪ ਮੁੱਖ ਮੰਤਰੀ ਬਣਾਇਆ ਜਾਵੇਗਾ।

ਬਠਿੰਡਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਬਾਦਲ ਨੂੰ ਵਜ਼ਾਰਤ 'ਚ ਸ਼ਾਮਲ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਨੂੰ ਸੂਬੇ ਦਾ ਵਿੱਤ ਮੰਤਰੀ ਬਣਾਇਆ ਜਾਵੇਗਾ। ਪਟਿਆਲਾ ਤੋਂ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬ੍ਰਹਮ ਮਹਿੰਦਰਾ, ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ, ਕਪੂਰਥਲਾ ਤੋਂ ਸੀਨੀਅਰ ਆਗੂ ਰਾਣਾ ਗੁਰਜੀਤ ਸਿੰਘ, ਗੁਰਦਾਸਪੁਰ ਤੋਂ ਸਾਬਕਾ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਅਤੇ ਰੋਪੜ ਜ਼ਿਲ੍ਹੇ ਤੋਂ ਕਾਂਗਰਸ ਵਿਧਾਇਕ ਦਲ ਦੇ ਸਾਬਕਾ ਆਗੂ ਚਰਨਜੀਤ ਸਿੰਘ ਚੰਨੀ ਨੂੰ ਕੈਬਿਨਟ 'ਚ ਸ਼ਾਮਲ ਕਰਨ ਦੀ ਤਿਆਰੀ ਹੈ। **(ਬਾਕੀ ਸਫਾ 23 ਤੇ)**


MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, I-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

ONE | REALTYONEGROUP AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ 510-689-4625
CalBre # 01423409
42820 Albrae St., Fremont, CA 94538


SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

ELITE REALTY SERVICES
7412 Elsie Ave Sacramento, CA 95828
Shaan Nijjar (916) 751-8852
Realtor® CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Buy/ Sell Real Estate Residential or Commercial

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ 11ਵੀਂ ਵਰ੍ਹੇਗੰਢ 19 ਮਾਰਚ ਨੂੰ



## ਗੁਰੂ ਘਰ ਦੇ ਸੇਵਾਦਾਰ

ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ)
530-713-1823
ਸ੍ਰੀ ਗੁਰਨਾਮ ਸਿੰਘ ਭੰਡਾਲ (ਵਾਈਸ ਪ੍ਰਧਾਨ)
530-218-4468
ਸ੍ਰੀ ਸਤਨਾਮ ਸਿੰਘ (ਜਨਰਲ ਸਕੱਤਰ)
530-682-3962
ਸ੍ਰੀ ਦਲਵਿੰਦਰ ਰੱਲ੍ਹ (ਵਾਈਸ ਜਨ. ਸਕੱਤਰ)
530-933-3938
ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ)
530-682-3962
ਸ੍ਰੀ ਮਹਿੰਦਰ ਸਿੰਘ ਰੱਤੂ (ਚੇਅਰਮੈਨ)
530-790-5985
ਸ੍ਰੀ ਪ੍ਰਸ਼ੋਤਮ ਸੂਦ (ਵਾਈਸ ਚੇਅਰਮੈਨ)
530-565-5974
ਭੁਪਿੰਦਰ ਸਿੰਘ ਭੰਡਾਲ
(530) 301-2518

**ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ 11ਵੀਂ ਵਰ੍ਹੇਗੰਢ** ਬੜੇ ਧੂੰਮ ਧਾਮ ਨਾਲ ਮਿਤੀ 17, 18 ਅਤੇ 19 ਮਾਰਚ 2017 ਨੂੰ ਮਨਾਈ ਜਾ ਰਹੀ ਹੈ। ਇਸ ਮੌਕੇ 17 ਮਾਰਚ (ਦਿਨ ਸ਼ੁੱਕਰਵਾਰ) ਨੂੰ 5 ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ, 18 ਮਾਰਚ ਨੂੰ ਸ਼ਾਮ 5 ਵਜੇ ਪ੍ਰਬੰਧਕ ਕਮੇਟੀ ਅਤੇ ਸੰਗਤ ਵੱਲੋਂ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 19 ਮਾਰਚ (ਦਿਨ ਐਤਵਾਰ) ਨੂੰ ਪਾਏ ਜਾਣਗੇ।

**ਪਾਠਾਂ ਦੀ ਸੇਵਾ** (1) ਸ੍ਰੀ ਮਹਿੰਦਰ ਸਿੰਘ ਰੱਤੂ (ਚੇਅਰਮੈਨ ਗੁਰੂ ਘਰ) ਬੀਬੀ ਪਾਲੋ ਰੱਤੂ ਅਤੇ ਪਰਿਵਾਰ, (2) ਸ੍ਰੀ ਪਰਸ਼ੋਤਮ ਸੂਦ (ਵਾਈਸ ਚੇਅਰਮੈਨ ਗੁਰੂ ਘਰ) ਅਤੇ ਉਹਨਾਂ ਦੀ ਸੁਪਤਨੀ ਸ੍ਰੀਮਤੀ ਦੀਸ਼ਾਨ ਸੂਦ ਅਤੇ ਸਮੂਹ ਸੂਦ ਪਰਿਵਾਰ, (3) ਵਿਜੇ ਸਰੋਆ, ਬਿੱਟੂ ਸਰੋਆ ਅਤੇ ਰਾਜੇਸ਼ ਲਾਲੀ ਸਮੂਹ ਪਰਿਵਾਰਾਂ ਵੱਲੋਂ, (4) ਮਹਾਨ ਹਸਤੀ ਰਾਮ ਮੂਰਤੀ ਸਰੋਆ- ਬੀਬੀ ਸੱਤਿਆ ਦੇਵੀ ਸਰੋਆ ਪਰਿਵਾਰ, (5) ਰਾਮ ਪ੍ਰਕਾਸ਼ ਰਾਜੂ, ਬੀਬੀ ਪਰਮਜੀਤ ਕੌਰ ਰਾਜੂ ਪਰਿਵਾਰ ਵੱਲੋਂ ਕੀਤੀ ਜਾਵੇਗੀ।

**ਭੋਗ ਉਪਰੰਤ** ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦਾ ਜਥਾ, ਜਥੇਦਾਰ ਗੁਰਨਾਮ ਸਿੰਘ ਭੰਡਾਲ (ਵਾਈਸ ਪ੍ਰਧਾਨ ਗੁਰੂ ਘਰ) ਜੀ ਦਾ ਢਾਡੀ ਜਥਾ ਹਰਿਜਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਸ੍ਰੀ ਰਾਜ ਕੁਮਾਰ ਜੀ, ਸ੍ਰੀ ਅਸ਼ੋਕ ਕੁਮਾਰ ਰਵਦਾਸੀਆ ਜੀ, ਸ੍ਰੀ ਪਾਲ ਰਵਦਾਸੀਆ ਜੀ ਅਤੇ ਸਮੁੱਚੀ ਟੀਮ ਵੱਲੋਂ ਗੋਲਗੱਪੇ, ਚਾਹ, ਪਕੌੜੇ ਅਤੇ ਮਠਿਆਈ ਦਾ ਲੰਗਰ ਲਗਾਇਆ ਜਾਵੇਗਾ। ਸਾਂਝੀ ਰਸੋਈ ਰੈਸਟੋਰੈਂਟ ਵੱਲੋਂ ਛੋਲੇ-ਭਟੂਰਿਆਂ ਦਾ ਲੰਗਰ ਲਗਾਇਆ ਜਾਵੇਗਾ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਜਾਣਗੇ। ਇਹਨਾਂ ਸਮਾਗਮਾਂ ਵਿਚ ਜੇ ਕਿਸੇ ਗੁਰਮੁਖ ਪਰਿਵਾਰ ਨੇ ਕਿਸੇ ਤਰ੍ਹਾਂ ਦੀ ਵੀ ਸੇਵਾ ਲੈਣੀ ਹੋਵੇ ਤਾਂ ਉਹ ਗੁਰੂ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦਾ ਹੈ ਜੀ।

**ਬੇਨਤੀ ਕਰਤਾ : ਸ੍ਰੀ ਗੁਰੂ ਰਵਿਦਾਸ ਟੈਂਪਲ ਪ੍ਰਬੰਧਕ ਕਮੇਟੀ, ਯੂਬਾ ਸਿਟੀ**

**1480 HAYNE AVE YUBA CITY, (Phone- 530-674-2564)**

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 640ਵਾਂ ਗੁਰਪੁਰਬ ਅਤੇ 17ਵਾਂ ਨਗਰ ਕੀਰਤਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ













ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)



# ਸ੍ਰੀ ਗੁਰੂ ਰਵਿਦਾਸ ਸਭਾ ਸੈਲਮਾ (ਕੈਲੇਫੋਰਨੀਆ)



ਸ੍ਰੀ ਗੁਰੂ ਰਵਿਦਾਸ ਟੈਂਪਲ ਸੈਲਮਾ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ **640ਵਾਂ ਗੁਰਪੁਰਬ ਦਿਹਾੜਾ 19 ਮਾਰਚ ਦਿਨ ਐਤਵਾਰ** ਨੂੰ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧ ਵਿਚ ਪ੍ਰਬੰਧਕਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ **ਗੁਰਪੁਰਬ ਨੂੰ ਸਮਰਪਿਤ 17 ਮਾਰਚ ਨੂੰ ਸ੍ਰੀ ਅਖੰਡ ਪਾਠ ਸਾਹਿਬ ਅਰੰਭ** ਕਰਵਾਏ ਜਾਣਗੇ। 18 ਮਾਰਚ ਨੂੰ ਬਾਅਦ ਦੁਪਹਿਰ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ ਅਤੇ **19 ਮਾਰਚ ਨੂੰ ਭੋਗ ਪਾਏ ਜਾਣਗੇ।**

ਉਪਰੰਤ ਗੁਰੂ ਜੀ ਦੇ ਜੀਵਨ ਅਤੇ ਉਪਦੇਸ਼ ਸਬੰਧੀ ਵੱਖ-ਵੱਖ ਬੁਲਾਰੇ ਸੰਗਤਾਂ ਅੱਗੇ ਆਪਣੇ ਵਿਚਾਰ ਰੱਖਣਗੇ ਅਤੇ ਗੁਰੂ ਘਰ ਦਾ ਜਥਾ ਗੁਰਬਾਣੀ ਕੀਰਤਨ ਨਾਲ ਸੰਗਤਾਂ ਨਿਹਾਲ ਕਰੇਗਾ। ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਸਮੂਹ ਪ੍ਰਬੰਧਕਾਂ ਵਲੋਂ ਸੰਗਤਾਂ ਨੂੰ ਤਿੰਨੇ ਦਿਨ ਗੁਰੂ ਘਰ ਹੁੰਮ ਹੁਮਾ ਕੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।

ਬੇਨਤੀ ਕਰਤਾ: ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ

**ਸ੍ਰੀ ਗੁਰੂ ਰਵਿਦਾਸ ਟੈਂਪਲ** ਫੋਨ: 559-891-8286

2650 Blaine Avenue Selma (CA) 93662

# L.A. MERCHANDISE

**Whole Sale +Retail**

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।



* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

LOOSE FABRICS, GROCERIES, BLANKETS, VEGETABLES

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



Baksho Kaur Bisla Hardev Singh Bisla

500 N. Palora Ave. Yuba City, CA 95991

530-671-0439, Fax 530-822-0439 Cell- 530-844-3250

# TANDOOR

**Indian Restaurant**

27167 Mission Blvd. Hayward, CA 95544



ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

**ਮੱਛੀ ਦੇ ਪਕੌੜਿਆਂ ਲਈ ਮਸ਼ਹੂਰ**

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212

Fax. 510-885-1532

## ਚੋਣ ਨਤੀਜਿਆਂ ਤੋਂ ਬਾਅਦ

# ਭਾਜਪਾ ਤੋਂ ਬਿਨਾਂ, ਬਾਕੀ ਸਭ ਪਾਰਟੀਆਂ 'ਚ ਮੱਚਿਆ ਮਹਾਂਭਾਰਤ



ਪੰਮੀ ਲਾਲੋ ਮਜਾਰਾ
91-95011-43755

**ਭਾਜਪਾ ਦੀ ਅਣਕਿਆਸੀ ਜਿੱਤ**

ਪੰਜਾਂ ਸੂਬਿਆਂ 'ਚ ਹੋਈਆਂ ਵਿਧਾਨ ਸਭਾ ਚੋਣਾਂ 'ਚ ਪੰਜਾਬ ਨੂੰ ਛੱਡ ਕੇ ਬਾਕੀ ਥਾਂਵਾਂ ਤੇ ਭਾਜਪਾ ਨੂੰ ਮਿਲੀ ਸਫਲਤਾ ਤੋਂ ਹਰ ਕੋਈ ਹੈਰਾਨ-ਪ੍ਰੇਸ਼ਾਨ ਹੈ। ਇਸ ਸਫਲਤਾ ਬਾਰੇ ਨਾ ਤਾਂ ਕਿਸੇ ਟੀ. ਵੀ. ਚੈਨਲ ਨੇ ਹੀ ਭਵਿੱਖਬਾਣੀ ਕੀਤੀ ਸੀ ਤੇ ਨਾ ਹੀ ਕਿਸੇ ਸਿਆਸੀ ਵਿਸ਼ਲੇਸ਼ਕ ਨੇ। ਭਾਜਪਾ ਦੀ ਸਫਲਤਾ ਦਾ ਰਾਜ਼ ਮੋਦੀ ਵੱਲੋਂ ਯੂ. ਪੀ. 'ਚ ਧੂੰਆਂਧਾਰ ਪ੍ਰਚਾਰ, ਹਰ ਰੈਲੀ ਵਿਚ ਵੱਖਰੇ ਸਿਆਸੀ ਬਾਣ ਛੱਡਣੇ, ਨੋਟਬੰਦੀ ਦਾ ਫੈਸਲਾ ਤੇ ਹਾਸ਼ੀਏ ਤੇ ਧੱਕੇ ਗਏ ਲੋਕਾਂ ਦਾ ਭਾਜਪਾ ਨੂੰ ਮਜ਼ਬੂਤ ਬਦਲ ਵਜੋਂ ਦੇਖਣਾ, ਕਿਹਾ ਜਾ ਸਕਦਾ ਹੈ। ਭਾਜਪਾ ਲਈ ਉਤਰ ਪ੍ਰਦੇਸ਼ ਦੇ ਮਾਇਨੇ ਬਹੁਤ ਵੱਡੇ ਹਨ। ਮਤਲਬ 2019 ਦੀਆਂ ਲੋਕ ਸਭਾ ਚੋਣਾਂ ਦੀ ਤਿਆਰੀ, ਰਾਜ ਸਭਾ ਵਿਚ ਮਜ਼ਬੂਤੀ, ਮਨਪਸੰਦ ਦਾ ਰਾਸ਼ਟਰਪਤੀ ਚੁਣਨਾ ਤੇ ਖੁੱਲ੍ਹ ਕੇ ਕਿਸੇ ਵੀ ਸਿਆਸੀ ਫੈਸਲੇ ਦਾ ਦਲੇਰੀ ਨਾਲ ਵਿਚਾਰ ਤੇ ਆਰ. ਐਸ. ਐਸ. ਤੇ ਮੋਦੀ ਦੀ ਹੋਰ ਮਜ਼ਬੂਤ ਪਕੜ ਕਿਹਾ ਜਾ ਸਕਦਾ ਹੈ।

**ਮਾਇਆਵਤੀ ਮਹਾਂਰਥੀ ਬਣਨ ਤੋਂ ਖੁੰਝੀ**

ਉਤਰ ਪ੍ਰਦੇਸ਼ ਵਿਚ ਬਸਪਾ ਦਾ 19 ਸੀਟਾਂ ਤੱਕ ਸਿਮਟ ਜਾਣਾ, ਪੰਜਾਬ ਤੇ ਉਤਰਾਖੰਡ 'ਚ ਬਸਪਾ ਦਾ ਖਾਤਾ ਤੱਕ ਨਾ ਖੁੱਲ੍ਹਣ ਦਾ ਮਤਲਬ ਬਸਪਾ ਦੀ ਰਾਸ਼ਟਰੀ ਪਾਰਟੀ ਦੀ ਮਾਨਤਾ ਦਾ ਖਤਮ ਹੋ ਜਾਣਾ ਤਾਂ ਪੱਕਾ ਹੀ ਹੈ, ਇਸ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਕਿਹਾ ਜਾ ਸਕਦਾ ਹੈ, ਮਤਲਬ ਕਿ ਜਿਵੇਂ ਦਲਿਤ ਵੋਟ ਬੈਂਕ ਦਾ ਖੁਸਦਾ, ਦੂਸਰੀਆਂ ਪਾਰਟੀਆਂ 'ਚ ਬਸਪਾ ਦੀ ਦਹਿਸ਼ਤ ਦਾ ਘੱਟ ਜਾਣਾ ਵੀ ਕਿਹਾ ਜਾ ਸਕਦਾ ਹੈ। ਨਿਚੋੜ ਕੱਢ ਕੇ ਕਿਹਾ ਜਾ ਸਕਦਾ ਹੈ ਕਿ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਦੇਹਾਂਤ ਤੋਂ ਬਾਅਦ ਉਤਰ ਪ੍ਰਦੇਸ਼ ਦੀ ਇਹ ਪਹਿਲੀ ਚੋਣ ਸੀ, ਜਿਸ ਵਿਚ ਉਹਨੇ ਆਪਣੇ ਆਪ ਨੂੰ 'ਸਾਹਿਬ ਦੀ ਜਾਨਸ਼ੀਨ' ਸਾਬਤ ਕਰਨਾ ਸੀ, ਪਰ ਨਹੀਂ ਕਰ ਸਕੀ। ਗਲਤੀ ਕਿੱਥੇ ਹੋਈ, ਮਾਇਆਵਤੀ ਨੂੰ ਖੁੱਲ੍ਹੇ ਮਨ ਨਾਲ ਵਿਚਾਰ ਕਰਕੇ ਮੰਨਣਾ ਹੀ ਪਵੇਗਾ।

**ਕਾਂਗਰਸ ਨੂੰ ਕੈਪਟਨ ਦਾ ਸਹਾਰਾ**

ਪੰਜਾਬ ਤੋਂ ਇਲਾਵਾ ਕਾਂਗਰਸ ਦਾ ਬਾਕੀ ਜਗ੍ਹਾ ਕਾਂਗਰਸ ਮੁਕਤ ਭਾਰਤ ਵਾਲਾ ਹੀ ਕਿਹਾ ਜਾ ਸਕਦਾ ਹੈ। ਉਤਰ ਪ੍ਰਦੇਸ਼ ਵਿਚ ਸਪਾ ਨਾਲ ਸਮਝੌਤਾ ਕਰਨ ਦੇ ਬਾਵਜੂਦ ਕਾਂਗਰਸ ਦੀ ਬੇੜੀ ਡੁੱਬ ਗਈ ਤੇ ਉਤਰਾਖੰਡ ਵਿਚ ਕਾਂਗਰਸ ਦਾ ਮੁੱਖ ਮੰਤਰੀ ਹਰੀਸ਼ ਰਾਵਤ ਆਪਣੀਆਂ ਦੋਵੇਂ ਸੀਟਾਂ ਹੀ ਹਾਰ ਗਿਆ। ਲੈ-ਦੇ ਕੇ ਕਾਂਗਰਸ ਨੂੰ ਕੈਪਟਨ ਅਮਰਿੰਦਰ ਸਿੰਘ ਦਾ ਹੀ ਸਹਾਰਾ ਕਿਹਾ ਜਾ ਸਕਦਾ ਹੈ, ਜਿਸਨੇ ਅਕਾਲੀ-ਭਾਜਪਾ ਗੱਠਜੋੜ ਜੋ 10 ਸਾਲ ਤੋਂ ਸੱਤਾ ਤੇ ਕਾਬਜ਼ ਸੀ, ਨੇ ਮੋਦੀ ਲਹਿਰ ਦੇ ਬਾਵਜੂਦ ਪੰਜਾਬ 'ਚ ਕਾਂਗਰਸ ਦੀ ਵਾਪਸੀ 38.5 ਫੀਸਦੀ ਨਾਲ ਕਰਵਾ ਕੇ 77 ਸੀਟਾਂ 'ਤੇ ਜਿੱਤ ਦਰਜ ਕਰਵਾਈ। ਬਿਨਾਂ ਸ਼ੱਕ ਪੂਰੀ ਕਾਂਗਰਸ ਵਿਚ ਅੱਜ ਦਾ ਹੀਰੋ ਕੈਪਟਨ ਅਮਰਿੰਦਰ ਸਿੰਘ ਨੂੰ ਕਿਹਾ ਜਾ ਸਕਦਾ ਹੈ। ਨੰਬਰਦਾਰ ਚਰਨਜੀਤ ਗਹਿਲ ਮਜਾਰੀ ਤੇ ਰਾਜੀਵ ਸ਼ਰਮਾ ਹਕੀਮਪੁਰ ਨੇ ਕਿਹਾ ਕਿ ਮਰੀ ਹੋਈ ਕਾਂਗਰਸ ਨੂੰ ਸੁਰਜੀਤ ਕਰਨ ਵਿਚ 'ਮਹਾਰਾਜੇ' ਦਾ ਬਹੁਤ ਵੱਡਾ ਹੱਥ ਹੈ।

**ਆਪ ਦਾ ਵਜੂਦ ਖ਼ਤਰੇ 'ਚ**

ਗੁਬਾਰੇ ਵਾਂਗ ਤੇਜ਼ੀ ਨਾਲ ਅਸਮਾਨ ਵੱਲ ਵਧਣ ਵਾਲੀ ਤੇਜ਼ੀ ਨਾਲ ਜ਼ਮੀਨ ਦੀ ਸੱਤਾ ਵੱਲ ਲੁੜਕ ਗਈ। ਪੰਜਾਬ ਵਿਚ ਜਿੰਨਾ ਆਪ ਦਾ ਪ੍ਰਦਰਸ਼ਨ ਵਧੀਆ ਹੋਣ ਦੇ ਅੰਦਾਜ਼ੇ ਲਾਏ ਜਾ ਰਹੇ ਸਨ, ਉਹ ਸਭ ਅੰਦਾਜ਼ੇ ਮਿੱਟੀ 'ਚ ਮਿਲ ਗਏ। ਕੈਨੇਡਾ ਦੇ ਇਕ ਮਸ਼ਹੂਰ ਟੀ. ਵੀ. ਹੋਸਟ ਨੇ ਚੋਣ ਨਤੀਜਿਆਂ ਵਾਲੇ ਦਿਨ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਬਹੁਤ ਜ਼ੋਰ ਲਾਇਆ, ਪਰ ਹੁਣ ਸਾਡੇ ਹੱਥ ਖੜ੍ਹੇ ਹਨ। 100 ਸੀਟਾਂ ਦਾ ਦਾਅਵਾ ਕਰਨ ਵਾਲੇ ਭਗਵੰਤ ਮਾਨ ਤੇ ਗੁਰਪ੍ਰੀਤ ਘੁੱਗੀ ਖੁਦ ਦੀਆਂ ਸੀਟਾਂ ਤੱਕ ਵੀ ਨਹੀਂ ਬਚਾਅ ਸਕੇ। ਆਪ ਦੀ ਹਾਰ ਦੇ ਮੁੱਖ ਕਾਰਨ, ਪੈਸੇ ਲੈ ਕੇ ਟਿਕਟਾਂ ਦੇਣਾ ਤੇ ਦਿੱਲੀ ਦੀ ਲੀਡਰਸ਼ਿਪ ਦਾ ਪੰਜਾਬ ਦੀ ਲੀਡਰਸ਼ਿਪ 'ਤੇ ਭਰੋਸਾ ਨਾ ਕਰਨਾ ਤੇ ਮੁੱਖ ਮੰਤਰੀ ਦਾ ਚਿਹਰਾ ਨਾ ਦੇਣਾ ਵੀ ਕਹੇ ਜਾ ਸਕਦੇ ਹਨ। ਗੋਆ 'ਚ ਪਾਰਟੀ ਖਾਤਾ ਵੀ ਨਹੀਂ ਖੋਲ੍ਹ ਸਕੀ। ਹੈਰਾਨੀ ਹੋਵੇਗੀ ਜੇ ਪੰਜਾਬ ਵਿਚ ਇੱਧਰ ਉਧਰ ਦੌੜਨ ਤੋਂ ਆਪ ਦੇ ਵਿਧਾਇਕਾਂ ਨੂੰ ਹੀ ਲੀਡਰਸ਼ਿਪ ਰੋਕ ਕੇ ਰੱਖ ਲਵੇਗੀ। ਇਹ ਕਹਿਣਾ ਹੈ ਅਵਤਾਰ ਸਿੰਘ ਤਾਰਾ ਜਗਤਪੁਰ ਦਾ।

**ਅਕਾਲੀ ਦਲ ਦੀ ਅਕਲ ਟਿਕਾਣੇ ਆਈ**

10 ਸਾਲ ਲਗਾਤਾਰ ਸੱਤਾ ਦਾ ਸੁਆਦ ਚੱਖਣ ਵਾਲਾ ਅਕਾਲੀ ਦਲ ਧਰਾਸ਼ਾਈ ਹੋ ਕੇ ਰਹਿ ਗਿਆ। ਭਾਜਪਾ ਦੇ ਦੋ ਵਿਧਾਇਕ ਕੱਢ ਕੇ ਤਿੰਨ ਸੀਟਾਂ ਪਰਿਵਾਰਕ ਕੱਢ ਕੇ, 3 ਸੀਟਾਂ ਉਹ ਜਿਹੜੇ ਬਸਪਾ ਛੱਡ ਕੇ ਅਕਾਲੀ ਦਲ 'ਚ ਆਏ, ਜਿੱਤੇ, ਜਿਵੇਂ ਪਵਨ ਕੁਮਾਰ ਟੀਨੂੰ, ਡਾ. ਸੁੱਖੀ ਤੇ ਬਲਦੇਵ ਖਹਿਰਾ, ਬਾਕੀ ਬਚੀਆਂ 10 ਸੀਟਾਂ। ਲਗਦਾ ਨਸ਼ੇ ਦੇ ਮੁੱਦੇ ਨੇ ਹੀ ਅਕਾਲੀ ਦਲ ਦੀ ਬਲੀ ਲੈ ਲਈ। ਕਹਿਣ ਨੂੰ ਅਕਾਲੀ ਦਲ ਕੁਝ ਵੀ ਕਹੀ ਜਾਵੇ। ਵਿਸ਼ਲੇਸ਼ਕ ਤਿਲਕ ਰਾਜ ਸਿੰਘ ਚਾਹਿਲ ਦਾ ਕਹਿਣਾ ਹੈ ਕਿ ਜੇ ਸਮਾਂ ਰਹਿੰਦਿਆਂ ਨਸ਼ੇ ਨੂੰ ਕੰਟਰੋਲ ਕਰਨ ਲਈ ਅਕਾਲੀ ਸਰਕਾਰ ਨੇ ਸਾਰਥਕ ਕਦਮ ਚੁੱਕੇ ਹੁੰਦੇ ਤਾਂ ਸ਼ਾਇਦ ਵਿਰੋਧੀ ਧਿਰ ਦਾ ਹੱਕ ਨਾ ਗੁਆਉਂਦੀ, ਮਤਲਬ ਕਿ ਆਪ ਤੋਂ ਵੀ ਘੱਟ ਸੀਟਾਂ ਨਾ ਲੈ ਕੇ ਜਾਂਦੀ।

**ਸਪਾ ਦਾ ਪਰਿਵਾਰਕ ਝਗੜੇ ਨੇ ਹੀ ਸੱਤਿਆਨਾਸ ਕਰ ਦਿੱਤਾ**

ਉਤਰ ਪ੍ਰਦੇਸ਼ ਵਿਚ ਸਪਾ ਨਾਲ ਵੀ ਜੱਗੋਂ ਤੇਰਵੀਂ ਹੀ ਹੋਈ। ਸੱਤਾ ਪ੍ਰਾਪਤੀ ਨੂੰ ਛੱਡ ਕੇ ਸਪਾ ਦੇ ਲੋਕ ਪਰਿਵਾਰਕ ਉਲਝਣਾਂ ਵਿਚ ਹੀ ਉਲਝੇ ਰਹੇ। ਕਾਂਗਰਸ ਨਾਲ ਰਲ ਕੇ ਸਾਇਕਲ ਚਲਾਉਣ ਦਾ ਸੁਪਨਾ ਅਖਿਲੇਸ਼ ਦਾ ਵਿਚ ਹੀ ਪੰਕਚਰ ਹੋ ਗਿਆ। ਚਾਚਾ-ਭਤੀਜੇ ਨੂੰ ਹਰਾਉਣ ਲਈ ਹਾੜ੍ਹਾ ਕੱਢਦਾ ਰਿਹਾ ਤੇ ਭਤੀਜਾ ਸ਼ਰੇਆਮ ਆਪਣੇ ਹੀ ਚਾਚੇ ਨੂੰ ਮੰਚ ਤੋਂ ਲੋਕਾਂ ਨੂੰ ਹਰਾਉਣ ਲਈ ਸੱਦਾ ਦਿੰਦਾ ਰਿਹਾ। ਸੰਘਰਸ਼ ਸੱਤਾ ਪ੍ਰਾਪਤੀ ਦਾ ਨਹੀਂ ਸੀ, ਸੰਘਰਸ਼ ਪਰਿਵਾਰ ਦਾ ਬੇੜਾ ਬਿਠਾਉਣ ਵੱਲ ਸੀ। ਸਪਾ ਪਰਿਵਾਰ ਦਾ ਜੋ ਸੁਪਨਾ ਸੀ, ਲੱਗਭੱਗ ਉਹ ਪੂਰਾ ਹੋ ਗਿਆ। ਸੱਤਾ ਪਵੇ ਢੱਠੇ ਖੂਹ 'ਚ, ਉਹ ਪੰਜ ਸਾਲ ਬਾਅਦ ਫਿਰ ਵੇਖੀ ਜਾਊ।

**ਕੀ ਇਰੋਮਾ ਸ਼ਰਮੀਲਾ ਹੁਣ ਵਿਆਹ ਕਰਵਾਏਗੀ?**

ਮਨੀਪੁਰ 'ਚੋਂ ਕਾਲੇ ਕਾਨੂੰਨ ਖਤਮ ਕਰਨ ਨੂੰ ਲੈ ਕੇ ਕਈ ਸਾਲਾਂ ਤੱਕ ਭੁੱਖ ਹੜਤਾਲ ਤੇ ਬੈਠਣ ਵਾਲੀ ਤੇ ਭਾਜਪਾ ਤੇ 100 ਕਰੋੜ ਰੁਪਏ ਦੀ ਪੇਸ਼ਕਸ਼ ਦਾ ਦੋਸ਼ ਲਗਾਉਣ ਵਾਲੀ ਤੇ ਮਨੀਪੁਰ ਦੀ ਥਾਊਬਲ ਵਿਧਾਨ ਸਭਾ ਹਲਕੇ ਤੋਂ ਚੋਣ ਲੜਨ ਵਾਲੀ ਆਇਰਨ ਲੇਡੀ ਤੇ ਸੋਸ਼ਲ ਵਰਕਰ ਇਰੋਮਾ ਸ਼ਰਮੀਲਾ ਨੂੰ ਮਸਾਂ 90 ਵੋਟਾਂ ਹੀ ਪ੍ਰਾਪਤ ਹੋਈਆਂ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸ਼ਰਮੀਲਾ ਨੇ ਇਕ ਬਿਆਨ ਵਿਚ ਕਿਹਾ ਸੀ ਕਿ ਜੇ ਵੋਟਰਾਂ ਨੇ ਉਹਦੇ ਹੱਕ ਵਿਚ ਫਤਵਾ ਨਾ ਦਿੱਤਾ ਤਾਂ ਉਹ ਵਿਆਹ ਕਰਵਾ ਲਵੇਗੀ। ਵੇਖਣਾ ਇਹ ਹੋਵੇਗਾ ਕਿ ਕੀ ਈਰੋਮਾ ਬਾਕੀ ਦੀ ਜ਼ਿੰਦਗੀ ਹੁਣ ਵਿਆਹ ਕਰਵਾ ਕੇ ਕੱਟੇਗੀ?

**ਕਲਾਕਾਰਾਂ ਨੂੰ ਅਕਸਰ ਲੋਕ ਰਾਜਨੀਤੀ 'ਚ ਪਸੰਦ ਨਹੀਂ ਕਰਦੇ**

ਲੋਕਾਂ ਦੇ ਦਿਲਾਂ 'ਤੇ ਰਾਜ ਕਰਨ ਵਾਲੇ ਕਲਾਕਾਰ ਜਦ ਰਾਜਨੀਤੀ 'ਚ ਪ੍ਰਵੇਸ਼ ਕਰਦੇ ਹਨ ਤਾਂ ਲੋਕ ਇਹਨਾਂ ਤੋਂ ਮੂੰਹ ਫੇਰ ਲੈਂਦੇ ਹਨ। ਇਸੇ ਤਰ੍ਹਾਂ ਹੀ ਕੁਝ ਇਸ ਵਾਰ ਵੀ ਹੋਇਆ। ਭਗਵੰਤ ਮਾਨ ਤੇ ਗੁਰਪ੍ਰੀਤ ਘੁੱਗੀ ਜੋ ਆਪਣੇ-ਆਪ ਨੂੰ ਪੰਜਾਬ ਦਾ ਸੰਭਾਵੀ ਮੁੱਖ ਮੰਤਰੀ ਸਮਝਦੇ ਰਹੇ, ਚੋਣ ਹਾਰ ਗਏ। ਇਹਨਾਂ ਤੋਂ ਇਲਾਵਾ ਮੁਹੰਮਦ ਸਦੀਕ ਤੇ ਸਤਵਿੰਦਰ ਬਿੱਟੀ ਵੀ ਹਾਰ ਦੇ ਰਾਹੀ ਬਣ ਗਏ। ਢਾਡੀ ਸਰੂਪ ਸਿੰਘ ਕਰਿਆਣਾ ਜੋ ਆਪਣੇ-ਆਪ ਨੂੰ ਆਪ ਦੇ ਖਾਤੇ 'ਚੋਂ ਦਲਿਤ ਉਪ ਮੁੱਖ ਮੰਤਰੀ ਸਮਝਦਾ ਸੀ, ਹਾਰ ਨੂੰ ਵੇਖਦਿਆਂ ਵਿਚੇ ਕਾਊਂਟਿੰਗ ਛੱਡ ਕੇ ਜਾਣਾ ਚੰਗਾ ਸਮਝਿਆ। ਓਲੰਪੀਅਨ ਸੱਜਣ ਸਿੰਘ ਚੀਮਾ ਵੀ ਹਾਰ ਦਾ ਹਮਸਫਰ ਬਣ ਗਿਆ। ਸਿਰਫ ਦੋ ਕਲਾਕਾਰ ਹੀ ਜਿੱਤ ਸਕੇ, ਇਕ ਨਵਜੋਤ ਸਿੱਧੂ ਤੇ ਦੂਸਰਾ ਨਾਜ਼ਰ ਸਿੰਘ ਮਾਨਸ਼ਾਹੀਆ

# ਮਾਇਆਵਤੀ ਦੇ ਸਮਰਥਨ ਵਿਚ ਆਏ ਲਾਲੂ ਯਾਦਵ

## ਸਭ ਜਾਣਦੇ ਹਨ ਗੁਜਰਾਤ ਵਿਚ ਬਣਦੀ ਹੈ ਈ.ਵੀ.ਐਮ, ਜਾਂਚ ਦੀ ਲੋੜ

**ਪਟਨਾ–** ਰਾਸ਼ਟਰੀ ਜਨਤਾ ਦਲ ਮੁਖੀ ਲਾਲੂ ਪ੍ਰਸਾਦ ਯਾਦਵ ਨੇ ਈ. ਵੀ. ਐਮ. ਦੇ ਨਾਲ ਛੇੜਛਾੜ ਦੇ ਦੋਸ਼ ਵਿਚ ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ ਦਾ ਸਾਥ ਦਿੱਤਾ ਹੈ। ਨਾਲ ਹੀ ਲਾਲੂ ਯਾਦਵ ਨੇ ਇਸ ਮਾਮਲੇ ਦੀ ਚੋਣ ਕਮਿਸ਼ਨ ਤੋਂ ਜਾਂਚ ਦੀ ਮੰਗ ਕੀਤੀ ਹੈ। ਲਾਲੂ ਯਾਦਵ ਨੇ ਪੱਤਰਕਾਰਾਂ ਨੂੰ ਕਿਹਾ, ਜੋ ਮਾਇਆਵਤੀ ਨੇ ਕਿਹਾ ਹੈ, ਉਸਦੀ ਚੋਣ ਕਮਿਸ਼ਨ ਦੁਆਰਾ ਜਾਂਚ ਕੀਤੀ ਜਾਣੀ ਚਾਹੀਦੀ ਹੈ। ਇਹ ਸਭ ਜਾਣਦੇ ਹਾਂ ਕਿ ਈ. ਵੀ. ਐਮ. ਗੁਜਰਾਤ ਵਿਚ ਬਣਾਈ ਜਾਂਦੀ ਹੈ, ਇਸ ਕਰਕੇ ਈ. ਵੀ. ਐਮ. ਦੇ ਨਾਲ ਛੇੜਛਾੜ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।



ਜਾਂਚ ਦੀ ਮੰਗ ਦਾ ਸਮਰਥਨ ਕਰਦੇ ਹੋਏ ਲਾਲੂ ਯਾਦਵ ਨੇ ਕਿਹਾ, ਅਸੀਂ ਪਹਿਲਾਂ ਵੀ ਇਸ ਬਾਰੇ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਹੈ। ਇਸ ਨੂੰ ਲੈ ਕੇ ਪ੍ਰਦਰਸ਼ਨ ਵੀ ਕੀਤੇ ਹਨ। ਚੋਣ ਕਮਿਸ਼ਨ ਨੇ ਸਾਨੂੰ ਭਰੋਸਾ ਦਿੱਤਾ ਸੀ ਕਿ ਅਸਲੀ ਚੋਣ ਤੋਂ ਪਹਿਲਾਂ ਹਰ ਬੂਥ ਤੇ ਮਾਕ ਪੋਲ ਕਰਵਾਇਆ ਜਾਵੇਗਾ ਤਾਂ ਜੋ ਸਾਰੀਆਂ ਪਾਰਟੀਆਂ ਇਹ ਯਕੀਨੀ ਕਰ ਸਕਣ ਕਿ ਈ. ਵੀ. ਐਮ. ਮਸ਼ੀਨਾਂ ਸਹੀ ਚੱਲ ਰਹੀਆਂ ਹਨ ਜਾਂ ਨਹੀਂ। ਮੈਨੂੰ ਨਹੀਂ ਪਤਾ ਕਿ ਯੂ. ਪੀ. ਵਿਚ ਮਾਕ ਪੋਲ ਹੋਏ ਸਨ ਕਿ ਨਹੀਂ।

ਉਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ ਦੇ ਲਈ ਪ੍ਰਚਾਰ ਕਰਨ ਵਾਲੇ ਲਾਲੂ ਪ੍ਰਸਾਦ ਯਾਦਵ ਨੇ ਮੰਗ ਕੀਤੀ ਕਿ ਜਿਹਨਾਂ ਈ. ਵੀ. ਐਮ. ਮਸ਼ੀਨਾਂ ਵਿਚ ਵੋਟਿੰਗ ਹੋਈ ਹੈ, ਉਹਨਾਂ ਨੂੰ ਸੁਰੱਖਿਅਤ ਰੱਖਿਆ ਜਾਣਾ ਚਾਹੀਦਾ ਹੈ ਅਤੇ ਚੋਣ ਕਮਿਸ਼ਨ ਨੂੰ ਇਹਨਾਂ ਦੀ ਜਾਂਚ ਕਰਨੀ ਚਾਹੀਦੀ ਹੈ ਕਿ ਇਸ ਵਿਚ ਕੋਈ ਤਕਨੀਕੀ ਖਾਮੀ ਹੈ ਜਾਂ ਨਹੀਂ। ਯੂ. ਪੀ. ਵਿਚ ਚੋਣ ਨਤੀਜਿਆਂ ਤੇ ਲਾਲੂ ਪ੍ਰਸਾਦ ਯਾਦਵ ਨੇ ਕਿਹਾ, ਸਮਾਜਵਾਦੀ ਪਾਰਟੀ ਅਤੇ ਕਾਂਗਰਸ ਲੋਕਾਂ ਨੂੰ ਇੱਕਜੁਟ ਕਰਨ ਵਿਚ ਕਾਮਯਾਬ ਨਹੀਂ ਹੋਈਆਂ ਅਤੇ ਭਾਜਪਾ ਨੇ ਝੂਠੇ ਵਾਅਦਿਆਂ ਨਾਲ ਲੋਕਾਂ ਨੂੰ ਭਰਮਾਇਆ ਹੈ। ਵਰਣਨਯੋਗ ਹੈ ਕਿ ਮਾਇਆਵਤੀ ਨੇ ਵੀ ਭਾਜਪਾ ਤੇ ਈ. ਵੀ. ਐਮ. ਨਾਲ ਛੇੜਛਾੜ ਦਾ ਦੋਸ਼ ਲਗਾਇਆ ਸੀ। ਉਹਨਾਂ ਨੇ ਦੋਸ਼ ਲਗਾਇਆ ਸੀ ਕਿ ਈ. ਵੀ. ਐਮ. 'ਤੇ ਲੋਕਾਂ ਨੇ ਚਾਹੇ ਕਿਸੇ ਵੀ ਪਾਰਟੀ ਦੇ ਨਿਸ਼ਾਨ ਤੇ ਬਟਨ ਦਬਾਇਆ ਹੋਵੇ ਪਰ ਮਸ਼ੀਨ ਨੇ ਸਿਰਫ ਭਾਜਪਾ ਨੂੰ ਹੀ ਵੋਟ ਦਿੱਤਾ। ਉਹਨਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੂੰ ਚੁਣੌਤੀ ਦਿੱਤੀ ਹੈ ਕਿ ਜੇਕਰ ਉਹਨਾਂ ਵਿਚ ਹਿੰਮਤ ਹੈ ਤਾਂ ਉਹ ਯੂ. ਪੀ. ਵਿਧਾਨ ਸਭਾ ਚੋਣਾਂ ਰੱਦ ਕਰਵਾ ਕੇ ਫਿਰ ਤੋਂ ਚੋਣ ਕਰਵਾਉਣ। ਮਾਇਆਵਤੀ ਨੇ ਕਿਹਾ ਕਿ ਜੇਕਰ ਮੋਦੀ ਅਤੇ ਅਮਿਤ ਸ਼ਾਹ ਦੁੱਧ ਦੇ ਧੋਤੇ ਹਨ ਤਾਂ ਬੈਲਟ ਪੇਪਰ ਨਾਲ ਫਿਰ ਤੋਂ ਚੋਣ ਕਰਵਾ ਲੈਣ, ਸਹੀ ਸਥਿਤੀ ਸਾਹਮਣੇ ਆ ਜਾਵੇਗੀ। ਇਸ ਦੇ ਨਾਲ ਹੀ ਮਾਇਆਵਤੀ ਨੇ ਕਿਹਾ ਕਿ ਉਹਨਾਂ ਨੇ ਇਸ ਬਾਰੇ ਚੋਣ ਕਮਿਸ਼ਨ ਨੂੰ ਪੱਤਰ ਲਿਖਿਆ ਹੈ ਕਿ ਲੋਕਾਂ ਨੂੰ ਹੁਣ ਈ. ਵੀ. ਐਮ. ਮਸ਼ੀਨ ਤੇ ਭਰੋਸਾ ਨਹੀਂ ਰਹਿ ਗਿਆ ਹੈ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦਾ 11ਵਾਂ ਸਥਾਪਨਾ ਦਿਵਸ 19 ਮਾਰਚ ਨੂੰ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ 11ਵੀਂ ਵਰ੍ਹੇਗੰਢ ਬੜੇ ਧੂੰਮ ਧਾਮ ਨਾਲ ਮਿਤੀ 17, 18 ਅਤੇ 19 ਮਾਰਚ 2017 ਨੂੰ ਮਨਾਈ ਜਾ ਰਹੀ ਹੈ। ਇਸ ਮੌਕੇ 17 ਮਾਰਚ (ਦਿਨ ਸ਼ੁੱਕਰਵਾਰ) ਨੂੰ 5 ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ, ਜਿਹਨਾਂ ਦੇ ਭੋਗ 19 ਮਾਰਚ (ਦਿਨ ਐਤਵਾਰ) ਨੂੰ ਪਾਏ ਜਾਣਗੇ। 18 ਮਾਰਚ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ। ਪਾਠਾਂ ਦੀ ਸੇਵਾ (1) ਸ੍ਰੀ ਮਹਿੰਦਰ ਰੱਤੂ (ਚੇਅਰਮੈਨ ਗੁਰੂ ਘਰ) ਬੀਬੀ ਪਾਲੋ ਰੱਤੂ ਪਰਿਵਾਰ, (2) ਸ੍ਰੀ ਪਰਸ਼ੋਤਮ ਸੂਦ (ਵਾਈਸ ਚੇਅਰਮੈਨ ਗੁਰੂ ਘਰ) ਸਮੂਹ ਸੂਦ ਪਰਿਵਾਰ, (3) ਸਰੋਆ ਪਰਿਵਾਰ, ਝੱਲੀ ਪਰਿਵਾਰ ਵੱਲੋਂ। (4) ਮਹਾਨ ਹਸਤੀ ਰਾਮ ਮੂਰਤੀ ਸਰੋਆ– ਬੀਬੀ ਸੱਤਿਆ ਦੇਵੀ ਸਰੋਆ ਪਰਿਵਾਰ ਵੱਲੋਂ, (5) ਰਾਮ ਪ੍ਰਕਾਸ਼ ਰਾਜੂ, ਬੀਬੀ ਪਰਮਜੀਤ ਕੌਰ ਰਾਜੂ ਪਰਿਵਾਰ ਵੱਲੋਂ ਕੀਤੀ ਜਾਵੇਗੀ। ਭੋਗ ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦਾ ਜਥਾ, ਜਥੇਦਾਰ ਗੁਰਨਾਮ ਸਿੰਘ ਭੰਡਾਲ (ਵਾਈਸ ਪ੍ਰਧਾਨ ਗੁਰੂ ਘਰ) ਜੀ ਦਾ ਢਾਡੀ ਜਥਾ ਹਰਿਜਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।ਸ੍ਰੀ ਰਾਜ ਕੁਮਾਰ ਜੀ, ਸ੍ਰੀ ਅਸ਼ੋਕ ਕੁਮਾਰ ਰਵਦਾਸੀਆ ਜੀ, ਸ੍ਰੀ ਪਾਲ ਰਵਦਾਸੀਆ ਜੀ ਅਤੇ ਸਮੁੱਚੀ ਟੀਮ ਵੱਲੋਂ ਗੋਲਗੱਪੇ, ਚਾਹ, ਪਕੌੜੇ ਅਤੇ ਮਠਿਆਈ ਦਾ ਲੰਗਰ ਲਗਾਇਆ ਜਾਵੇਗਾ। ਸਾਂਝੀ ਰਸੋਈ ਰੈਸਟੋਰੈਂਟ ਵੱਲੋਂ ਛੋਲੇ-ਭਟੂਰਿਆਂ ਦਾ ਲੰਗਰ ਲਗਾਇਆ ਜਾਵੇਗਾ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਜਾਣਗੇ। ਇਹਨਾਂ ਸਮਾਗਮਾਂ ਵਿਚ ਜੇ ਕਿਸੇ ਗੁਰਮੁਖ ਪਰਿਵਾਰ ਨੇ ਕਿਸੇ ਤਰ੍ਹਾਂ ਦੀ ਵੀ ਸੇਵਾ ਲੈਣੀ ਹੋਵੇ ਤਾਂ ਉਹ ਗੁਰੂ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦਾ ਹੈ ਜੀ।



ਗਿਆਨੀ ਕੁਲਜੀਤ ਸਿੰਘ 'ਦਿਲਬਰ' ਨਵਾਂ ਸ਼ਹਿਰ ਵਾਲਿਆਂ ਦਾ ਪ੍ਰਸਿੱਧ ਢਾਡੀ ਜਥਾ ਵਿਸਾਖੀ ਦੇ ਪੁਰਬ 'ਤੇ ਗੁਰਦੁਆਰਾ ਬਿਊਨਾ ਪਾਰਕ ਪਹੁੰਚ ਰਿਹਾ ਹੈ। ਫੋਨ ਨੰ: 714-785-7476 ਤੇ ਸੰਪਰਕ ਕੀਤਾ ਜਾ ਸਕਦਾ ਹੈ। (ਫੋਟੋ ਤੇ ਵੇਰਵਾ- ਤਰਲੋਚਨ ਸਿੰਘ ਦੁਪਾਲਪੁਰ 408-915-1268)

# ਦੁਨੀਆਂ ਭਰ ਦੇ ਦਲਿਤ ਭਾਈਚਾਰੇ ਨੂੰ ਇਕੱਠੇ ਹੋਣ ਦੀ ਲੋੜ: ਅਮਰ ਦਰੌਚ

**ਫਰਿਜ਼ਨੋ–** ਬੀਤੇ ਦਿਨੀਂ ਕਰਨਾਲ ਜ਼ਿਲੇ 'ਚ ਅਨੁਸੂਚਿਤ ਜਾਤੀ ਦੇ ਇਕ ਨੌਜਵਾਨ ਦੁਆਰਾ ਵਿਆਹ ਦੇ ਮੌਕੇ 'ਤੇ ਘੁੜਚੜ੍ਹੀ ਕਰਨ ਨੂੰ ਲੈ ਕੇ ਰਾਜਪੂਤ ਜਾਤੀ ਦੇ ਲੋਕਾਂ ਨੇ ਘੁੜਚੜ੍ਹੀ ਦਾ ਵਿਰੋਧ ਕੀਤਾ ਸੀ ਅਤੇ ਜਦ ਅਨੁਸੂਚਿਤ ਜਾਤੀ ਦੇ ਲੋਕ ਘੁੜਚੜ੍ਹੀ ਜਾਣਾ ਚਾਹੁੰਦੇ ਸੀ ਤਾਂ ਰਾਜਪੂਤ ਭਾਈਚਾਰੇ ਦੇ ਲੋਕਾਂ ਨੇ ਹਥਿਆਰਾਂ ਨਾਲ ਹਮਲਾ ਬੋਲ ਦਿੱਤਾ ਸੀ। ਦੋਵੇਂ ਪਾਸਿਆਂ ਤੋਂ ਪੱਥਰਬਾਜ਼ੀ ਹੋਈ। ਉਸ ਤੋਂ ਬਾਅਦ ਪੁਲਿਸ ਪ੍ਰਸ਼ਾਸਨ ਅਤੇ ਜ਼ਿਲ੍ਹੇ ਦਾ ਸਾਰਾ ਪ੍ਰਸ਼ਾਸਨਿਕ ਅਮਲਾ ਮੌਕੇ 'ਤੇ ਪਹੁੰਚ ਗਿਆ ਸੀ। ਪ੍ਰਸ਼ਾਸਨ ਦਾ ਕਹਿਣਾ ਸੀ ਕਿ ਸਾਰਾ ਮਾਮਲਾ ਕੰਟਰੋਲ ਵਿਚ ਹੈ। ਪਰ ਅਗਲੇ ਹੀ ਦਿਨ ਪੁਲਿਸ ਬਲ ਤੈਨਾਤ ਹੋਣ ਤੋਂ ਬਾਅਦ ਵੀ ਰਾਜਪੂਤ ਭਾਈਚਾਰੇ ਦੇ ਲੋਕਾਂ ਨੇ ਇਕ ਨੌਜਵਾਨ ਨਾਲ ਮਾਰਕੁੱਟ ਕੀਤੀ ਅਤੇ ਤਦ ਤੋਂ ਪਿੰਡ ਵਿਚ ਦੁਬਾਰਾ ਡਰ ਦਾ ਮਾਹੌਲ ਬਣ ਗਿਆ।

ਅਨੁਸੂਚਿਤ ਜਾਤੀ ਦੇ ਲੋਕਾਂ ਦਾ ਕਹਿਣਾ ਸੀ ਕਿ ਉਨ੍ਹਾਂ 'ਤੇ ਰਾਤ ਨੂੰ ਹਮਲਾ ਹੋਣ ਦਾ ਸ਼ੱਕ ਹੈ ਤਾਂ ਕਿਸੇ ਵੱਡੀ ਘਟਨਾ ਦੇ ਡਰ ਤੋਂ ਉਨ੍ਹਾਂ ਨੇ ਪਿੰਡ ਤੋਂ ਹਿਜਰਤ ਕਰਨ ਦਾ ਨਿਰਣਾ ਲਿਆ ਹੈ। ਹੁਣ ਉਹ ਲੋਕ ਕਰਨਾਲ ਦੇ ਡਿਪਟੀ ਕਮਿਸ਼ਨਰ ਦੇ ਸਾਹਮਣੇ ਡੇਰਾ ਲਾਈ ਬੈਠੇ ਹਨ। ਉਥੇ ਦੇ ਲੋਕਾਂ ਨੇ ਮੀਡੀਆ ਨਾਲ ਆਪਣੇ ਅਨੁਭਵ ਸਾਂਝੇ ਕੀਤੇ ਅਤੇ ਉਹਨਾਂ ਦਾ ਕਹਿਣਾ ਹੈ ਕਿ ਡਰ ਦੇ ਮਾਹੌਲ ਵਿਚ ਜੀਣਾ ਬੇਹੱਦ ਅਪਮਾਨਜਨਕ ਹੈ। ਉਹ ਲੋਕ ਆਪਣੀਆਂ ਮੰਗਾਂ ਨੂੰ ਲੈ ਕੇ ਡਟੇ ਹੋਏ ਹਨ। ਪ੍ਰਸ਼ਾਸਨ ਨਾਲ ਉਹਨਾਂ ਦੀਆਂ ਮੰਗਾਂ ਦੀ ਹਾਲੇ ਤੱਕ ਸਹਿਮਤੀ ਨਹੀਂ ਬਣੀ ਹੈ। ਵੱਖ-ਵੱਖ ਸਮਾਜਿਕ ਸੰਗਠਨਾਂ ਨੇ ਇਸ ਕਾਂਡ ਦੀ ਘੋਰ ਨਿੰਦਾ ਕੀਤੀ ਹੈ ਅਤੇ ਇਸ ਤਰ੍ਹਾਂ ਦੀ ਜਾਤੀਵਾਦੀ ਮਾਨਸਿਕਤਾ ਨੂੰ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਖਤਰਨਾਕ ਦੱਸਿਆ। ਹਿਜਰਤ ਕਰਨ ਦੀ ਘਟਨਾ ਨੂੰ ਲੋਕਾਂ ਨੇ ਦੁਖਦ ਅਤੇ ਸ਼ਰਮਦਾਇਕ ਦੱਸਿਆ। ਸਕੂਲਾਂ, ਕਾਲਜਾਂ ਦੀਆਂ ਪ੍ਰੀਖਿਆਵਾਂ ਦੇ ਮੱਦੇਨਜ਼ਰ ਪੀੜਤ ਪਿੰਡ ਤੋਂ ਆਏ ਵਿਦਿਆਰਥੀਆਂ ਦੀਆਂ ਪ੍ਰੀਖਿਆਵਾਂ ਦਾ ਕੀ ਹੋਵੇਗਾ। ਇਸ ਲਈ ਵੀ ਪ੍ਰਸ਼ਾਸਨ ਕੋਲ ਗੁਹਾਰ ਲਗਾਈ ਗਈ ਹੈ ਕਿ ਇਸਦੀ ਵਿਵਸਥਾ ਕੀਤੀ ਜਾਵੇ। ਸਵੇਰ ਤੋਂ ਭੁੱਖੇ ਪਿਆਸੇ ਬੈਠੇ ਪੀੜਤ ਪਿੰਡ ਵਾਸੀਆਂ ਲਈ ਕਰਨਾਲ ਦੇ ਗੁਰਦੁਆਰਾ ਸਾਹਿਬ ਵੱਲੋਂ ਲੰਗਰ ਦਾ ਇੰਤਜ਼ਾਮ ਕੀਤਾ ਗਿਆ।



ਰਾਤ ਨੂੰ ਸੜਕ 'ਤੇ ਬੈਠੇ ਲੋਕਾਂ, ਔਰਤਾਂ, ਬੱਚਿਆਂ ਲਈ ਭੀਮ ਸੈਨਿਕ ਪੈਸੇ ਇਕੱਠੇ ਕਰਕੇ ਟੈਂਟ ਆਦਿ ਦੀ ਵਿਵਸਥਾ ਕਰ ਰਹੇ ਹਨ। 21ਵੀਂ ਸਦੀ ਵਿਚ ਇਸ ਤਰ੍ਹਾਂ ਦੀਆਂ ਘਟਨਾਵਾਂ ਹੋਣਾ ਪਿੰਡਾਂ ਅਤੇ ਹਰਿਆਣਾ ਦੀ ਤਸਵੀਰ ਨੂੰ ਬੇਨਕਾਬ ਕਰਦੀਆਂ ਹਨ, ਦੀ ਇਕ ਪਾਸੇ ਡਿਜ਼ੀਟਲ ਇੰਡੀਆ, ਟਰਾਂਸਫਾਰਮਿੰਗ ਹਰਿਆਣਾ, ਹਰਿਆਣਾ ਇਕ ਹਰਿਆਣਵੀ ਇਕ ਆਦਿ ਦੇ ਨਾਅਰੇ ਦੇ ਕੇ ਸਰਕਾਰ ਗੱਲ ਕਰਦੀ ਹੈ। ਸ਼ਰੇਆਮ ਸੰਵਿਧਾਨਕ ਅਧਿਕਾਰਾਂ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ। ਇਹ ਘਟਨਾ ਕੋਈ ਨਵੀਂ ਜਾਂ ਪਹਿਲੀ ਨਹੀਂ ਹੈ, ਇਸ ਤਰ੍ਹਾਂ ਦੇ ਕਾਂਡ ਹਰਿਆਣਾ ਵਿਚ ਹਰ ਦੂਜੇ-ਤੀਜੇ ਦਿਨ ਹੁੰਦੇ ਰਹਿੰਦੇ ਹਨ। ਕਦੋਂ ਤੱਕ ਦਲਿਤ ਵਿਅਕਤੀ ਬੁਨਿਆਦੀ ਹੱਕਾਂ ਲਈ ਲੜਨਗੇ, ਕਦੋਂ ਤੱਕ ਹਿਜਰਤ ਦੀਆਂ ਘਟਨਾਵਾਂ ਹੁੰਦੀਆਂ ਰਹਿਣਗੀਆਂ, ਕਦੋਂ ਤੱਕ ਧਰਨੇ ਪ੍ਰਦਰਸ਼ਨ ਹੁੰਦੇ ਰਹਿਣਗੇ।

ਦੇਸ਼ ਦੁਆਬਾ

# ਪੰਜ ਸੂਬਿਆਂ ਦੀਆਂ ਚੋਣਾਂ ਦੇ ਸਬਕ

ਭਾਰਤ ਦੇ ਪੰਜ ਸੂਬਿਆਂ ਵਿਚ ਹਾਲ ਹੀ ਵਿਚ ਹੋਈਆਂ ਚੋਣਾਂ ਦੇ ਨਤੀਜੇ ਹੈਰਾਨੀਜਨਕ ਵੀ ਹਨ ਅਤੇ ਪ੍ਰੇਸ਼ਾਨ ਕਰਨ ਵਾਲੇ ਵੀ ਹਨ। ਆਸ ਅਤੇ ਉਮੀਦਾਂ ਤੋਂ ਬਿਲਕੁਲ ਉਲਟ ਆਏ ਇਹਨਾਂ ਨਤੀਜਿਆਂ ਉਤੇ ਹਰੇਕ ਨੂੰ ਯਕੀਨ ਨਹੀਂ ਹੋ ਰਿਹਾ। ਸੱਤਾ ਵਿਚ ਆਈਆਂ ਧਿਰਾਂ ਨੂੰ ਖੁਦ ਵਿਸ਼ਵਾਸ ਨਹੀਂ ਸੀ ਕਿ ਅਜਿਹੇ ਨਤੀਜੇ ਆਉਣਗੇ। ਸੱਤਾ ਤੋਂ ਵਾਂਝੀਆਂ ਰਹਿ ਗਈਆਂ ਧਿਰਾਂ ਨੂੰ ਵੀ ਇਹ ਯਕੀਨ ਨਹੀਂ ਸੀ ਕਿ ਉਹ ਇੰਨੀ ਨਿਰਾਸ਼ਾਜਨਕ ਹਾਰ ਦਾ ਸਾਹਮਣਾ ਕਰਨਗੀਆਂ। ਇਹਨਾਂ ਚੋਣ ਨਤੀਜਿਆਂ ਵਿਚੋਂ ਸਭ ਤੋਂ ਜ਼ਿਆਦਾ ਹੈਰਾਨੀਜਨਕ ਨਤੀਜੇ ਪੰਜਾਬ ਅਤੇ ਉਤਰ ਪ੍ਰਦੇਸ਼ ਵਿਚ ਆਏ ਹਨ, ਜਿੱਥੇ ਪੰਜਾਬ ਵਿਚ ਕਾਂਗਰਸ ਨੂੰ ਭਰਪੂਰ ਸਮਰਥਨ ਅਤੇ ਯੂ. ਪੀ. ਵਿਚ ਭਾਜਪਾ ਨੂੰ ਭਰਪੂਰ ਸਮਰਥਨ ਮਿਲਿਆ ਹੈ। ਭਾਰਤ ਦੀ ਕੌਮੀ ਸਿਆਸਤ ਪੱਖੋਂ ਪੰਜਾਬ ਤਾਂ ਇੰਨਾ ਜ਼ਿਆਦਾ ਅਹਿਮ ਨਹੀਂ ਪਰ ਉਤਰ ਪ੍ਰਦੇਸ਼ ਕੌਮੀ ਸਿਆਸਤ ਦੀ ਦਿਸ਼ਾ ਤਹਿ ਕਰਨ ਵਾਲਾ ਸੂਬਾ ਮੰਨਿਆ ਜਾਂਦਾ ਹੈ।

ਉਤਰ ਪ੍ਰਦੇਸ਼ ਵਿਚ ਪਹਿਲਾਂ ਸੱਤਾਧਾਰੀ ਸਮਾਜਵਾਦੀ ਪਾਰਟੀ ਵਿਚਕਾਰ ਅੰਦਰੂਨੀ ਕਲੇਸ਼ ਇਸ ਹੱਦ ਤੱਕ ਵੱਧ ਗਿਆ ਸੀ ਕਿ ਇਸ ਪਾਰਟੀ ਦਾ ਚੋਣਾਂ ਵਿਚ ਉਤਰਨਾ ਹੀ ਸ਼ੰਕਿਆਂ ਨਾਲ ਘਿਰ ਗਿਆ ਸੀ ਪਰ ਜਦੋਂ ਇਸ ਪਾਰਟੀ ਦਾ ਕਾਂਗਰਸ ਨਾਲ ਗੱਠਜੋੜ ਹੋਇਆ ਤਾਂ ਕੁਝ ਹੁਲਾਰਾ ਮਿਲਿਆ ਪਰ ਇਹ ਵੀ ਕੋਈ ਕੰਮ ਨਾ ਆਇਆ। ਇਸ ਸੂਬੇ ਵਿਚ ਚੋਣਾਂ ਤੋਂ ਪਹਿਲਾਂ ਬਸਪਾ ਕਾਫੀ ਅੱਗੇ ਦੱਸੀ ਜਾ ਰਹੀ ਸੀ। ਬਸਪਾ ਦੀਆਂ ਰੈਲੀਆਂ ਵਿਚ ਰਿਕਾਰਡਤੋੜ ਇਕੱਠ ਹੋ ਰਿਹਾ ਸੀ। ਸਥਾਨਕ ਸੰਸਥਾਵਾਂ ਦੀਆਂ ਚੋਣਾਂ ਵੀ ਇਹ ਪਾਰਟੀ ਜਿੱਤ ਗਈ ਸੀ ਪਰ ਵਿਧਾਨ ਸਭਾ ਚੋਣਾਂ ਦੇ ਨਤੀਜੇ ਇਸ ਪਾਰਟੀ ਲਈ ਆਸ ਤੋਂ ਉਲਟ ਨਿਰਾਸ਼ਾਜਨਕ ਆਏ ਹਨ। ਇਸ ਨੂੰ ਬਸਪਾ ਪ੍ਰਧਾਨ ਕੁਮਾਰੀ ਮਾਇਆਵਤੀ ਇਸ ਲਈ ਈ. ਵੀ. ਐਮ. ਮਸ਼ੀਨਾਂ ਵਿਚ ਗੜਬੜੀ ਕਰਾਉਣਾ ਮੰਨ ਰਹੇ ਹਨ। ਜੇਕਰ ਉਹਨਾਂ ਨੇ ਇਹ ਸ਼ੰਕਾ ਖੜ੍ਹਾ ਕੀਤਾ ਹੈ ਤਾਂ ਇਸ ਦੀ ਜਾਂਚ ਹੋਣੀ ਚਾਹੀਦੀ ਹੈ ਕਿਉਂਕਿ ਇਹ ਮਸਲਾ ਭਾਰਤ ਦੇ ਲੋਕਰਾਜ ਦੇ ਭਵਿੱਖ ਨਾਲ ਜੁੜਿਆ ਹੈ। ਇਸ ਤੋਂ ਪਹਿਲਾਂ 2002 ਦੀਆਂ ਚੋਣਾਂ ਵਿਚ ਖੁਦ ਭਾਰਤੀ ਜਨਤਾ ਪਾਰਟੀ ਵੀ ਈ. ਵੀ. ਐਮ. ਮਸ਼ੀਨਾਂ ਵਿਚ ਗੜਬੜੀ ਦੇ ਦੋਸ਼ ਲਗਾ ਚੁੱਕੀ ਹੈ। ਹਾਲਾਂਕਿ ਸੁਪਰੀਮ ਕੋਰਟ ਦੀ ਸਮੀਖਿਆ ਵਿਚ ਇਹ ਗੜਬੜੀ ਸਾਬਤ ਨਹੀਂ ਹੋ ਸਕੀ ਸੀ।

ਮਨੀਪੁਰ ਅਤੇ ਗੋਆ ਵਿਚ ਭਾਰਤੀ ਜਨਤਾ ਪਾਰਟੀ ਦੁਜੇ ਨੰਬਰ ਦੀ ਪਾਰਟੀ ਬਣੀ ਹੈ ਪਰ ਸੱਤਾ ਦੀ ਪ੍ਰਬੱਲ ਦਾਅਵੇਦਾਰੀ ਜੋੜ-ਤੋੜ ਨਾਲ ਪੇਸ਼ ਕਰ ਰਹੀ ਹੈ। ਗੋਆ ਵਿਚ ਤਾਂ ਭਾਜਪਾ ਨੇ ਆਪਣਾ ਮੁੱਖ ਮੰਤਰੀ ਬਣਾ ਵੀ ਲਿਆ ਪਰ ਮਨੀਪੁਰ ਵਿਚ ਦੁਚਿੱਤੀ ਦਾ ਮਾਹੌਲ ਹਾਲੇ ਜਾਰੀ ਹੈ। ਪੰਜਾਬ ਵਿਚ ਕਾਂਗਰਸ ਨਾਲੋਂ ਕੈਪਟਨ ਅਮਰਿੰਦਰ ਸਿੰਘ ਦੀ ਜਿੱਤ ਮੰਨੀ ਜਾ ਰਹੀ ਹੈ ਕਿਉਂਕਿ ਕਾਂਗਰਸ ਦੀ ਪੂਰੇ ਭਾਰਤ ਵਿਚ ਕਿਤੇ ਹੋਰ ਅਜਿਹੀ ਲਹਿਰ ਨਜ਼ਰ ਨਹੀਂ ਆਈ। ਪੰਜਾਬ ਵਿਚ ਇਹ ਵੀ ਸ਼ੰਕੇ ਪ੍ਰਗਟ ਕੀਤੇ ਜਾ ਰਹੇ ਹਨ ਕਿ ਇਹ ਕੈਪਟਨ ਅਤੇ ਬਾਦਲ ਦੀ ਸਿਆਸੀ ਤਿਕੜਮਬਾਜ਼ੀ ਦਾ ਵੀ ਨਤੀਜਾ ਹੈ ਤਾਂ ਜੋ ਨਵੀਂ ਪਾਰਟੀ ਆਮ ਆਦਮੀ ਪਾਰਟੀ ਨੂੰ ਸੱਤਾ ਦੀਆਂ ਬਰੂਹਾਂ ਤੋਂ ਦੂਰ ਰੱਖਿਆ ਜਾ ਸਕੇ। ਸਿਆਸਤ ਆਪਣਾ ਕੰਮ ਕਰਦੀ ਹੈ ਅਤੇ ਲੋਕ ਆਪਣਾ ਕੰਮ ਕਰਦੇ ਹਨ। ਇਸ ਕਰਕੇ ਜੋ ਫਤਵਾ ਜਿਸ ਵੀ ਪਾਰਟੀ ਨੂੰ ਮਿਲਿਆ ਹੈ, ਉਸ ਮੁਤਾਬਕ ਹੁਣ ਆਪਣੇ ਲੋਕਾਂ ਦਾ ਭਲਾ ਕਰਨਾ ਹੀ ਲੋਕਰਾਜ ਦਾ ਪ੍ਰਮੁੱਖ ਪਹਿਲੂ ਹੈ। ਆਸ ਹੈ ਕਿ ਭਾਰਤ ਦੇ ਲੋਕਰਾਜੀ ਭਵਿੱਖ ਦੇ ਲਈ ਸਾਰੀਆਂ ਪਾਰਟੀਆਂ ਮਿਲ ਕੇ ਕੰਮ ਕਰਨਗੀਆਂ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-25

## ਗੁਰਬਾਣੀ ਦੇ ਚਾਨਣ ਵਿੱਚ ਬੇਗਮਪੁਰਾ ਸ਼ਹਿਰ ਦੀ ਵਿਆਖਿਆ



ਅਵਤਾਰ ਸਿੰਘ ਮਿਸ਼ਨਰੀ
510-432-5827

ਵਕਤੀ ਧਰਮ ਦੇ ਠੇਕੇਦਾਰਾਂ ਅਤੇ ਹੰਕਾਰੀਆਂ ਅਮੀਰ ਅਤੇ ਉੱਚ ਜਾਤੀਆਂ ਨੇ ਬਾਬਾ ਰਵਿਦਾਸ ਜੀ ਨੂੰ ਸਵਾਲ ਕੀਤੇ ਕਿ ਤੁਹਾਡਾ ਅਸਲੀ ਸ਼ਹਿਰ ਕਿਹੜਾ ਅਤੇ ਕਿਹੋ ਜਿਹਾ ਹੈ? ਓਥੇ ਕੀ ਕਾਨੂੰਨ ਅਤੇ ਕਿਹੋ ਜਿਹੇ ਲੋਕ ਵਸਦੇ ਅਤੇ ਤੁਹਾਡੇ ਮਿੱਤ੍ਰ ਕੌਣ ਹਨ? ਤਾਂ ਐਸੀ ਮਾਨਸਿਕਤਾ ਰੱਖਣ ਵਾਲੇ ਲੋਕਾਂ ਨੂੰ ਜਿਹੜੀ ਬੇਬਾਕੀ ਅਤੇ ਬੇਗਮਤਾ ਨਾਲ ਸ਼੍ਰੋਮਣੀ ਭਗਤ ਬਾਬਾ ਰਵਿਦਾਸ ਜੀ ਨੇ ਬੇਝਕ, ਨਿਡਰ ਅਤੇ ਬੇਖੌਫਤਾ ਨਾਲ ਜਵਾਬ ਦਿੰਦੇ, ਦਬਲੀ ਕੁਚਲੀ ਜਨਤਾ ਨੂੰ ਹਲੂਣ ਕੇ ਜਗਾਇਆ, ਦਾ ਵਰਨਣ ਇਸ ਕ੍ਰਾਂਤੀਕਾਰੀ ਸ਼ਬਦ ਵਿੱਚ ਇਉਂ ਕੀਤਾ ਗਿਆ ਹੈ-ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥ ਨਾਂ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥੧॥ ਅਬ ਮੋਹਿ ਖੂਬ ਵਤਨ ਗਹ ਪਾਈ॥ ਊਹਾਂ ਖੈਰਿ ਸਦਾ ਮੇਰੇ ਭਾਈ॥੧॥ਰਹਾਉ॥ ਕਾਇਮੁ ਦਾਇਮੁ ਸਦਾ ਪਾਤਿਸਾਹੀ॥ ਦੋਮ ਨ ਸੇਮ, ਏਕ ਸੋ ਆਹੀ॥ ਆਬਾਦਾਨੁ ਸਦਾ ਮਸਹੂਰ॥ ਊਹਾਂ ਗਨੀ ਬਸਹਿ ਮਾਮੂਰ॥੨॥ ਤਿਉ ਤਿਉ ਸੈਲ ਕਰਹਿ ਜਿਉ ਭਾਵੈ॥ ਮਹਰਮ ਮਹਲ ਨ ਕੋ ਅਟਕਾਵੈ॥ ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸਹਰੀ ਸੁ ਮੀਤੁ ਹਮਾਰਾ॥੩॥੨॥ (੩੪੫)

ਇਹ ਪਾਵਨ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ੩੪੫ ਅੰਗ 'ਤੇ ਅੰਕਿਤ ਹੈ। ਇਸ ਸ਼ਬਦ ਦੀ ਵਿਚਾਰ ਤੋਂ ਪਹਿਲਾਂ ਪਦ ਅਰਥ ਹਨ-ਬੇਗਮ=ਜਿੱਥੇ ਕੋਈ ਗ਼ਮ ਨਹੀਂ। ਪੁਰਾ-ਸ਼ਹਿਰ। ਕੋ=ਦਾ। ਅੰਦੋਹੁ=ਚਿੰਤਾ। ਤਿਹਿ ਠਾਉ=ਉਸ ਥਾਂ ਤੇ, ਉਸ ਆਤਮਕ ਅਵਸਥਾ ਵਿੱਚ। ਤਸਵੀਸ=ਸੋਚ, ਘਬਰਾਹਟ। ਖਿਰਾਜ=ਕਰ, ਮਸੂਲ, ਟੈਕਸ। ਖਤਾ=ਦੋਸ਼, ਪਾਪ। ਤਰਸੁ=ਡਰ। ਜਵਾਲ=ਘਾਟਾ। ਮੋਹਿ=ਮੈਂ। ਵਤਨ ਗਹ=ਵਤਨ ਵਿੱਚ ਰਹਿਣ ਦੀ ਥਾਂ। ਖੈਰਿ=ਖ਼ੈਰੀਅਤ, ਸੁਖ। ਕਾਇਮੁ=ਥਿਰ ਰਹਿਣ ਵਾਲੀ। ਦਾਇਮੁ=ਸਦਾ। ਦੋਮ ਸੇਮ=ਦੂਜਾ ਤੀਜਾ ਦਰਜਾ। ਏਕ ਸੋ=ਇਕੋ ਜੈਸੇ। ਆਹੀ=ਹਨ। ਆਬਾਦਾਨੁ=ਆਬਾਦ, ਵੱਸਦਾ। ਗਨੀ=ਧਨੀ, ਧਨਾਢ। ਮਾਮੂਰ=ਰੱਜੇ ਹੋਏ। ਸੈਲ ਕਰਹਿ=ਮਨ-ਮਰਜ਼ੀ ਨਾਲ ਤੁਰਦੇ ਫਿਰਦੇ ਹਨ। ਮਹਰਮ ਮਹਲ=ਮਹਿਲ ਦੇ ਵਾਕਿਫ਼। ਕੋ ਨ ਅਟਕਾਵੈ= ਕੋਈ ਰੋਕਦਾ ਨਹੀਂ। ਕਹਿ=ਆਖਦਾ ਹੈ। ਖਲਾਸ=ਮੁਕਤ, ਅਜ਼ਾਦ-ਜਿਸ ਨੇ ਦੁੱਖ-ਅੰਦੋਹ ਤਸ਼ਵੀਸ਼ ਆਦਿਕ ਤੋਂ ਖ਼ਲਾਸੀ ਪਾਈ ਹੈ। ਹਮ ਸਹਰੀ=ਇੱਕੋ ਸ਼ਹਿਰ ਦੇਵੱਸਣ ਵਾਲਾ, ਹਮ-ਵਤਨ, ਸਤਸੰਗੀ।

ਨੋਟ-ਇਸ ਸ਼ਬਦ ਵਿੱਚ ਵੱਖ ਵੱਖ ਧਰਮ ਆਗੂਆਂ ਦੇ ਮਿਥੇ ਹੋਏ ਸੁਰਗ-ਭਿਸ਼ਤ ਦੇ ਮੁਕਾਬਲੇ 'ਤੇ ਇਸ ਦੀ ਅਸਲੀ ਤਸਵੀਰ ਪੇਸ਼ ਕੀਤੀ ਹੈ। ਸੁਰਗ-ਭਿਸ਼ਤ ਦੇ ਤਾਂ ਸਿਰਫ਼ ਝੂਠੇ ਲਾਰੇ ਹੀ ਹਨ, ਮਨੁੱਖ ਸਿਰਫ਼ ਆਸਾਂ ਹੀ ਕਰ ਸਕਦਾ ਹੈ ਕਿ ਮਰਨ ਪਿਛੋਂ ਮਿਲੇਗਾ, ਜੀਵਨ ਦੇ ਸਹੀ ਰਾਹ ਤੇ ਤੁਰਦਾ ਮਨੁੱਖ, ਉਸ ਨੂੰ ਇਸ ਜ਼ਿੰਦਗੀ ਵਿੱਚ ਹੀ ਅਨੁਭਵ ਕਰ ਸਕਦਾ ਹੈ।

ਹੁਣ ਅੱਗੇ ਵਿਸਥਾਰ ਨਾਲ ਇਸ ਸ਼ਬਦ ਦਾ ਭਾਵ ਹੈ ਕਿ ਹੇ ਮੇਰੇ ਭਾਈ! ਹੁਣ ਮੈਂ ਵੱਸਣ ਲਈ ਸੋਹਣੀ ਥਾਂ ਲੱਭ ਲਈ ਅਤੇ ਉੱਥੇ ਸਦਾ ਸੁਖ ਹੀ ਸੁਖ ਹੈ। ਜਿਸ ਆਤਮਕ ਅਵਸਥਾ-ਰੂਪ ਸ਼ਹਿਰ ਵਿਚ ਮੈਂ ਵੱਸਦਾ ਹਾਂ, ਉਸ ਸ਼ਹਿਰ ਦਾ ਨਾਮ ਹੈ ਬੇਗ਼ਮਪੁਰਾ ਭਾਵ ਉਸ ਅਵਸਥਾ ਵਿੱਚ ਕੋਈ ਗ਼ਮ ਨਹੀਂ। ਉਸ ਥਾਂ ਨਾਂ ਕੋਈ ਦੁੱਖ, ਚਿੰਤਾ ਅਤੇ ਨਾਂ ਕੋਈ ਘਬਰਾਹਟ ਹੈ। ਉੱਥੇ ਦੁਨੀਆਵੀ ਜਾਇਦਾਦ ਨਹੀਂ ਅਤੇ ਨਾਂ ਹੀ ਉਸ ਜਾਇਦਾਦ ਨੂੰ ਮਸੂਲ ਲਗਦਾ ਹੈ। ਉਸ ਅਵਸਥਾ ਵਿੱਚ ਕਿਸੇ ਪਾਪ ਕਰਮ ਕਰਨ ਦਾ ਕੋਈ ਖ਼ਤਰਾ, ਡਰ ਅਤੇ ਗਿਰਾਵਟ ਨਹੀਂ। ਉਹ ਅਵੱਸਥਾ ਇੱਕ ਐਸੀ ਪਾਤਸ਼ਾਹੀ ਹੈ ਜੋ ਸਦਾ ਬਹਾਰ ਅਤੇ ਓਥੇ ਕੋਈ ਦੂਜ ਤੀਜ ਨਹੀਂ ਸਗੋਂ ਸਭ ਬਰਾਬਰ ਹਨ। ਉਹ ਸ਼ਹਿਰ ਸਦਾ ਉੱਘਾ, ਘੁੱਗ ਵੱਸਦਾ, ਓਥੇ ਧਨੀ ਅਤੇ ਰੱਜੇ ਹੋਏ ਬੰਦੇ ਵੱਸਦੇ ਹਨ। ਉਸ ਉੱਚ ਦਰਜੇ 'ਤੇ ਜੋ ਜੋ ਪਹੁੰਚਦੇ ਹਨ ਉਹਨਾਂ ਦੇ ਅੰਦਰ ਕੋਈ ਵਿਤਕਰਾ ਨਹੀਂ ਅਤੇ ਉਨ੍ਹਾਂ ਨੂੰ ਦੁਨੀਆਂ ਦੀ ਭੁੱਖ ਨਹੀਂ ਰਹਿੰਦੀ। ਉਸ ਆਤਮਕ ਸ਼ਹਿਰ ਦੇ ਵਾਸੀ ਉਸ ਅਵਸਥਾ ਵਿੱਚ ਅਨੰਦ ਨਾਲ ਵਿਚਰਦੇ ਹੋਏ, ਉਸ ਰੱਬੀ ਮਹਲ ਦੇ ਭੇਤੀ ਹੁੰਦੇ ਨੇ, ਇਸ ਕਰਕੇ ਕੋਈ ਉਨ੍ਹਾਂ ਦੇ ਰਾਹ ਵਿੱਚ ਰੋਕ ਨਹੀਂ ਪਾ ਸਕਦਾ। ਸ਼ਬਦ ਦੇ ਅਖੀਰ ਵਿੱਚ ਫੁਰਮਾਂਦੇ ਹਨ ਕਿ ਅਸਲੀ ਚਮਾਰ ਰਵਿਦਾਸ ਨੇ, ਦੁੱਖ-ਅੰਦੋਹ ਤਸ਼ਵੀਸ਼ ਆਦਿਕ ਤੋਂ ਖ਼ਲਾਸੀ ਪਾ ਲਈ ਅਤੇ ਸਾਡਾ ਮਿੱਤ੍ਰ ਉਹ ਹੈ ਜੋ ਇਸ ਅਵਸਥਾ ਧਾਰਨੀ ਹੈ।

ਨੋਟ-ਇਸ ਸ਼ਬਦ ਵਿੱਚ ਆਏ ਲਫਜ "ਜੋ ਹਮ ਸ਼ਹਿਰੀ ਸੋ ਮੀਤ ਹਮਾਰਾ" ਦਾ ਕਦਾਚਿਤ ਵੀ ਇਹ ਭਾਵ ਨਹੀਂ ਕਿ ਮੇਰੇ ਸ਼ਹਿਰ ਦਾ ਵਾਸੀ ਹੀ ਮੇਰਾ ਮਿੱਤ੍ਰ ਅਤੇ ਬਾਕੀ ਸ਼ਹਿਰਾਂ ਦੇ ਦੁਸ਼ਮਣ ਹਨ। "ਜੋ ਹਮ ਸ਼ਹਿਰੀ" ਤੋਂ ਭਾਵ ਜੋ ਉੱਚੀ-ਸੁੱਚੀ ਅਵੱਸਥਾ ਵਾਲੇ ਹਿਰਦੇ ਰੂਪੀ ਸ਼ਹਿਰ ਦਾ ਵਸਿੰਦਾ ਹੈ। ਇੱਥੇ ਕਿਸੇ ਦੁਨਿਆਵੀ ਰਾਜ ਦੀ ਗੱਲ ਨਹੀਂ ਜੋ ਹੱਦ ਬੰਦੀਆਂ ਵਿੱਚ ਘਿਰਿਆ ਹੁੰਦਾ ਹੈ। ਰੱਬੀ ਭਗਤ ਤਾਂ ਸਾਰੇ ਸੰਸਾਰ ਨੂੰ ਹੀ ਆਪਣਾ ਸ਼ਹਿਰ ਮੰਨਦੇ ਹਨ।

ਇਸੇ ਨੂੰ ਗੁਰੂ ਅਰਜਨ ਸਾਹਿਬ ਨੇ "ਸਭ ਸੁਖਾਲੀ ਵੁਠੀਆ ਇਹੁ ਹੋਆ

**(ਬਾਕੀ ਸਫਾ 20 ਤੇ)**

## ਭਾਰਤੀ ਪੋਸਟ ਕਾਰਡ ਦੇ 135 ਸਾਲਾਂ ਦੀ ਕਹਾਣੀ ਸ਼ੇਖ਼ ਇਫ਼ਤਿਖ਼ਾਰ ਹੁਸੈਨ ਦੀ ਜ਼ੁਬਾਨੀ



ਤਸਵਿੰਦਰ ਸਿੰਘ ਬੜੈਚ
91-98763-22677

ਲੋਕਾਂ ਵੱਲੋਂ ਵੱਖ-ਵੱਖ ਤਰ੍ਹਾਂ ਦੀਆਂ ਵਸਤੂਆਂ ਇਕੱਠੀਆਂ ਕਰਨ ਦੇ ਸ਼ੌਕ ਬਾਰੇ ਤੁਸੀਂ ਪੜ੍ਹਿਆ ਜਾਂ ਸੁਣਿਆ ਹੋਵੇਗਾ। ਪਰ ਮਲੇਰਕੋਟਲੇ ਦੇ ਰਹਿਣ ਵਾਲਾ ਸ਼ੇਖ਼ ਇਫ਼ਤਿਖ਼ਾਰ ਹੁ ਸੈਨ ਇੱਕ ਅਜਿਹਾ ਵਿਅਕਤੀ ਹੈ ਜਿਸ ਦਾ ਸ਼ੌਕ ਕੁੱਝ ਹੋਰਾਂ ਨਾਲੋਂ ਨਵੇਕਲਾ ਅਤੇ ਅਲੱਗ ਹੈ। ਸ਼ੇਖ਼ ਭਾਰਤ ਵਿਚ ਚੱਲਣ ਵਾਲੇ ਵੱਖ ਵੱਖ ਤਰ੍ਹਾਂ ਦੇ ਪੋਸਟ ਕਾਰਡ ਇਕੱਠੇ ਕਰ ਰਿਹਾ ਹੈ। ਉਸਦੇ ਇਸ ਸ਼ੌਕ ਬਾਰੇ ਗੱਲ ਕਰਨ ਤੇ ਉਸਨੇ ਦੱਸਿਆ ਕਿ ਭਾਰਤ ਵਿਚ ਸਭ ਤੋਂ ਪਹਿਲਾਂ ਸੰਨ 1879 ਈ. ਵਿਚ ਈਸਟ ਇੰਡੀਆ ਕੰਪਨੀ ਵੱਲੋਂ ਚਲਾਇਆ ਗਿਆ। ਇਹ ਪੋਸਟ ਕਾਰਡ ਅਕਾਰ ਵਿਚ ਛੋਟਾ ਹੈ ਇਸ ਉੱਤੇ ਮਹਾਰਾਣੀ ਵਿਕਟੋਰੀਆ ਦੀ ਫੋਟੋ ਛਪੀ ਹੈ ਅਤੇ ਉਸ ਸਮੇਂ ਇਸ ਦੀ ਕੀਮਤ ਇਕ ਪੈਸਾ ਰੱਖੀ ਗਈ ਸੀ। ਮਹਾਰਾਣੀ ਵਿਕਟੋਰੀਆ ਤੋਂ ਬਾਦ ਆਉਣ ਵਾਲੇ





ਸਾਰੇ ਹੀ ਅੰਗਰੇਜ਼ ਸ਼ਾਸ਼ਕਾਂ ਦੇ ਨਾਂ ਹੇਠ ਪੋਸਟ ਕਾਰਡ ਚੱਲੇ, ਜਿਹਨਾਂ ਵਿਚ ਐਡਵਰਡ ਸੱਤਵਾਂ, ਜਾਰਜ ਪੰਜਵਾਂ ਅਤੇ ਜਾਰਜ ਛੇਵਾਂ ਦੇ ਨਾਂ ਜ਼ੀਕਰ ਯੋਗ ਹਨ। ਐਡਵਰਡ ਸੱਤਵੇਂ ਦੇ ਸ਼ਾਸ਼ਕਾਲ ਵਿਚ ਪੋਸਟ ਕਾਰਡ ਦਾ ਆਕਾਰ ਵੱਡਾ ਕਰ ਦਿੱਤਾ ਗਿਆ। ਸਰਕਾਰੀ ਦਫ਼ਤਰਾਂ ਵਿਚ ਵਰਤੋਂ ਲਈ ਜਿਹੜੇ ਪੋਸਟ ਕਾਰਡ ਤਿਆਰ ਕੀਤੇ ਜਾਂਦੇ ਸਨ ਉਹਨਾਂ ਦੀ ਛਪਾਈ ਵੱਖਰੇ ਰੰਗ ਵਿਚ ਕੀਤੀ ਜਾਂਦੀ ਸੀ ਇਹ ਕਾਰਡ ਸਿਰਫ ਸਰਕਾਰੀ ਕੰਮ ਲਈ ਹੀ ਇਸਤੇਮਾਲ ਕੀਤੇ ਜਾਂਦੇ ਸਨ। ਸਮੇਂ ਦੇ ਨਾਲ ਪੋਸਟ ਕਾਰਡ ਦੀ ਕੀਮਤ ਵਿਚ ਵਾਧਾ ਵੀ ਹੁੰਦਾ ਰਿਹਾ। ਜਿਵੇਂ:- ਇਕ ਪੈਸਾ, 3 ਪਾਈ, ਅੱਧਾ ਆਨਾ, 9 ਪਾਈ, ਇਕ ਆਨਾ, ਸਵਾ ਆਨਾ, ਡੇਢ ਆਨਾ ਆਦਿ। ਅੰਗਰੇਜ਼ਾਂ ਦੇ ਭਾਰਤ ਉੱਤੇ ਸ਼ਾਸ਼ਨ ਕਾਲ ਸਮੇਂ ਉਹਨਾਂ ਵਲੋਂ ਭਾਰਤ ਦੀਆਂ ਵੱਖ ਵੱਖ ਦੇਸੀ ਰਿਆਸਤਾਂ ਦੇ ਰਾਜੇ, ਮਹਾਂਰਾਜਿਆਂ ਨੂੰ ਆਪਣੇ ਨਾਂ ਹੇਠ ਪੋਸਟ ਕਾਰਡ ਚਲਾਉਣ ਦੀ ਆਗਿਆ ਦਿੱਤੀ ਗਈ ਸੀ। ਇਹ ਆਗਿਆ ਦੋ ਤਰ੍ਹਾਂ ਦੀ ਸੀ। ਪਹਿਲੀ- ਕੁਝ ਵਿਸ਼ੇਸ਼ ਰਿਆਸਤਾਂ ਨੂੰ ਪੂਰਾ ਅਧਿਕਾਰ ਸੀ ਕਿ ਉਹ ਆਪਣੇ ਅਤੇ ਆਪਣੀ ਰਿਆਸਤ ਦੇ ਨਾਂ ਤੇ ਪੋਸਟ ਕਾਰਡ ਛਪਾ ਕੇ ਚਲਾ ਸਕਦੇ ਸਨ। ਕਾਰਡਾਂ ਦੇ ਨਾਲ ਨਾਲ ਡਾਕ ਟਿਕਟਾਂ ਛਾਪਣ ਤੇ ਚਲਾਉਣ ਦੀ ਆਗਿਆ ਵੀ ਕੁਝ ਰਿਆਸਤਾਂ ਦੇ ਰਾਜਿਆਂ ਨੂੰ ਦਿੱਤੀ ਗਈ ਸੀ। ਦੂਜੀਆਂ ਕੁਝ ਰਿਆਸਤਾਂ ਨੂੰ ਇਹ ਅਧਿਕਾਰ ਅੱਧੇ ਸਨ। ਉਹਨਾਂ ਲਈ ਇਹ ਹੁਕਮ ਸੀ ਕਿ ਉਹ ਅੰਗਰੇਜ਼ਾਂ ਵਲੋਂ ਚਲਾਏ ਗਏ ਪੋਸਟ ਕਾਰਡ ਉੱਤੇ ਹੀ ਓਵਰ ਪ੍ਰਿੰਟ ਕਰਵਾ ਕੇ ਆਪਣੀ ਰਿਆਸਤ ਦਾ ਨਾਂ ਤੇ ਲੋਗੋ ਛਪਾ ਕੇ ਚਲਾ ਸਕਦੇ ਸਨ। ਜੇਕਰ ਵਾਧੂ ਡਾਕ ਟਿਕਟਾਂ ਲਗਾਉਣ ਦੀ ਲੋੜ ਪਏ ਤਾਂ ਉਹ ਅੰਗਰੇਜ਼ਾਂ ਵੱਲੋਂ ਚਲਾਈਆਂ ਡਾਕ ਟਿਕਟਾਂ ਉੱਤੇ ਹੀ ਆਪਣੀਰਿਆਸਤ ਦਾ ਨਾਂ ਓਵਰ ਪ੍ਰਿੰਟ ਕਰਵਾ ਸਕਦੇ ਸਨ। ਉਹਨਾਂ ਰਿਆਸਤਾਂ ਦੇ ਨਾਂ ਜਿਹਨਾਂ ਨੂੰ ਪੂਰੇ ਅਧਿਕਾਰ ਪ੍ਰਾਪਤ ਸਨ ਉਹਨਾਂ ਵਿਚੋਂ ਕੁਝ ਇਸ ਤਰ੍ਹਾਂ ਹਨ:- ਹੈਦਰਾਬਾਦ, ਟਰੈਵਨਕੋਰ-ਕੋਚੀਨ, ਜੂਨਾਗੜ੍ਹ, ਇੰਦੌਰ, ਜੈਪੁਰ, ਬਹਾਵਲ ਪੁਰ ਆਦਿ। ਉਹ ਰਿਆਸਤਾਂ ਜਿਹਨਾਂ ਨੂੰ ਅੱਧੇ ਅਧਿਕਾਰ ਪ੍ਰਾਪਤ ਸਨ ਉਹਨਾਂ ਵਿਚੋਂ ਕੁਝ ਨਾਂ ਹਨ:- ਪਟਿਆਲਾ, ਜੀਂਦ, ਨਾਭਾ, ਫ਼ਰੀਦਕੋਟ, ਚੰਬਾ, ਗਵਾਲੀਅਰ ਆਦਿ। ਅੰਗਰੇਜ਼ ਸ਼ਾਸ਼ਕਾਂ ਤੇ ਇਹਨਾਂ ਰਿਆਸਤਾਂ ਦੇ ਪੋਸਟ ਕਾਰਡ ਭਾਰਤ ਦੇ ਆਜ਼ਾਦ ਹੋਣ ਤੱਕ ਸੰਨ 1947 ਈ. ਤੱਕ ਚਲਦੇ ਰਹੇ। ਆਜ਼ਾਦੀ ਤੋਂ ਬਾਦ ਆਜ਼ਾਦ ਭਾਰਤ ਦੇ ਪਹਿਲੇ ਪੋਸਟ ਕਾਰਡ ਉੱਤੇ ਚਾਰ ਸ਼ੇਰਾਂ ਵਾਲੇ ਅਸ਼ੋਕ ਚਿਨ੍ਹ ਦੀ ਫੋਟੋ ਛਾਪੀ ਗਈ ਅਤੇ ਇਸ ਦੀ ਕੀਮਤ 3 ਪਾਈ ਅਰਥਾਤ ਇਕ ਪੈਸਾ ਰੱਖੀ ਗਈ। ਸੰਨ 1957 ਈ. ਤੱਕ ਦੇ ਪੋਸਟ ਕਾਰਡਾਂ ਉੱਤੇ ਕੀਮਤ ਪਾਈਆਂ ਅਤੇ ਆਨਿਆਂ ਵਿਚ ਹੀ ਛਪਦੀ ਰਹੀ। ਇਸਤੋਂ ਮਗਰੋਂ ਕੀਮਤ ਨਵੇਂ ਪੈਸੇਆਂ ਵਿਚ ਛਾਪੀ ਜਾਣ ਲੱਗ ਪਈ ਜਿਵੇਂ:- ਦਸ ਨਵੇਂ ਪੈਸੇ, 15 ਨਵੇਂ ਪੈਸੇ, 25 ਪੈਸੇ, 30 ਪੈਸੇ ਅਤੇ 50 ਪੈਸੇ। ਭਾਰਤ ਸਰਕਾਰ ਵੱਲੋਂ ਸੰਨ 1969 ਈ. ਵਿਚ ਮਹਾਤਮਾ ਗਾਂਧੀ ਦੇ ਜਨਮ ਦੇ ਸੌ ਸਾਲ ਪੂਰੇ ਹੋਣ ਤੇ ਮਹਾਤਮਾ ਗਾਂਧੀ ਦੀਆਂ ਫੋਟੋਆਂ ਵਾਲੇ ਵੱਖ-ਵੱਖ ਤਰ੍ਹਾਂ ਦੇ ਪੋਸਟ ਕਾਰਡਾਂ ਦੇ ਤਿੰਨ ਸੈਟ ਵੀ ਜਾਰੀ ਕੀਤੇ ਗਏ। ਸੰਨ 1979 ਈ. ਵਿਚ ਭਾਰਤੀ ਪੋਸਟ ਕਾਰਡ ਨੂੰ ਚਲਦਿਆਂ ਸੌ ਸਾਲ ਹੋ ਗਏ ਸਨ।

ਇਸ ਸੌ ਵੀ ਵਰ੍ਹੇ ਗੰਢ ਨੂੰ ਮਨਾਉਦਿਆਂ ਭਾਰਤੀ ਪੋਸਟ ਵਿਭਾਗ ਨੇ 15 ਪੈਸੇ ਕੀਮਤ ਦਾ ਇਕ ਸ਼ਪੈਸ਼ਲ ਪੋਸਟ ਕਾਰਡ ਜਾਰੀ ਕੀਤਾ। ਇਸ ਸ਼ਪੈਸ਼ਲ ਕਾਰਡ ਤੇ ਹਾਥੀ ਦੀ ਫੋਟੋ ਛਾਪੀ ਗਈ। ਇਸ ਅਵਸਰ ਤੇ ਇਕ ਸ਼ਪੈਸ਼ਲ ਡਾਕ ਟਿਕਟ ਵੀ ਜ਼ਾਰੀ ਕੀਤੀ ਗਈ। ਇਸ ਟਿਕਟ ਉੱਤੇ 1879 ਈ. ਵਿਚ ਭਾਰਤ ਦੇ ਚੱਲੇ ਪਹਿਲੇ ਪੋਸਟ ਕਾਰਡ ਮਹਾਰਾਣੀ ਵਿਕਟੋਰੀਆ ਦੀ ਫੋਟੋ ਵਾਲੇ ਅਤੇ 1979 ਈ ਵਿਚ ਚਲਾਏ ਹਾਥੀ ਵਾਲੇ ਪੋਸਟ ਕਾਰਡ ਦੀ ਫੋਟੋ ਛਾਪੀ ਗਈ। ਆਜ਼ਾਦੀ ਤੋਂ ਬਾਦ ਹੁਣ ਤੱਕ ਚੱਲਣ ਵਾਲੇ ਪੋਸਟ ਕਾਰਡਾਂ ਉੱਤੇ ਛਪੀਆ ਫੋਟੋਆਂ ਦਾ ਵੇਰਵਾ ਇਸ ਤਰ੍ਹਾਂ ਹੈ:- ਅਸ਼ੋਕ ਚਿੰਨ੍ਹ, ਤ੍ਰਿਮੂਰਤੀ, ਕੋਨਾਰਕ ਘੋੜਾ, ਸ਼ੇਰ, ਗੁਲਿਹਰੀ, ਗਾਂਧੀ ਜੀ, ਮੋਰ, ਹਾਥੀ, ਪੰਚ ਮਹਿਲ ਫ਼ਤਿਹ ਪੁਰ ਸੀਕਰੀ, ਰਥ ਮਹਾਬਲੀ ਪਰਮ, ਮੇਘਦੂਤ ਕਾਰਡ, ਹੋਮੀ ਭਾਭਾ ਆਦਿ ਵਰਨਣ ਯੋਗ ਹਨ। ਅੰਤ ਵਿਚ ਮੈਂ ਪਾਠਕਾਂ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਮਲੇਰਕੋਟਲਾ ਦੇ ਵਸਨੀਕ ਸ਼ੇਖ਼ ਇਫ਼ਤਿਖ਼ਾਰ ਹੁਸੈਨ ਦੀ ਕੁਲੈਕਸ਼ਨ ਵਿਚ 1879 ਈ. ਤੋਂ ਲੈ ਕੇ 2015 ਈ. ਤੱਕ ਦੇ 135 ਵਰ੍ਹਿਆਂ ਵਿਚ ਚੱਲਣ ਵਾਲੇ ਸਾਰੇ ਪੋਸਟ ਕਾਰਡ ਮੌਜੂਦ ਹਨ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਪੰਜਾਬ ਚੋਣਾਂ ਦਾ ਲੇਖਾ ਜੋਖਾ..

ਗੁਰਿੰਦਰਜੀਤ ਸਿੰਘ "ਨੀਟਾ ਮਾਛੀਕੇ"
ਫਰਿਜਨੋ, ਕੈਲੇਫੋਰਨੀਆ (559-333-5776)






ਪੰਜਾਬ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੂੰ ਲੈ ਕੇ ਪਰਵਾਸੀ ਪੰਜਾਬੀਆਂ ਅੰਦਰ ਨਿਰਾਸ਼ਾ ਪਾਈ ਜਾ ਰਹੀ ਹੈ। ਚੋਣਾਂ ਦੇ ਨਤੀਜੇ ਬਿਲਕੁਲ ਆਸ ਦੇ ਉਲਟ ਆਏ ਹਨ। ਹਰ ਕੋਈ ਆਮ ਆਦਮੀ ਪਾਰਟੀ ਨੂੰ ਇਹਨਾਂ ਚੋਣਾਂ ਦਾ ਚੈਂਪੀਅਨ ਗਿਣਦਾ ਸੀ ਲੇਕਿਨ ਇਸ ਕਸ਼ਮਕਸ਼ ਵਿੱਚ ਬਾਜ਼ੀ ਕਾਂਗਰਸ ਮਾਰ ਗਈ। ਬਹੁਤ ਸਾਰੇ ਪੱਤਰਕਾਰ ਸੋਚਦੇ ਸੀ ਕਿ ਹੰਗ ਅਸੈਂਬਲੀ ਬਣੇਗੀ, ਲੇਕਿਨ ਕਾਂਗਰਸ ਪ੍ਰਚੰਡ ਬਹੁਮਤ ਹਾਸਲ ਕਰਕੇ ਸਭ ਨੂੰ ਹੈਰਾਨ ਕਰ ਗਈ। ਆਮ ਆਦਮੀ ਪਾਰਟੀ ਨੂੰ ਸਿਰਫ਼ 22 ਸੀਟਾਂ ਤੇ ਸਬਰ ਕਰਨਾ ਪਿਆ ਤੇ ਇਤਿਹਾਸਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਸਿਰਫ਼ 18 ਸੀਟਾਂ ਤੇ ਸਿਮਟ ਕੇ ਰਹਿ ਗਈ। ਅਕਾਲੀ ਦਲ ਦੇ ਹਾਰ ਕਾਰਨਾਂ ਬਾਰੇ ਆਪਾਂ ਸਾਰੇ ਭਲੀ ਭਾਂਤ ਜਾਣਦੇ ਹਾਂ ਕਿ ਪਿਛਲੇ ਦਸ ਸਾਲ ਬਾਦਲਕਿਆਂ ਨੇ ਚੰਮ ਦੀਆਂ ਚਲਾਈਆਂ ਹਨ।

ਸ਼੍ਰੋਮਣੀ ਅਕਾਲੀ ਦਾ ਮਾਣਮੱਤਾ ਇਤਿਹਾਸ ਰਿਹਾ ਹੈ ਲੇਕਿਨ ਜਦੋਂ ਤੋਂ ਸੁਖਬੀਰ ਇਸ ਪਾਰਟੀ ਦਾ ਪ੍ਰਧਾਨ ਬਣਿਆ, ਇਹ ਇੱਕ ਪਰਿਵਾਰਕ ਪਾਰਟੀ ਬਣ ਕੇ ਰਹਿ ਗਈ ਹੈ। ਇਸ ਪਾਰਟੀ ਦੇ ਲੀਡਰਾਂ ਨੇ ਰੱਜ ਕੇ ਲੋਕ-ਹਿੱਤਾਂ ਅਤੇ ਪੰਥਕ ਏਜੰਡਿਆਂ ਦੀਆਂ ਧੱਜੀਆਂ ਉਡਾਈਆਂ। ਪਾਰਟੀ ਆਗੂਆਂ ਨੇ ਪਾਰਟੀ ਸਿਧਾਂਤ ਨੂੰ ਛਿੱਕੇ ਟੰਗ ਕੇ ਪਾਰਟੀ ਨੂੰ ਕਾਰਪੋਰੇਸ਼ਨ ਸਮਝ ਕੇ ਆਪਣੇ ਵਪਾਰਕ ਅਧਾਰ ਲਈ ਸਰਕਾਰੀ ਅਸਰ ਰਸੂਖ਼ ਰਾਹੀਂ ਬਹੁਤ ਸਾਰੇ ਬਿਜ਼ਨਸ ਖੂੰਜੇ ਲਾ ਦਿੱਤੇ। ਅਕਾਲੀਆਂ ਨੇ ਆਪਣੀਆਂ ਕਮਜ਼ੋਰੀਆਂ ਸੁਧਾਰਨ ਦੀ ਬਜਾਇ ਗਲਤੀਆਂ ਤੇ ਗਲਤੀਆਂ ਕੀਤੀਆਂ। ਅਕਾਲੀ ਲੀਡਰਸ਼ਿਪ ਨੇ ਪੰਥ ਅਤੇ ਪੰਜਾਬੀਅਤ ਦੇ ਉਲਟ ਜਾ ਕੇ ਉਹਨਾਂ ਤਾਕਤਾਂ ਨਾਲ ਹੱਥ ਮਿਲਾਇਆ ਜਿਹੜੀਆਂ ਸਦਾ ਸਿੱਖ ਵਿਰੋਧੀ ਤੇ ਪੰਜਾਬ ਦੇ ਡੱਕਰੇ ਕਰਨ ਨੂੰ ਕਾਹਲ਼ੀਆਂ ਰਹਿੰਦੀਆਂ ਹਨ। ਇਹਨਾਂ ਆਰ ਐਸ ਐਸ ਦੇ ਪਿੱਠੂ ਬਣ ਕੇ ਪੰਥਕ ਸੋਚ ਵਾਲੇ ਵੀਰਾਂ ਦਾ ਮੂੰਹ ਚਿੜਾਇਆ, ਫਿਰ ਵੀ ਭੋਲੇ ਲੋਕ ਸਭ ਕੁਝ ਬਰਦਾਸ਼ਤ ਕਰਦੇ ਤੁਰੇ ਗਏ ਲੇਕਿਨ ਸਿਰ ਤੋਂ ਦੀ ਪਾਣੀ ਓਦੋਂ ਵਗ ਗਿਆ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਥਾਂ ਥਾਂ ਬੇਅਦਬੀ ਹੋਈ ਤੇ ਪੰਜਾਬ ਸਰਕਾਰ ਨੇ ਦੋਸ਼ੀਆਂ ਨੂੰ ਫੜਨ ਦੀ ਬਜਾਏ ਬਹਿਬਲ ਕਲਾਂ ਕਾਂਡ ਦੌਰਾਨ ਸ਼ਾਂਤਮਈ ਧਰਨਾ ਦੇ ਰਹੀ ਸਿੱਖ ਸੰਗਤ ਤੇ ਗੋਲੀ ਚਲਾ ਦਿੱਤੀ ਅਤੇ ਦੋ ਨਿਰਦੋਸ਼ ਸਿੱਖਾਂ ਨੂੰ ਮਾਰ ਮੁਕਾਇਆ ਤੇ ਦਰਜਨਾਂ ਸੰਗਤਾਂ ਨੂੰ ਜ਼ਖਮੀ ਕਰ ਦਿੱਤਾ, ਢੀਠਪੁਣੇ ਦੀ ਹੱਦ ਓਦੋਂ ਮੁੱਕ ਗਈ ਜਦੋਂ ਅਣਪਛਾਤੀ ਪੁਲਿਸ ਤੇ ਮੁਕੱਦਮਾ ਦਰਜ ਕਰ ਕੇਸ ਰਫ਼ਾ-ਦਫ਼ਾ ਕਰ ਦਿੱਤਾ। ਅਸ਼ੂਤੋਸ ਡੇਰੇ ਨਾਲ ਨੇੜਤਾ, ਸਰਸਾ ਸਾਧ ਦੇ ਡੇਰੇ ਜਾ ਕੇ ਨੱਕ ਰਗੜਨਾ ਸਿੱਖ ਸੰਗਤ ਹਜ਼ਮ ਨਹੀਂ ਕਰ ਸਕੀ। ਅਕਾਲ ਤਖਤ ਸਾਹਿਬ ਦੀ ਅਜ਼ਾਦ ਹਸਤੀ ਨੂੰ ਸਿਆਸਤ ਵਿੱਚ ਰੰਗਣਾ ਤੇ ਸ਼ਰੋਮਣੀ ਕਮੇਟੀ ਨੂੰ ਆਪਣਿਆਂ ਇਸਾਰਿਆਂ ਤੇ ਚਲਾਉਣਾ ਇਹ ਬਾਦਲ ਪਰਿਵਾਰ ਨੂੰ ਲੈ ਬੈਠਾ। ਪੰਜਾਬ ਅੰਦਰ ਨਸ਼ੇ ਤਸ਼ਕਰਾਂ ਦਾ ਸਾਥ ਦੇਣਾ ਤੇ ਨੌਜਵਾਨ ਪੀੜ੍ਹੀ ਨੂੰ ਗੁੰਡਾਗਰਦੀ ਵੱਲ ਧਕੇਲਣਾ ਵੀ ਅਕਾਲੀ ਦਲ ਦੇ ਹਿੱਸੇ ਆਇਆ। ਮਲੂਕੇ ਵਰਗਿਆਂ ਨੇ ਸ਼ਰੇਆਮ ਅਰਦਾਸ ਦੀਆਂ ਧੱਜੀਆਂ ਉਡਾਈਆਂ ਜੀਹਦਾ ਕਰਕੇ ਲੋਕਾਂ ਨੇ ਅਕਾਲੀ ਦਲ ਤੋਂ ਐਤਕੀਂ ਮੂੱਖ ਮੋੜਨਾ ਹੀ ਬਿਹਤਰ ਸਮਝਿਆ।

ਜੇ ਆਪਾ ਆਮ ਆਦਮੀ ਪਾਰਟੀ ਦੀ ਗੱਲ ਕਰੀਏ ਥਾਂ "ਆਪ" ਲੀਡਰਸ਼ਿਪ ਪੰਜਾਬ ਦੇ ਲੋਕਾਂ ਨੂੰ ਕੋਈ ਪ੍ਰੋਗਰਾਮ ਨਹੀਂ ਦੇ ਸਕੀ। ਨਾਂ ਕੋਈ ਰੋਡ-ਮੈਪ ਤਿਆਰ ਕਰਕੇ ਲੋਕਾਂ ਨੂੰ ਭਰੋਸੇ ਵਿੱਚ ਲੈ ਸਕੀ ਕਿ ਅਸੀਂ ਕਿਵੇਂ ਕਰਜ਼ੇ ਦੀ ਦਲ ਦਲ ਵਿੱਚ ਧਸੇ ਪੰਜਾਬ ਨੂੰ ਬਾਹਰ ਕੱਢਾਂਗੇ। ਸਿਰਫ਼ ਕਿ ਸਿਰਫ਼ ਫੋਕੇ ਲਲਕਾਰੇ ਲੋਕਾਂ ਦਾ ਦਿਲ ਨਹੀਂ ਜਿੱਤ ਸਕੇ। ਮੁਕਤਸਰ ਮਾਘੀ ਮੇਲੇ ਅਤੇ ਬਾਘੇ ਪੁਰਾਣੇ ਵਾਲੇ ਪੰਜਾਬੀਆਂ ਦੇ ਰਿਕਾਰਡ ਤੋੜ ਇਕੱਠਾਂ ਨੂੰ ਇਹ ਵੋਟ ਬੈਂਕ ਵਿੱਚ ਤਬਦੀਲ ਕਰਨ ਤੋਂ ਅਸਮਰਥ ਰਹੇ। ਬਹੁਤ ਸਾਰੇ "ਆਪ" ਲੀਡਰਾਂ ਨੇ ਦਿੱਲੀ ਵਾਲ਼ਿਆਂ ਨੂੰ ਦਖ਼ਲ ਅੰਦਾਜ਼ੀ ਬੰਦ ਕਰਨ ਲਈ ਵੀ ਗੁਹਾਰ ਲਾਈ ਲੇਕਿਨ ਕਿਸੇ ਨੇ ਇੱਕ ਨਹੀਂ ਸੁਣੀ। ਇੱਕ ਲੀਡਰ ਨੂੰ ਸਟਾਰ ਬਣਾਉਣਾ ਤੇ ਦੂਸਰਿਆਂ ਨੂੰ ਖੂੰਜੇ ਲਾਉਣ ਵਾਲੀ ਚਾਣਕਿਆ ਨੀਤੀ ਨੇ ਲੋਕ ਵਿਸ਼ਵਾਸ ਨੂੰ ਭਾਰੀ ਢਾਹ ਲਾਈ, ਡਾ. ਗਾਂਧੀ ਵਰਗੇ ਇਮਾਨਦਾਰ ਬੰਦੇ ਨੂੰ ਪਾਰਟੀ ਵਿਚੋਂ ਬਾਹਰ ਦਾ ਰਸਤਾ ਵਿਖਾਉਣਾ ਸੁੱਚਾ ਸਿੰਘ ਛੋਟੇਪੁਰ ਨੂੰ ਜ਼ਲੀਲ ਕਰਕੇ ਪਾਰਟੀ ਵਿੱਚੋਂ ਕੱਢਣਾ ਇਹ ਵੀ ਪਾਰਟੀ ਨੇ ਆਪਣੀਆਂ ਜੜ੍ਹਾਂ 'ਚ ਆਪ ਤੇਲ ਪਾਉਣ ਵਾਲਾ ਕੰਮ ਕੀਤਾ। ਮੁੱਖ ਮੰਤਰੀ ਦਾ ਚਿਹਰਾ ਨਾਂ ਐਲਾਨਣ ਕਾਰਨ ਲੋਕੀਂ ਦੁਚਿੱਤੀ ਵਿੱਚ ਫਸ ਗਏ ਕਿ ਕਿਤੇ ਦਿੱਲੀਓਂ ਲਿਆ ਕੇ ਨਾ ਸਾਡੇ ਸਿਰ ਤੇ ਕਿਸੇ ਬਾਹਰਲੇ ਨੂੰ ਬਿਠਾ ਦਿੱਤਾ ਜਾਵੇ। ਦੂਸਰਾ ਅਕਾਲੀ ਤੇ ਕਾਂਗਰਸੀਆਂ ਨੇ ਆਪ ਖ਼ਿਲਾਫ਼ ਜੋ ਡੰਡੀ ਪ੍ਰਚਾਰ ਕੀਤਾ ਕਿ ਇਹਨਾਂ ਨੂੰ ਬਾਹਰ ਬੈਠੀਆਂ ਖਾੜਕੂ ਧਿਰਾਂ ਫੰਡਿੰਗ ਕਰਦੀਆਂ ਹਨ, ਕੇਜਰੀਵਾਲ ਖਾੜਕੂ ਦੇ ਘਰੇ ਠਹਿਰਿਆ ਆਦਿ ਮੋਟੀਆਂ ਸੁਰਖੀਆਂ ਪੰਜਾਬ ਦੇ ਅਖ਼ਬਾਰਾਂ ਦੀਆਂ ਬਣੀਆਂ ਜਿਸ ਕਰਕੇ ਹਿੰਦੂ ਵੋਟ ਟੋਟਲੀ ਤੌਰ ਤੇ ਕਾਂਗਰਸ ਦੇ ਹੱਕ ਵਿੱਚ ਭੁਗਤੀ, ਰਹਿੰਦਾ ਖੂੰਹਦਾ ਮੌੜ ਮੰਡੀ ਬੰਬ ਧਮਾਕੇ ਨੇ ਲੋਕਾਂ ਨੂੰ ਡਰਾ ਦਿੱਤਾ ਜਿਹੜਾ ਕਿ ਸਰਕਾਰੀ ਅੱਤਵਾਦ ਦੁਆਰਾ ਹੋਇਆ ਜਾਪਦਾ ਹੈ। ਵਲੰਟੀਅਰਾਂ ਦੀ ਗੱਲ ਨਾਂ ਸੁਣਨੀ ਤੇ ਛੱਤਰੀ ਰਾਹੀਂ ਉਤਾਰੇ ਉਮੀਦਵਾਰਾਂ ਨੂੰ ਟਿਕਟਾਂ ਵੰਡਣੀਆਂ ਵਰਗੀ ਕਾਰਵਾਈ ਨੇ ਵੀ "ਆਪ"ਦੀ ਹਾਰ ਲਈ ਅਹਿਮ ਰੋਲ ਅਦਾ ਕੀਤਾ ਹੈ।

ਬਾਕੀ ਜੇ ਆਪਾਂ ਕਾਂਗਰਸ ਦੀ ਜਿੱਤ ਦੀ ਗੱਲ ਕਰੀਏ ਥਾਂ ਆਪਾਂ ਆਖ ਸਕਦੇ ਹਾਂ ਕਿ ਅਕਾਲੀ-ਕਾਂਗਰਸੀ ਮੈਚ ਫਿਕਸ ਕਰਕੇ ਆਪਣੀ ਰਣਨੀਤੀ ਵਿੱਚ ਕਾਮਯਾਬ ਰਹੇ ਬਾਕੀ ਪ੍ਰਸ਼ਾਤ ਕਿਸ਼ੋਰ ਜਿਸਨੂੰ ਕਾਂਗਰਸ ਨੇ 500 ਕਰੋੜ ਦੇ ਕੇ ਧੰਦੇ ਲਾਇਆ ਸੀ ਉਹ ਆਪਣੀਆਂ ਨੀਤੀਆਂ ਘੜ ਕੇ ਪੰਜਾਬ ਦੇ ਲੋਕਾਂ ਨੂੰ ਲੌਲੀਪੋਪ ਵੰਡਣ ਵਿੱਚ ਪੂਰਾ ਸਹਾਈ ਸਿੱਧ ਹੋਇਆ ਤੇ ਕਾਂਗਰਸ 77 ਸੀਟਾਂ ਲੈ ਕੇ ਭਾਰੀ ਬਹੁਮਤ ਨਾਲ ਸਰਕਾਰ ਬਣਾਉਣ ਵਿੱਚ ਕਾਮਯਾਬ ਰਹੀ। ਸੁਖਬੀਰ ਨੇ ਕੈਪਟਨ ਨਾਲ 30 ਅਜਿਹੀਆਂ ਸੀਟਾਂ ਤੇ ਸਮਝੌਤਾ ਕੀਤਾ ਸੀ ਜਿਹਨਾਂ ਤੇ ਅਕਾਲੀਆਂ ਨੇ ਮਾੜੇ ਤੋਂ ਮਾੜੇ ਕੈਂਡੀਡੇਟ ਖੜੇ ਕਰਕੇ ਕਾਂਗਰਸ ਦੀ ਜਿੱਤ ਯਕੀਨੀ ਬਣਾਈ..! ਚੋਣਾਂ ਦੇ ਆਖਰੀ ਦਿਨਾਂ ਦੌਰਾਨ ਪੰਜ ਪੰਜ ਹਜ਼ਾਰ ਰੁਪਈਏ ਨੂੰ ਵੋਟ ਖਰੀਦੀ ਗਈ ਅਤੇ ਅਕਾਲੀਆਂ ਨੇ ਆਪ ਕਹਿਕੇ ਅਕਾਲੀ ਵੋਟਰਾਂ ਦੀਆਂ ਵੋਟਾਂ ਕਾਂਗਰਸ ਨੂੰ ਭੁਗਤਾਈਆਂ।

ਸਮਾਰਟ ਫ਼ੋਨ ਦੇਣ ਦੇ ਵਾਇਦੇ ਕਰਕੇ ਕਿਸ਼ੋਰ ਨੇ ਪੰਜਾਬੀਆਂ ਦੇ ਡੈਟੇ ਇਕੱਠੇ ਕੀਤੇ, ਇਸੇ ਤਰਾਂ ਕਰਜ਼ਾ ਮੁਆਫ਼ੀ ਦੇ ਫ਼ਾਰਮ ਭਰਾ ਕੇ ਲੋਕਾਂ ਨੂੰ ਯਕੀਨ 'ਚ ਲਿਆ ਕਿ ਕੈਪਟਨ ਹੀ ਤੁਹਾਡੇ ਲਈ ਫ਼ਰਿਸ਼ਤਾ ਬਣ ਕੇ ਬਹੁੜ ਸਕਦਾ ਹੈ। ਦੋ ਲੱਖ ਨੌਕਰੀਆਂ ਦੇ ਵਾਇਦੇ ਨੇ ਵੋਟਾਂ ਨੂੰ ਪ੍ਰਭਾਵਿਤ ਕਰਨ ਵਿੱਚ ਅਹਿਮ ਰੋਲ ਅਦਾ ਕੀਤਾ।

ਹੁਣ ਗੱਲ ਇਹ ਕਿ ਖ਼ਜ਼ਾਨਾ ਖਾ਼ਲੀ ਖੜਕ ਰਿਹਾ ਤੇ ਕਾਂਗਰਸ ਐਡੇ ਵੱਡੇ ਵੱਡੇ ਵਾਇਦੇ ਪੂਰੇ ਕਿਵੇਂ ਕਰੇਗੀ..? ਕਾਂਗਰਸ ਸਰਕਾਰ ਝੂਠੇ ਸੱਚੇ ਵਾਇਦੇ ਕਰਕੇ ਸੱਤਾ ਤੇ ਥਾਂ ਕਾਬਜ਼ ਹੋ ਗਈ ਹੈ ਲੇਕਿਨ ਸਰਕਾਰ ਚਲਾਉਣ ਲਈ ਉਹਨਾਂ ਨੂੰ ਬਹੁਤ ਸਾਰੀਆਂ ਚਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਜਿਹੜੇ ਚੱਕਰਵਿਊ ਵਿੱਚ ਅਕਾਲੀ ਇਹਨਾਂ ਨੂੰ ਫਸਾ ਚੱਲੇ ਹਨ ਹੁਣ ਵੇਖਣਾ ਹੋਵੇਗਾ ਅਭਿਮੰਨਯੂ ਬਣ ਕੇ ਕੀ ਕੈਪਟਨ ਅਮਰਿੰਦਰ ਸਿੰਘ ਇਹਨੂੰ ਤੋੜ ਪਾਏਗਾ..?

ਅਖੀਰ ਵਿੱਚ ਮੈਂ ਆਮ ਆਦਮੀ ਪਾਰਟੀ ਦੇ ਨਿਰਾਸ਼ ਵਲੰਟੀਅਰਾਂ ਖ਼ਾਸ ਕਰਕੇ ਐਨ ਆਰ ਆਈ ਵੀਰਾ ਨੂੰ ਇਹੀ ਕਹਿਣਾ ਚਾਹੂੰਗਾ ਕਿ ਨਤੀਜੇ ਤੋ ਬਾਦ ਮੈਨੂੰ ਓਸ਼ੋ ਦਾ ਕਿਹਾ ਯਾਦ ਆਇਆ, ਉਹ ਕਹਿੰਦਾ ਕਿ ਲੰਮੇ ਸਮੇਂ ਲਈ ਗੁਲਾਮ ਰਹਿਣ ਵਾਲੇ ਲੋਕਾਂ ਨੂੰ ਜੇ ਅਜ਼ਾਦੀ ਵਾਲਾ ਦਰਵਾਜ਼ਾ ਖੋਲ ਦੇਈਏ, ਤਾਂ ਅੱਗੋਂ ਉਹ ਦਰਬਾਨ ਨਾਲ ਈ ਲੜ ਪੈਣਗੇ ਕਿ ਤੂੰ ਸਾਡੀ ਸ਼ਾਂਤੀ ਭੰਗ ਕਿਉਂ ਕੀਤੀ। ਅਸੀ ਏਥੇ ਠੀਕ ਆਂ । ਓਸ਼ੋ ਕਹਿੰਦਾ, ਲੋਕ ਠੀਕ ਸੋਚਦੇ ਨੇ, ਕਿਉਕਿ ਉਹ ਹਨੇਰੇ ਵਿੱਚ ਰਹਿਣ ਦੇ ਆਦੀ ਹੋ ਚੁੱਕੇ ਹੁੰਦੇ ਨੇ ਤੇ ਚਾਨਣ ਉਹਨਾਂ ਦੀਆਂ ਅੱਖਾਂ ਚੁੰਝਆਉਦਾ। ਹਨੇਰਾ ਉਹਨਾਂ ਨੂੰ ਸ਼ਾਂਤੀ ਦਿੰਦਾ। ਸੁਭਾਵਿਕ ਹੈ ਜਿਹੋ ਜਿਹੇ ਮਹੌਲ 'ਚ ਅਸੀਂ ਰਹਿੰਦੇ ਹਾਂ ਉਸ ਮਹੌਲ ਅਨੁਸਾਰ ਢਲ ਜਾਈਦੈ।

ਬਸ, ਪੰਜਾਬ ਦੇ ਵਡੇ ਹਿਸੇ 'ਚ ਇਹੋ ਹੋਇਆ। ਲੋਕ ਉਸ ਭ੍ਰਿਸ਼ਟ ਸਿਸਟਮ ਦੇ ਆਦੀ ਹੋ ਗਏ ਹਾਂ। ਗੁਲਾਮੀ ਦੇ, ਹਨੇਰੇ ਦੇ, ਝੂਠੇ ਵਾਅਦਿਆਂ ਉਤੇ ਉਮੀਦਾਂ ਲਾਉਣ ਦੇ, ਰਿਆਇਤੀ ਆਟਾ ਦਾਲ ਲੈਣ ਦੇ। ਲੋਕਾਂ ਨੂੰ ਸ਼ਰਾਬ, ਨੋਟ, ਨਸ਼ੇ ਬਦਲੇ ਵੋਟਾਂ ਵੇਚਣ ਦੀ ਆਦਤ ਪਾ ਦਿਤੀ ਗਈ ਐ। ਬੇਸ਼ਕ ਕੁਝ ਹਲਕਿਆਂ ਦੇ ਲੋਕ ਜਾਗੇ ਨੇ, ਚੰਗੀ ਗਲ ਹੈ।

ਇਸਦੀ ਇਕ ਹੋਰ ਉਦਾਹਰਣ ਹੈ। ਇੱਕ ਚੂਹੇ ਨੂੰ ਕੁੜੱਕੀ ਵਿੱਚ ਕੈਦ ਕਰ ਲਓ। ਫਿਰ ਦੇਖੋ ਕਿ ਉਹ ਕਿਵੇਂ ਬਾਹਰ ਜਾਣ ਲਈ ਟਪੂਸੀਆਂ ਮਾਰਦਾ ਹੈ। ਪਿੰਜਰੇ ਦੀ ਜਾਲੀ ਤੇ ਦੰਦੀਆਂ ਮਾਰੂ । ਤੁਸੀਂ ਉਸਨੂੰ ਪਿੰਜਰੇ 'ਚ ਰੋਟੀ ਪਾਓਂਦੇ ਰਹੋ। ਪੰਜ ਸੱਤ ਦਿਨਾਂ ਬਾਅਦ ਪਿੰਜਰਾ ਖੋਲਕੇ ਵੇਖਣਾ, ਚੂਹਾ ਡਰ ਜਾਏਗਾ ਤੇ ਬਾਹਰ ਜਾਣ ਦੀ ਬਜਾਏ ਪਿੰਜਰੇ ਦੇ ਖੂੰਜੇ ਲੱਗਕੇ ਦੜ ਜਾਏਗਾ। ਬਸ ਇਹੀ ਮਾਨਸਿਕਤਾ ਸਾਡੇ ਰੰਗਲੇ ਪੰਜਾਬ ਵਾਸੀਆਂ ਦੀ ਬਣ ਗਈ ਜਾਂ ਬਣਾ ਦਿਤੀ ਗਈ ਹੈ, ਜਿਸਦੀ ਝਲਕ ਇਹਨਾਂ ਚੋਣਾਂ ਦੇ ਨਤੀਜੇ ਨੇ ਨਿਰਾਸ਼ ਵੀ ਹੋਣ ਸਮਰਥਕ, ਇਹ ਤਾਂ ਸ਼ੁਰੂਆਤ ਸੀ, ਬਹੁਤ ਕੁਝ ਕਰਨਾ ਬਾਕੀ ਹੈ, ਪਹਿਲੀ ਵਾਰ ਵਿਰੋਧੀ ਧਿਰ ਦਾ ਰੁਤਬਾ ਕੋਈ ਘੱਟ ਪ੍ਰਾਪਤੀ ਨਹੀਂ..!







# ਫਰਿਜ਼ਨੋ ਆਪ ਵਲੰਟੀਅਰ ਪੰਜਾਬ ਚੋਣ ਨਤੀਜਿਆਂ ਤੋਂ ਨਿਰਾਸ਼ ਹੋਏ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ /ਕੁਲਵੰਤ ਧਾਲੀਆਂ-** ਪੂਰੇ ਸੰਸਾਰ ਅੰਦਰ ਵਸਦੇ ਪਰਵਾਸੀ ਪੰਜਾਬੀ ਗਿਆਰਾਂ ਮਾਰਚ ਨੂੰ ਆ ਰਹੇ ਪੰਜਾਬ ਵਿਧਾਨ ਸਭਾ ਚੋਣ ਨਤੀਜਿਆਂ ਦੀ ਬੇਸਵਰੀ ਨਾਲ ਉਡੀਕ ਕਰ ਰਹੇ ਸਨ।

ਇਸੇ ਕੜੀ ਤਹਿਤ ਅਮਰੀਕਾ ਦੇ ਵੱਖੋ ਵੱਖ ਸਹਿਰਾ ਵਿੱਚ ਆਪ ਵਲੰਟੀਅਰਾਂ ਵੱਲੋਂ "ਨਵਾਂ ਸਵੇਰਾ ਨਵਾਂ ਪੰਜਾਬ" ਮੁਹਿੰਮ ਤਹਿਤ ਖੁਸ਼ੀ ਮਨਾਉਣ ਲਈ ਵੱਡੇ ਵੱਡ ਸਮਾਗਮ ਰੱਖੇ ਗਏ ਸੀ। ਪਿਛਲੇ ਸ਼ੁਕਰਵਾਰ ਫਰਿਜਨੋ ਦੇ ਇੰਡੀਆ ਓਵਨ ਰੈਸਟੋਰੈਂਟ ਵਿੱਚ ਇਕੱਠੇ ਬੈਠਕੇ ਨਤੀਜੇ ਵੇਖਣ ਲਈ ਵੀ ਪਰੋਗਰਾਮ ਦਾ ਅਯੋਜਨ ਕੀਤਾ ਗਿਆ, ਲੇਕਿਨ ਜਿਉਂ ਹੀ ਪੰਜਾਬ ਵਿਧਾਨ ਸਭਾ ਦੇ ਨਤੀਜੇ ਟੈਲੀਵਿਯਨ ਤੇ ਆਉਣੇ ਅਰੰਭ ਹੋਏ ਤਾਂ ਸਭ ਹੈਰਾਨ ਸਨ ਕਿ ਸੋਚਿਆ ਕੀ ਤੇ ਆਸ ਦੇ ਉਲਟ ਕਾਂਗਰਸ ਪਾਰਟੀ ਵੱਡੀ ਲੀਡ ਨਾਲ ਪਰਚੰਡ ਬਹੁਮਤ ਹਾਸਲ ਕਰਨ ਵਿੱਚ ਕਾਮਯਾਬ ਰਹੀ ਤੇ ਆਪ ਨੂੰ ਸਿਰਫ਼ ਵੀਹ ਬਾਈ ਸੀਟਾਂ ਤੇ ਸਬਰ ਕਰਨਾ ਪਿਆ।

ਇਸ ਮੌਕੇ ਆਪ ਵਰਕਰਾਂ ਵਿੱਚ ਭਾਰੀ ਨਿਰਾਸਾ ਪਾਈ ਗਈ। ਇਸ ਮੌਕੇ ਪਾਰਟੀ ਦੇ ਬੁਲਾਰ ਗੁਰਨੇਕ ਸਿੰਘ ਬਾਗੜੀ ਤੇ ਸੁਖਬੀਰ ਭੰਡਾਲ ਨੇ ਕਾਂਗਰਸ ਪਾਰਟੀ ਨੂੰ ਵਧਾਈ ਦਿੱਤੀ ਤੇ ਆਸ ਪ੍ਰਗਟਾਈ ਕਿ ਕਾਂਗਰਸ ਆਪਣੇ ਵੱਲੋਂ ਕੀਤੇ ਵੱਡੇ ਵਾਅਦੇ ਪੂਰੇ ਕਰੇਗੀ ਤੇ ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਲਈ ਲਈ ਕੰਮ ਕਰੇਗੀ।

ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਮੁੱਖ ਵਿਰੋਧੀ ਧਿਰ ਦੇ ਤੌਰ ਤੇ ਵਿਧਾਨ ਸਭਾ ਵਿੱਚ ਜਾਵੇਗੀ ਤੇ ਸੁਖਪਾਲ ਖਹਿਰੇ ਵਰਗੇ ਤਜਰਬੇਕਾਰ ਨੇਤਾ ਦੇ ਨਾਲ ਰਲਕੇ ਸਰਕਾਰ ਨੂੰ ਘੇਰ ਕੇ ਲੋਕ ਹੱਕਾ ਦੀ ਰਾਖੀ ਕਰਕੇ ਪੰਜਾਬੀਆਂ ਦੀ ਅਵਾਜ ਬਣਕੇ ਗੂੰਜੇਗੀ।

*******



# ਅਜ਼ਾਦ ਸਪੋਰਟਸ ਅਤੇ ਕਲਚਰਲ ਕਲੱਬ ਫਰਿਜਨੋ ਵੱਲੋਂ ਕਬੱਡੀ ਅਤੇ ਵਾਲੀਬਾਲ ਟੂਰਨਾਮੈਂਟ 15 ਅਤੇ 16 ਅਪ੍ਰੈਲ ਨੂੰ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ /ਕੁਲਵੰਤ ਧਾਲੀਆਂ-** ਸਥਾਨਿਕ ਅਜ਼ਾਦ ਸਪੋਰਟਸ ਅਤੇ ਕਲਚਰਲ ਕਲੱਬ ਦੀ ਇੱਕ ਅਹਿਮ ਮੀਟਿੰਗ ਲੰਘੇ ਦਿਨੀ ਬੰਬੇ ਬਿਜਨਸ ਪਾਰਕ ਫਰਿਜਨੋ ਵਿਖੇ ਹੋਈ, ਜਿੱਥੇ ਅਹੁਦੇਦਾਰਾਂ ਨੇ ਪੱਤਰਕਾਰਾਂ ਨਾਲ ਗੱਲ-ਬਾਤ ਦੌਰਾਂਨ ਦੱਸਿਆ ਕਿ ਕਲੱਬ ਵੱਲੋਂ ਸਲਾਨਾਂ ਟੂਰਨਾਮੈਂਟਾਂ ਦੀ ਲੜੀ ਨੂੰ ਨਿਰੰਤਰ ਜਾਰੀ ਰੱਖਦਿਆਂ ਵਾਲੀਬਾਲ, ਕਬੱਡੀ, ਰੱਸਾਕਸੀ ਅਤੇ ਹੋਰ ਰਵਾਇਤੀ ਖੇਡਾਂ ਦਾ ਟੂਰਨਾਮੈਂਟ 15 ਅਤੇ 16 ਅਪ੍ਰੈਲ ਨੂੰ ਬੰਬੇ ਬਿਜਨਸ ਪਾਰਕ ਵਿੱਚ ਕਰਵਾਇਆ ਜਾ ਰਿਹਾ ਹੈ। ਇਸ ਟੂਰਨਾਮੈਂਟ ਵਿੱਚ ਭਾਗ ਲੈਣ ਲਈ ਪਲੇਅਰ, ਪ੍ਰਮੋਟਰ ਅਤੇ ਟੀਮਾਂ ਅਜ਼ਾਦ ਸਪੋਰਟਸ ਕਲੱਬ ਦੇ ਅਹੁਦੇਦਾਰਾਂ ਨਾਲ ਸੰਪਰਕ ਕਰਕੇ ਆਪਣਾਂ ਨਾਮ ਲਿਖਾ ਸਕਦੇ ਹਨ। ਵਾਲੀਬਾਲ ਲਈ ਬਬਲਾ ਮਲੂਕਾ (559) 708-9335 ਜਾ ਗੁਰਜਪਾਲ ਸਿੰਘ ਸਿੱਧੂ (559) 286-6683 ਅਤੇ ਕਬੱਡੀ ਲਈ ਨਾਜ਼ਰ ਸਿੰਘ ਸਹੋਤਾ (559) 351-6592 ਜਾ ਅਮਰਜੀਤ ਦੌਧਰ (559) 824-6887 ਅਤੇ ਰੱਸਾਕਸੀ ਲਈ ਰਛਪਾਲ ਸਿੰਘ ਸਹੋਤਾ (559) 451-1004 ਜਾ ਬਿੱਟੂ ਕੁੱਸਾ (559) 708-7021 ਆਦਿ ਸੱਜਣਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਪ੍ਰਬੰਧਕਾਂ ਨੇ ਦੱਸਿਆ ਕਿ ਇਸ ਟੂਰਨਾਮੈਂਟ ਦੌਰਾਨ ਚਾਹ ਪਕੌੜੀਆਂ ਦਾ ਲੰਗਰ ਅਤੁੱਟ ਵਰਤੇਗਾ ਅਤੇ ਦਰਸ਼ਕ ਵੀਰਾਂ ਦੇ ਮਨੋਰੰਜਨ ਲਈ ਲੋਕਲ ਕਲਾਕਾਰ ਇਸ ਖੇਡ ਮੇਲੇ ਹਾਜ਼ਰੀ ਭਰਨਗੇ। ਉਹਨਾਂ ਕਿਹਾ ਕਿ ਆਉਣ ਵਾਲੇ ਕੁਝ ਹਫਤਿਆਂ ਦੌਰਾਂਨ ਹੋਰ ਡੀਟੇਲ ਦੇ ਵਿੱਚ ਤੁਹਾਡੇ ਨਾਲ ਸਾਂਝ ਪਾਈ ਜਾਵੇਗੀ। ਕਮਿੰਟਰੀ ਲਈ ਰਾਜਵਿੰਦਰ ਸਿੰਘ ਰੰਡਿਆਲਾ ਪਹੁੰਚ ਰਹੇ ਹਨ।



# ਜਵਾਹਰ ਨਵੋਦਿਆ ਵਿਦਿਆਲਿਆ ਉਧਮਪੁਰ ਦੇ ਅਧਿਆਪਕ ਸ੍ਰੀ ਪੁਰਸ਼ੋਤਮ ਲਾਲ ਸ਼ਰਮਾ ਨੂੰ ਸ਼ਾਨਦਾਰ ਵਿਦਾਇਗੀ




Sh. Ashok Kumar Principal alongwith Sh. Darshan Kumar, Chairman Nominee, VMC , Sh. Ashok Kumar Khajuria, Chief Planning Officer, Udhampur, Smt Sukhraj Kaur Principal JNV Nud Distt Samba J & K & Mrs. Naranjan Kaur PGT History JNV Jalandhar presenting token of love (Smriti Chinnh) to Mr. Mr. P L. Sharma PET




Sh. Ashok Kumar Principal , Smt Naranjan Kaur PGT History & Smt. Kamlesh Rani Kalsi Hoshiarpur alongwith Mr. P L Sharma PET, Staff & Students of JNV Rakh Jaganoo Udhampur J & K




Sh. Ashok Kumar Principal & Smt Naranjan Kaur PGT History alongwith Mr. Ashok Kumar khajuria CPO Udhampur & Sh. Darshan Kumar Chairman Nominee inspecting Art Exhibition held in JNV Udhampur J & K.






Sh. Ashok Kumar Principal alongwith Staff & family of Mr. P L Sharma.



Sh. Ashok Kumar Principal welcoming Sh. Darshan Kumar Chairman Nominee VMC JNV Rakh Jaganoo Udhampur (J & K).



Sh. Ashok Kumar Principal welcoming Smt. Sukhraj kaur Principal JNV Nud Distt Samba J & K.



Gidha Bhangra by students of J NV Udhampur during celebrations.

**ਊਧਮਪੁਰ–** ਜਵਾਹਰ ਨਵੋਦਿਆ ਵਿਦਿਆਲਿਆ ਰਖ ਜਗਾਨੂ, ਉਧਮਪੁਰ ਵਿਖੇ 28 ਫਰਵਰੀ ਨੂੰ ਪ੍ਰਿੰਸੀਪਲ ਸ੍ਰੀ ਅਸ਼ੋਕ ਕੁਮਾਰ ਦੇ ਆਦੇਸ਼ ਮੁਤਾਬਕ ਸਕੂਲ ਦੇ ਸਰੀਰਕ ਸਿੱਖਿਆ ਅਧਿਆਪਕ ਸ੍ਰੀ ਪੁਰਸ਼ੋਤਮ ਲਾਲ ਸ਼ਰਮਾ ਦੇ ਇਸੇ ਦਿਨ ਰਿਟਾਇਰਡ ਹੋਣ ਦੇ ਮੌਕੇ ਤੇ ਪੂਰੇ ਸਕੂਲ ਨੇ ਵਿਦਾਈ ਸਮਾਰੋਹ ਆਯੋਜਿਤ ਕੀਤਾ। ਇਸ ਸਭਿਆਚਾਰਕ ਪ੍ਰੋਗਰਾਮ ਵਿਚ ਮੁੱਖ ਮਹਿਮਾਨ ਦੇ ਰੂਪ ਵਿਚ ਜ਼ਿਲ੍ਹਾ ਮੈਜਿਸਟ੍ਰੇਟ ਊਧਮਪੁਰ ਦੇ ਪ੍ਰਤੀਨਿਧੀ ਚੇਅਰਮੈਨ ਨਾਮਨੀ ਏ. ਡੀ. ਪਲਾਨਿੰਗ, ਸ੍ਰੀ ਦਰਸ਼ਨ ਕੁਮਾਰ ਅਤੇ ਪ੍ਰਮੁੱਖ ਮਹਿਮਾਨ ਦੇ ਰੂਪ ਵਿਚ ਚੀਫ ਪਲਾਨਿੰਗ ਅਫਸਰ ਸ੍ਰੀ ਅਸ਼ੋਕ ਕੁਮਾਰ ਖਜੂਰੀਆ ਪਧਾਰੇ। ਇਸ ਤੋਂ ਇਲਾਵਾ ਇਸ ਪ੍ਰੋਗਰਾਮ ਦਾ ਮਾਣ ਵਧਾਉਣ ਲਈ ਜਵਾਹਰ ਨਵੋਦਿਆ ਸਕੂਲ ਜਲੰਧਰ ਦੀ ਪੀ. ਜੀ. ਟੀ. ਇਤਿਹਾਸ ਸ਼੍ਰੀਮਤੀ ਨਿਰੰਜਣ ਕੌਰ ਅਤੇ ਜਵਾਹਰ ਨਵੋਦਿਆ ਸਕੂਲ ਨਡ. ਸਾਬਾ ਜੰਮੂ ਅਤੇ ਕਸ਼ਮੀਰ ਦੀ ਪ੍ਰਿੰਸੀਪਲ ਸ੍ਰੀਮਤੀ ਸੁਖਰਾਜ ਕੌਰ ਵੀ ਮਹਿਮਾਨ ਦੇ ਤੌਰ ਤੇ ਸ਼ਾਮਲ ਹੋਈ। ਦੁਪਹਿਰ 12 ਵਜੇ ਸਕੂਲ ਪ੍ਰਸ਼ਾਸਨ ਨੇ ਬੜੇ ਸਨਮਾਨ ਨਾਲ ਸਾਰੇ ਆਏ ਮਹਿਮਾਨਾਂ ਨੂੰ ਫੁੱਲ ਦੇ ਕੇ ਸਨਮਾਨ ਪੂਰਵਕ ਸਵਾਗਤ ਕੀਤਾ।

ਇਸ ਤੋਂ ਬਾਅਦ ਸ੍ਰੀ ਪੁਰਸ਼ੋਤਮ ਲਾਲ ਸ਼ਰਮਾ ਅਤੇ ਪ੍ਰਮੁੱਖ ਮਹਿਮਾਨਾਂ ਦੇ ਸਨਮਾਨ ਵਿਚ ਸਕੂਲ ਵੱਲੋਂ ਲਗਾਈ ਕਲਾ ਪ੍ਰਦਰਸ਼ਨੀ ਵਿਚ ਮਹਿਮਾਨਾਂ ਨੂੰ ਲਿਜਾਇਆ ਗਿਆ। ਪ੍ਰਿੰਸੀਪਲ ਸ੍ਰੀ ਅਸ਼ੋਕ ਕੁਮਾਰ ਦੇ ਨਿਰਦੇਸ਼ਨ ਵਿਚ ਸਕੂਲ ਦੇ ਕਲਾ ਅਧਿਆਪਕ ਸ੍ਰੀ ਰਾਕੇਸ਼ ਕੁਮਾਰ ਵਰਮਾ ਅਤੇ 30 ਵਿਦਿਆਰਥੀਆਂ ਦੁਆਰਾ ਲਗਾਈ ਇਸ ਕਲਾ ਪ੍ਰਦਰਸ਼ਨੀ ਵਿਚ ਪੇਂਟਿੰਗਸ, ਗ੍ਰੀਟਿੰਗ ਕਾਰਡ, ਕਲੇ ਮਾਡਲਿੰਗ ਅਤੇ ਸਟੋਨ ਪੇਂਟਿੰਗਸ ਦੁਆਰਾ 'ਬੇਟੀ ਬਚਾਓ, ਬੇਟੀ ਪੜ੍ਹਾਓ: ਵਾਤਾਵਰਣ ਸੁਰੱਖਿਆ ਸੰਭਾਲ, ਪ੍ਰਕਿਰਤੀ ਪ੍ਰੇਮ ਅਤੇ ਸੰਗੀਤ ਅਤੇ ਨ੍ਰਿਤ' ਵਰਗੇ ਵਿਸ਼ਿਆਂ ਤੇ ਕਲਾ ਪ੍ਰਦਰਸ਼ਨ ਲਗਾਈ ਗਈ। ਇਸ ਕਲਾ ਪ੍ਰਦਰਸ਼ਨੀ ਵਿਚ ਵਿਦਿਆਰਥੀਆਂ, ਕਲਾ ਅਧਿਆਪਕ ਸ੍ਰੀ ਰਾਕੇਸ਼ ਕੁਮਾਰ ਵਰਮਾ ਅਤੇ ਉਹਨਾਂ ਦੀ ਧਰਮ ਪਤਨੀ ਸ਼੍ਰੀਮਤੀ ਰੇਖਾ ਵਰਮਾ ਦੁਆਰਾ ਕੀਤੇ ਗਏ ਆਪਣੇ ਕਲਾ ਪ੍ਰਦਰਸ਼ਨ ਦਾ ਸਫਲ ਆਯੋਜਨ ਕੀਤਾ। ਇਸ ਤੋਂ ਬਾਅਦ ਮੁੱਖ ਮਹਿਮਾਨ ਦੇ ਨਾਲ ਸ੍ਰੀ ਪੁਰਸ਼ੋਤਮ ਲਾਲ ਸ਼ਰਮਾ ਦੇ ਸਨਮਾਨ ਵਿਚ ਸਕੂਲ ਵੱਲੋਂ ਆਯੋਜਿਤ ਵਿਸ਼ੇਸ਼ ਸਭਿਆਚਾਰਕ ਸਮਾਰੋਹ ਨੂੰ ਦੇਖਣ ਲਈ ਬਾਰਡਰ ਸਕਿਊਰਟੀ ਫੋਰਸ ਊਧਮਪੁਰ ਵੱਲੋਂ ਲਗਾਏ ਗਏ ਇਕ ਵੱਡੇ ਪੰਡਾਲ ਵਿਚ ਇਕੱਠੇ ਹੋਏ। ਜਵਾਹਰ ਨਵੋਦਿਆ ਵਿਦਿਆਲਿਆ ਊਧਮਪੁਰ ਦੇ ਵਿਦਿਆਰਥੀਆਂ ਵਿਚੋਂ ਨਿਤੀਸ਼ ਕੁਮਾਰ, ਕਲਾਸ ਨੌਵੀਂ ਨੇ ਭੰਗੜਾ ਪੇਸ਼ ਕਰਕੇ, ਕੁਮਾਰੀ ਰਾਧਿਕਾ ਅਤੇ ਕੁਮਾਰੀ ਸਮਦਿਸ਼ਾ ਕਲਾਸ ਅੱਠਵੀਂ ਨੇ ਡਿਊਟ ਡਾਂਸ ਪੇਸ਼ ਕਰਕੇ ਅਤੇ ਕੁਮਾਰੀ ਪ੍ਰਿੰਸੀ ਲੱਧੜ ਅਤੇ ਉਸਦੀਆਂ ਸਹੇਲੀਆਂ ਨੇ ਕਲਾਸ ਗਿਆਰਵੀਂ ਵਿਗਿਆਨ ਅਤੇ ਵਣਿਜ, ਸ਼ਾਨਦਾਰ ਭੰਗੜਾ ਪੇਸ਼ ਕਰਕੇ ਸਾਰਿਆਂ ਦਾ ਮਨ ਮੋਹ ਲਿਆ। ਇਸ ਮੌਕੇ ਤੇ ਸਿੱਧੀ ਵਿਨਾਇਕ ਅਕੈਡਮੀ, ਊਧਮਪੁਰ ਦੇ ਵਿਦਿਆਰਥੀਆਂ ਨੇ ਅਕੈਡਮੀ ਦੇ ਡਾਇਰੈਕਟਰ ਸ੍ਰੀ ਹਰੀਸ਼ ਜੀ ਦੀ ਅਗਵਾਈ ਵਿਚ ਹਨੂਮਾਨ ਚਾਲੀਸਾ ਆਧਾਰਿਤ ਡਾਂਸ, ਕੰਟਪੋਰੇਰੀ ਡਾਂਸ ਅਤੇ ਹਿਪ ਹਾਪ ਡਾਂਸ ਪੇਸ਼ ਕਰਕੇ ਸਾਰਿਆਂ ਨੂੰ ਮੰਤਰ ਮੁਗਧ ਕੀਤਾ। ਕੁੱਲ ਮਿਲਾ ਕੇ ਇਹ ਵਿਦਿਆਰਥੀਆਂ ਦਾ ਇਕ ਚੰਗਾ ਟੇਲੈਂਟ ਸ਼ੋਅ ਸੀ।

ਇਸ ਤੋਂ ਬਾਅਦ ਭਾਸ਼ਣ ਪ੍ਰੋਗਰਾਮ ਹੋਏ। ਪ੍ਰਿੰਸੀਪਲ ਸ੍ਰੀ ਅਸ਼ੋਕ ਕੁਮਾਰ ਨੇ ਆਪਣੇ ਮਾਣਮੱਤੇ ਭਾਸ਼ਣ ਵਿਚ ਆਏ ਹੋਏ ਸ੍ਰੀ ਪੁਰਸ਼ੋਤਮ ਲਾਲ, ਉਹਨਾਂ ਦੇ ਸਾਬਕਾ ਵਿਦਿਆਰਥੀਆਂ ਅਤੇ ਰਿਸ਼ਤੇਦਾਰਾਂ ਅਤੇ ਮਹਿਮਾਨ ਦੇ ਰੂਪ ਵਿਚ ਆਏ ਅਧਿਕਾਰੀਆਂ ਦਾ ਹਾਰਦਿਕ ਸਵਾਗਤ ਕੀਤਾ। ਸ੍ਰੀ ਅਸ਼ੋਕ ਕੁਮਾਰ ਨੇ ਸ੍ਰੀ ਪੁਰਸ਼ੋਤਮ ਲਾਲ ਦੁਆਰਾ ਕੀਤੀ ਗਈ ਸਕੂਲ ਅਤੇ ਨਵੋਦਿਆ ਸਕੂਲ ਕਮੇਟੀ ਦੀ ਸੇਵਾ ਦੇ ਲਈ ਉਹਨਾਂ ਨੂੰ ਨਵੋਦਿਆ ਵਿਦਿਆਲਿਆ ਕਮੇਟੀ ਵੱਲੋਂ ਧੰਨਵਾਦ ਦਿੱਤਾ ਅਤੇ ਉਹਨਾਂ ਦੇ ਚੰਗੇ ਜੀਵਨ ਲਈ ਆਪਣੀਆਂ ਸ਼ੁਭਕਾਮਨਾਵਾਂ ਪੇਸ਼ ਕੀਤੀਆਂ।

ਵਿਦਾਈ ਭਾਸ਼ਣ ਦੇ ਲਈ ਸ੍ਰੀ ਪੁਰਸ਼ੋਤਮ ਲਾਲ ਸ਼ਰਮਾ ਦੇ ਵਿਦਿਆਰਥੀ, ਜਵਾਹਰ ਨਵੋਦਿਆ ਸਕੂਲ ਬਾਰਾਮੂਲਾ, ਜੰਮੂ ਅਤੇ ਕਸ਼ਮੀਰ ਦੇ ਸਾਬਕਾ ਵਿਦਿਆਰਥੀ ਡੈਂਟਿਸਟ ਗੁਲਾਮ ਕਾਦਿਰ ਭੱਟ, ਜਵਾਹਰ ਨਵੋਦਿਆ ਸਕੂਲ ਮੰਡ, ਸਾਂਬਾ, ਜੰਮੂ ਅਤੇ ਕਸ਼ਮੀਰ ਦੇ ਟੀ. ਜੀ. ਟੀ. ਗਣਿਤ, ਸ੍ਰੀ ਰਾਜਿੰਦਰ ਕੁਮਾਰ ਅਤੇ ਪ੍ਰਿੰਸੀਪਲ ਜਵਾਹਰ ਨਵੋਦਿਆ ਸਕੂਲ ਨੂਡ, ਸਾਂਬਾ ਜੰਮੂ ਅਤੇ ਕਸ਼ਮੀਰ ਸ੍ਰੀਮਤੀ ਸੁਖਰਾਜ ਕੌਰ ਵਾਰੀ-ਵਾਰੀ ਮੰਚ ਤੇ ਹਾਜ਼ਰ ਹੋਏ। ਉਹਨਾਂ ਨੇ ਆਪਣੇ-ਆਪਣੇ ਗੁਣਵਾਨ ਅਤੇ ਤੱਤ ਮਈ ਭਾਸ਼ਣਾਂ ਵਿਚ ਸ੍ਰੀ ਪੁਰਸ਼ੋਤਮ ਲਾਲ ਸ਼ਰਮਾ ਜੀ ਦੁਆਰਾ ਸਕੂਲ ਅਤੇ ਨਵੋਦਿਆ ਸਕੂਲ ਕਮੇਟੀ ਦੀਆਂ ਬਹੁਮੁੱਲੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਅਤੇ ਉਹਨਾਂ ਦੀ ਰਿਟਾਇਰਮੈਂਟ ਦੇ ਮੌਕੇ ਤੇ ਉਹਨਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

ਪ੍ਰੋਗਰਾਮ ਦੇ ਵਿਸ਼ੇਸ਼ ਮਹਿਮਾਨ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀ, ਚੀਫ ਪਲਾਨਿੰਗ ਅਫਸਰ ਸ੍ਰੀ ਅਸ਼ੋਕ ਕੁਮਾਰ ਖਜੂਰੀਆ ਮੰਚ ਤੇ ਆਏ। ਉਹਨਾਂ ਨੇ ਮਾਣ ਮੱਤੀ ਵਿਦਾਈ-ਸਭਿਆਚਾਰਕ ਪ੍ਰੋਗਰਾਮ ਦੇ ਆਯੋਜਨ ਲਈ ਪ੍ਰਿੰਸੀਪਲ ਸ੍ਰੀ ਅਸ਼ੋਕ ਕੁਮਾਰ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇੰਨੇ ਵੱਡੇ ਸਭਿਆਚਾਰਕ ਸਮਾਰੋਹ ਵਿਚ ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ ਅਤੇ ਕੁਸ਼ਲਤਾ ਨਾਲ ਪ੍ਰਦਰਸ਼ਨ ਕੀਤਾ। ਉਹਨਾਂ ਨੇ ਸ੍ਰੀ ਪੁਰਸ਼ੋਤਮ ਲਾਲ ਸ਼ਰਮਾ ਨੂੰ ਉਹਨਾਂ ਦੀ ਵਿਦਾਈ 'ਤੇ ਬਹੁਤ-ਬਹੁਤ ਵਧਾਈ ਦਿੱਤੀ ਅਤੇ ਉਹਨਾਂ ਦੇ ਸਨਮਾਨ ਵਿਚ ਗਾਣੇ ਦੇ ਬੋਲ ਵੀ ਸੁਣਾਏ।

ਪ੍ਰੋਗਰਾਮ ਦੇ ਮਹਿਮਾਨ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀ, ਚੇਅਰਮੈਨ ਨਾਮਨੀ, ਸਕੂਲ ਪ੍ਰਬੰਧਕ ਕਮੇਟੀ, ਜਵਾਹਰ ਨਵੋਦਿਆ ਵਿਦਿਆਲਿਆ ਊਧਮਪੁਰ, ਅਸਿਸਟੈਂਟ ਡਾਇਰੈਕਟਰ ਪਲਾਨਿੰਗ ਊਧਮਪੁਰ ਸ੍ਰੀ ਦਰਸ਼ਨ ਕੁਮਾਰ ਮੰਚ 'ਤੇ ਆਏ। ਉਹਨਾਂ ਨੇ ਸਭਿਆਚਾਰਕ ਪ੍ਰੋਗਰਾਮ ਦੁਆਰਾ ਆਯੋਜਿਤ ਇਸ ਵੱਡੇ ਵਿਦਾਈ ਸਮਾਰੋਹ ਦੇ ਲਈ ਸਕੂਲ ਪ੍ਰਸ਼ਾਸਨ ਦੀ ਸ਼ਲਾਘਾ ਕੀਤੀ। ਉਹਨਾਂ ਨੇ ਸ੍ਰੀ ਪੁਰਸ਼ੋਤਮ ਲਾਲ ਸ਼ਰਮਾ ਨੂੰ ਉਹਨਾਂ ਦੀ ਵਿਦਾਈ 'ਤੇ ਬਹੁਤ-ਬਹੁਤ ਵਧਾਈ ਦਿੱਤੀ।

ਇਸ ਤੋਂ ਇਲਾਵਾ ਉਹਨਾਂ ਨੇ ਪ੍ਰਿੰਸੀਪਲ ਸ੍ਰੀ ਅਸ਼ੋਕ ਕੁਮਾਰ ਦੀ ਅਗਵਾਈ ਵਿਚ ਸਕੂਲ ਦੇ ਸੁੰਦਰ ਸਾਂਭ-ਸੰਭਾਲ, ਸਕੂਲ ਦੇ ਵਿਦਿਆਰਥੀਆਂ ਦੇ ਚਰਿੱਤਰ ਨਿਰਮਾਣ ਅਤੇ ਕੈਰੀਅਰ ਨਿਰਮਾਣ ਦੇ ਲਈ ਸਕੂਲ ਦੇ ਉੱਚ ਸਿੱਖਿਆ ਅਤੇ ਸਭਿਆਚਾਰਕ ਵਾਤਾਵਰਣ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਸਕੂਲ ਦੇ ਹਿੱਤ-ਸੰਪਾਦਨ ਦੇ ਲਈ ਜ਼ਿਲ੍ਹਾ ਪ੍ਰਸ਼ਾਸਨ ਦੁਆਰਾ ਸਕੂਲ ਪ੍ਰਸ਼ਾਸਨ ਨੂੰ ਹਰ ਸੰਭਵ ਸਹਾਇਤਾ ਦਿੱਤੀ ਜਾਵੇਗੀ।

ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਉਲੇਖ ਕਰਦੇ ਹੋਏ ਇਹ ਵੀ ਕਿਹਾ ਕਿ ਪ੍ਰਿੰਸੀਪਲ ਸ੍ਰੀ ਅਸ਼ੋਕ ਕੁਮਾਰ ਦੁਆਰਾ ਸਕੂਲ ਵਿਚ ਪ੍ਰਬੰਧ ਸੰਭਾਲਣ ਦੇ ਵਕਤ ਸਕੂਲ ਦੀ ਸਥਿਤੀ ਕਾਫੀ ਮਾੜੀ ਸੀ। ਸਕੂਲ ਵਿਚ ਅਨੁਸ਼ਾਸਨਹੀਣਤਾ ਦੇ ਕਾਰਨ ਸਿੱਖਿਆ ਅਤੇ ਪ੍ਰਸ਼ਾਸਨਿਕ ਪੱਧਰ ਤ`ਆਈ ਗਿਰਾਵਟ ਨੂੰ ਪ੍ਰਿੰਸੀਪਲ ਸ੍ਰੀ ਅਸ਼ੋਕ ਕੁਮਾਰ ਨੇ ਆਪਣੀ ਕੁਸ਼ਲਤਾ ਅਤੇ ਸੂਝ ਬੂਝ ਨਾਲ ਜੜ੍ਹ ਤੋਂ ਨਸ਼ਟ ਕਰ ਦਿੱਤਾ। ਬਹੁਪੱਧਰੀ ਸ਼ਖਸੀਅਤ ਦੇ ਧਨੀ ਸ੍ਰੀ ਅਸ਼ੋਕ ਕੁਮਾਰ ਨੇ ਆ-ਪਣੀਆਂ ਅਣਥੱਕ ਸੇਵਾਵਾਂ ਦਿੰਦੇ ਹੋਏ ਸਹਿ ਸਿੱਖਿਆ ਰਿਹਾਇਸ਼ੀ ਸਕੂਲ ਨੂੰ ਸਫਲਤਾ ਦੇ ਸਿਖਰ ਤੇ ਪਹੁੰਚਾਇਆ। ਉਹਨਾਂ ਨੇ ਸਿੱਖਿਆ ਗਤੀਵਿਧੀਆਂ, ਰਿਮੇਡੀਅਨ ਸਟੱਡੀਜ਼, ਨਿਰਦੇਸ਼ਿਤ ਅਧਿਐਨ (ਸੁਪਰਵਾਈਜ਼ਡ ਸਟੱਡੀਜ਼), ਯੋਗਾ, ਖੇਡਾਂ ਅਤੇ ਸਭਿਆਚਾਰਕ ਗਤੀਵਿਧੀਆਂ ਦਾ ਨਿੱਜੀ ਪੱਧਰ ਤੇ ਸੂਖਮਤਾ ਨਾਲ ਨਿਗਰਾਨੀ ਕੀਤੀ ਅਤੇ ਉਹਨਾਂ ਸਾਰੀਆਂ ਗਤੀਵਿਧੀਆਂ ਨੂੰ ਸਫਲਤਾ ਪੂਰਵਕ ਆਯੋਜਿਤ ਕਰਵਾਇਆ। ਉਹਨਾਂ ਦੇ ਵਧੀਆ ਮਾਰਗ ਦਰਸ਼ਨ ਵਿਚ ਸਕੂਲ ਨੇ ਮਿਡਲ ਅਤੇ ਉੱਚ ਮਿਡਲ ਪੱਧਰ ਤੇ ਕੇਂਦਰੀ ਮਿਡਲ ਸਿੱਖਿਆ ਬੋਰਡ ਦੁਆਰਾ ਆਯੋਜਿਤ ਪ੍ਰੀਖਿਆ 2016 ਵਿਚ ਜ਼ਿਆਦਾਤਰ ਵਿਸ਼ਿਆਂ ਵਿਚ ਸੌ ਫੀਸਦੀ ਸਫਲਤਾ ਪ੍ਰਾਪਤ ਕਰਦੇ ਹੋਏ ਪਿਛਲੇ ਕਈ ਸਾਲਾਂ ਦੇ ਪ੍ਰੀਖਿਆ ਨਤੀਜਿਆਂ ਨੂੰ ਕੁਆਲਟੀ ਵਾਲੇ ਬਣਾਇਆ। ਇਸ ਤੋਂ ਇਲਾਵਾ ਅਧਿਆਪਕ ਜੀ ਨੇ ਨਿੱਜੀ ਮਾਣ ਤੋਂ ਪ੍ਰਭਾਵਿਤ ਹੁੰਦੇ ਹੋਏ ਉਹਨਾਂ ਦੇ ਅਧੀਨ ਸਾਰੇ ਕਰਮਚਾਰੀਆਂ ਵਿਚ ਆਪਸੀ ਸਹਿਹੋਂਦ ਭਾਵਨਾ ਵਿਕਸਤ ਕੀਤੀ।

ਪ੍ਰੋਗਰਾਮ ਦੇ ਆਖਰੀ ਪੱਧਰ ਤੇ ਸਰੀਰਕ-ਸਿੱਖਿਆ ਦੇ ਅਧਿਆਪਕ ਸ੍ਰੀ ਪੁਰਸ਼ੋਤਮ ਲਾਲ ਸ਼ਰਮਾ ਜੀ ਨੇ ਆਪਣੇ ਭਾਸ਼ਣ ਵਿਚ ਅਧਿਆਪਕ ਦੇ ਨਿਰਦੇਸ਼ਨ ਵਿਚ ਆਯੋਜਿਤ ਇਸ ਸ਼ਾਨਦਾਰ ਸਭਿਆਚਾਰਕ ਅਤੇ ਵਿਦਾਈ ਸਮਾਰੋਹ ਦੇ ਲਈ ਕੋਟਿ-ਕੋਟਿ ਧੰਨਵਾਦ ਕੀਤਾ ਅਤੇ ਨਿੱਜੀ ਪੱਧਰ ਤੇ ਸੰਤੁਸ਼ਟੀ ਅਤੇ ਪ੍ਰਸੰਨਤਾ ਪ੍ਰਗਟ ਕੀਤੀ।

ਉਹਨਾਂ ਨੇ ਆਪਣੇ ਕੈਰੀਅਰ ਵਿਚ ਕਮੇਟੀ ਲਈ ਕੀਤੀਆਂ ਨਿਰਸਵਾਰਥ ਸੇਵਾਵਾਂ ਦਾ ਸੰਖੇਪ ਲੇਖਾ-ਜੋਖਾ ਦਿੱਤਾ। ਉਹਨਾਂ ਨੇ ਸਾਲ 1996 ਤੋਂ ਸਾਲ 2000 ਦੇ ਦਿਨਾਂ ਨੂੰ ਯਾਦ ਕੀਤਾ ਜਦੋਂ ਸ੍ਰੀ ਅਸ਼ੋਕ ਕੁਮਾਰ ਜੀ ਇਸ ਸਕੂਲ ਵਿਚ ਆਪਣੀਆਂ ਬੇਸ਼ਕੀਮਤੀ ਸੇਵਾਵਾਂ ਪੀ. ਜੀ. ਟੀ. ਇਤਿਹਾਸ ਦੇ ਰੂਪ ਵਿਚ ਦੇ ਰਹੇ ਸਨ।

ਸ੍ਰੀ ਪੁਰਸ਼ੋਤਮ ਲਾਲ ਸ਼ਰਮਾ ਜੀ ਮੁਤਾਬਕ ਸ੍ਰੀ ਅਸ਼ੋਕ ਕੁਮਾਰ ਜੀ ਨੇ ਇਕ ਅਧਿਆਪਕ ਦੇ ਰੂਪ ਵਿਚ ਇਸ ਸਕੂਲ ਦੇ ਹਿੱਤ ਵਿਚ ਪੁਰਜ਼ੋਰ ਕੰਮ ਕੀਤੇ। ਸ੍ਰੀ ਪੁਰਸ਼ੋਤਮ ਲਾਲ ਸ਼ਰਮਾ ਜੀ ਨੇ ਸ੍ਰੀ ਅਸ਼ੋਕ ਕੁਮਾਰ ਜੀ ਦੇ ਅਧਿਆਪਕ ਦੇ ਰੂਪ ਵਿਚ ਨਿਭਾਈਆਂ ਸੇਵਾਵਾਂ ਤੇ ਰੋਸ਼ਨੀ ਪਾਉਂਦਿਆਂ ਕਿਹਾ ਕਿ ਉਹਨਾਂ ਨੇ ਸਕੂਲ ਦੇ 31 ਸਾਲਾਂ ਦੇ ਇਤਿਹਾਸ ਵਿਚ ਪਹਿਲੀ ਵਾਰ ਜ਼ਿਲ੍ਹਾ ਪ੍ਰਸ਼ਾਸਨ ਤੋਂ ਸਹਿਯੋਗ ਲੈ ਕੇ ਕੁਸ਼ਲਤਾ ਨਾਲ ਲਿੰਕ ਸੜਕ ਨੂੰ ਪੱਕਾ ਕਰਵਾਇਆ ਜੋ ਕਿ ਸਕੂਲ ਦੀ ਉਪਲਬਧੀ ਹੈ। ਉਹਨਾਂ ਮੁਤਾਬਕ ਸ੍ਰੀ ਅਸ਼ੋਕ ਕੁਮਾਰ ਜੀ ਵਿਦਿਆਰਥੀਆਂ ਦੇ ਹਿੱਤ ਸੰਪਾਦਨ ਵਿਚ ਲੋੜ ਮੁਤਾਬਕ ਆਪਣੀਆਂ ਸੇਵਾਵਾਂ ਦਿੰਦੇ ਆਏ ਹਨ ਅਤੇ ਭਵਿੱਖ ਵਿਚ ਵੀ ਦਿੰਦੇ ਰਹਿਣਗੇ।

ਉਹਨਾਂ ਦੇ ਭਾਸ਼ਣ ਤੋਂ ਬਾਅਦ ਅਹਿਮ ਮਹਿਮਾਨਾਂ ਅਤੇ ਸਕੂਲ ਪਰਿਵਾਰ ਵੱਲੋਂ ਸ੍ਰੀ ਪੁਰਸ਼ੋਤਮ ਲਾਲ ਸ਼ਰਮਾ ਜੀ ਅਤੇ ਉਹਨਾਂ ਦੇ ਪਰਿਵਾਰ ਨੂੰ ਫੁੱਲ ਮਾਲਾਵਾਂ ਸਮਰਪਣ ਕੀਤੀਆਂ ਅਤੇ ਯਾਦਗਾਰੀ ਚਿੰਨ੍ਹ ਭੇਂਟ ਕੀਤਾ। ਇਸ ਤੋਂ ਬਾਅਦ ਇਕ ਵਿਸ਼ੇਸ਼ ਭੋਜ ਦਾ ਆਯੋਜਨ ਹੋਇਆ। ਪ੍ਰੋਗਰਾਮ ਵਿਚ ਮੰਚ ਸੰਚਾਲਨ ਸ੍ਰੀ ਅਮਿਤ ਕੁਮਾਰ ਸ਼ਰਮ ਜੀ, ਪੀ. ਜੀ. ਟੀ. ਹਿੰਦੀ ਅਤੇ ਸ਼੍ਰੀਮਤੀ ਕਰਮਜੀਤ ਕੌਰ ਪੀ. ਜੀ. ਟੀ. ਅਰਥ ਸ਼ਾਸਤਰ ਨੇ ਕੀਤਾ। ਇਸ ਤਰ੍ਹਾਂ ਸਕੂਲ ਵਿਚ ਇਕ ਸਫਲ ਵਿਦਾਈ ਸਮਾਰੋਹ ਸਭਿਆਚਾਰਕ ਪ੍ਰੋਗਰਾਮ ਦੇ ਰੂਪ ਵਿਚ ਆਯੋਜਿਤ ਹੋਇਆ।

ਸ੍ਰੀ ਨੀਰਜ ਕੁਮਾਰ (ਆਈ. ਏ. ਐਸ.) ਜ਼ਿਲ੍ਹਾ ਮੈਜਿਸਟ੍ਰੇਟ ਊਧਮਪੁਰ (ਜੇ. ਐਂਡ ਕੇ.) ਜੀ ਵੱਲੋਂ ਜਵਾਹਰ ਨਵੋਦਿਆ ਵਿਦਿਆਲਿਆ ਊਧਮਪੁਰ ਦੇ ਲਈ ਵਧੀਆ ਪ੍ਰਸ਼ਾਸਨਿਕ ਸਹਿਯੋਗ ਦੇਣ ਲਈ ਸ੍ਰੀ ਅਸ਼ੋਕ ਕੁਮਾਰ ਪ੍ਰਿੰਸੀਪਲ ਜੀ ਨੇ ਧੰਨਵਾਦ ਕੀਤਾ ਅਤੇ ਇਸ ਦੇ ਨਾਲ ਹੀ ਪ੍ਰਿੰਸੀਪਲ ਸ੍ਰੀ ਅਸ਼ੋਕ ਕੁਮਾਰ ਜੀ ਨੇ ਬਾਰਡਰ ਸਕਿਊਰਟੀ ਫੋਰਸ ਦਾ ਵੀ ਸਹਿਯੋਗ ਦੇਣ ਲਈ ਧੰਨਵਾਦ ਕੀਤਾ।

# ਸਮਾਜਿਕ ਕ੍ਰਾਂਤੀ ਦੇ ਯੋਧੇ ਰੰਗਕਰਮੀ ਮੱਖਣ ਕ੍ਰਾਂਤੀ ਨੂੰ ਭਾਵ ਭਿੰਨੀਆਂ ਸ਼ਰਧਾਂਜਲੀਆਂ




















**ਮੁਕੰਦਪੁਰ, (ਰੇਸ਼ਮ ਕਰਨਾਣਵੀ)-** ਸਮਾਜਿਕ ਪਰਿਵਰਤਨ, ਦੱਬੇ ਕੁਚਲੇ ਵਰਗ ਦੇ ਉਥਾਨ ਲਈ ਆਪਣੀ ਸੋਚ ਦੀ ਪ੍ਰਚੰਡ ਲੋਅ ਬਾਲਣ ਦੇ ਸਾਰਥਿਕ ਅਤੇ ਅਮਲੀ ਯਤਨ ਤਨਦੇਹੀ ਨਾਲ਼ ਕਰਨ ਵਾਲੇ ਯੋਧੇ ਅਧਿਆਪਕ, ਲੇਖਕ, ਕਵੀ, ਨਿਰਦੇਸ਼ਕ, ਰੰਗ-ਕਰਮੀ, ਜਥੇਬੰਦਕ ਸੰਘਰਸ਼ਾਂ ਦਾ ਰਾਹੀ ਮੱਖਣ ਕ੍ਰਾਂਤੀ ਦੇ ਬੇਵਕਤੀ ਵਿਛੋੜੇ ਤੇ ਉਨ੍ਹਾਂ ਦੇ ਜੱਦੀ ਪਿੰਡ ਲਾਂਦੜਾ (ਜਲੰਧਰ) ਵਿਖੇ ਇੱਕ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ, ਪਿੰਡ ਵਾਸੀਆਂ, ਰਿਸ਼ਤੇਦਾਰਾਂ, ਸਾਕ ਸਬੰਧੀਆਂ, ਅਧਿਆਪਕਾਂ ਅਤੇ ਅਧਿਆਪਕ ਜਥੇਬੰਦੀਆਂ ਦੇ ਪ੍ਰਮੁੱਖ ਅਹੁਦੇਦਾਰਾਂ, ਰਾਜਨੀਤਕ ਹਸਤੀਆਂ, ਕਲਾ ਤੇ ਸਾਹਿਤ ਖੇਤਰ ਦੀਆਂ ਉੱਘੀਆਂ ਸਖ਼ਸ਼ੀਅਤਾਂ, ਵੱਖ-ਵੱਖ ਸਾਹਿਤ ਸਭਾਵਾਂ ਦੇ ਅਹੁਦੇਦਾਰਾਂ, ਮਾਲਵਾ ਖੇਤਰ ਦੀਆਂ ਪ੍ਰਗਤੀ ਕਲਾ ਕੇਂਦਰ ਦੀਆਂ ਇਕਾਈਆਂ ਦੇ ਰੰਗ ਕਰਮੀਆਂ ਤੇ ਹੋਰ ਪਤਵੰਤਿਆਂ ਨੇ ਸ਼ਿਰਕਤ ਕੀਤੀ। ਸਭਨਾਂ ਨੇ ਦਿਲਾਂ ਦੀਆਂ ਗਹਿਰਾਈਆਂ ਤੋਂ ਡੂੰਘਾ ਦੁੱਖ ਪ੍ਰਗਟ ਕਰਦੇ ਹੋਏ ਵਿਛੜੇ ਹੋਏ ਆਪਣੇ ਮਹਿਬੂਬ ਸਾਥੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਬੁਲਾਰਿਆਂ ਵਲੋਂ ਮੱਖਣ ਕ੍ਰਾਂਤੀ ਦੀ ਬੇਦਾਗ਼ ਅਤੇ ਬੁਲੰਦ ਕਿਰਦਾਰ, ਇਨਕਲਾਬੀ ਅਤੇ ਪ੍ਰਗਤੀਵਾਦੀ ਸੋਚ ਦੇ ਅਮਲਾਂ ਰਾਹੀਂ ਪਹਿਰਾ ਦੇਣ ਅਤੇ ਨਵੀਆਂ ਸਿਰਜੀਆਂ ਪੈੜਾਂ ਤੇ ਚਾਨਣਾ ਪਾਉਂਦਿਆਂ ਅੱਖਾਂ ਨਾਲ਼ ਸ਼ਰਧਾਂਜਲੀਆਂ ਭੇਂਟ ਕੀਤੀਆਂ। ਕ੍ਰਾਂਤੀ ਦੇ ਬੇਵਕਤੀ ਸਦੀਵੀ ਵਿਛੋੜੇ ਕਾਰਨ ਪੈਦਾ ਹੋਏ ਖਲਾਅ ਨੂੰ ਉਸ ਦੀ ਵਿਸ਼ਾਲ ਇਨਕਲਾਬੀ ਅਤੇ ਸਮਾਜਿਕ ਪਰਿਵਰਤਨ ਵਾਲੀ ਸੋਚ ਨੂੰ ਜਨ ਜਨ ਤੱਕ ਪਹੁਚਾਉਣ ਦਾ ਸੰਕਲਪ ਲਿਆ। ਇਸ ਮੌਕੇ ਸੰਤ ਸਤਵਿੰਦਰ ਸਿੰਘ ਹੀਰਾ ਆਦਿ ਧਰਮ ਮੰਡਲ ਅੰਦੋਲਨ ਖੁਰਾਲਗੜ੍ਹ, ਜੈ ਸਿੰਘ ਫਿੱਲਰ, ਸੀ.ਪੀ.ਆਈ.ਐੱਮ. ਦੇ ਆਗੂ ਲਹਿੰਬਰ ਸਿੰਘ ਤੱਗੜ, ਦੇਸ਼ ਭਗਤ ਯਾਦਗਾਰੀ ਕਮੇਟੀ ਦੇ ਟਰੱਸਟੀ ਗੁਰਮੀਤ ਸਿੰਘ ਢੱਡਾ, ਸ਼ਹੀਦ ਏ ਆਜ਼ਮ ਭਗਤ ਸਿੰਘ ਦੇ ਭਾਣਜਾ ਪ੍ਰੋ: ਜਗਮੋਹਣ ਸਿੰਘ ਜਮਹੂਰੀ ਅਧਿਕਾਰ ਸਭਾ ਪੰਜਾਬ, ਐਸ. ਐੱਲ. ਵਿਰਦੀ, ਡਾ. ਤੇਜਵੰਤ ਮਾਨ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਪੰਜਾਬ, ਬਲਕਾਰ ਸਿੱਧੂ ਇਪਟਾ ਪੰਜਾਬ, ਬਸਪਾ ਆਗੂ ਅਵਤਾਰ ਸਿੰਘ ਕਰੀਮਪੁਰੀ, ਕ੍ਰਾਂਤੀ ਦੀ ਸਤਿਕਾਰਤ ਅਧਿਆਪਕਾ ਗੁਰਪਰਮਜੀਤ ਕੌਰ ਤੱਗੜ, ਰਵਿੰਦਰ ਸਿੰਘ ਰੱਬੀ ਸੱਜਰੀ ਸਵੇਰ ਕਲਾ ਕੇਂਦਰ ਮੋਰਿੰਡਾ, ਜੈ ਸਿੰਘ ਫਿਲੌਰ ਦਲਿਤ ਦਾਸਤਾ ਵਿਰੋਧੀ ਅੰਦੋਲਨ, ਜਸਪਾਲ ਸਿੰਘ ਗਿੱਦਾ ਸਕੱਤਰ ਉਪਕਾਰ ਕੋਆਰਡੀਨੇਸ਼ਨ ਸੋਸਾਇਟੀ ਨਵਾਂਸ਼ਹਿਰ,ਬਸਪਾ ਆਗੂ ਪਰਵੀਨ ਬੰਗਾ, ਪਵਨ ਹਰਚੰਦ ਪੁਰੀ ਜਨਰਲ ਸਕੱਤਰ ਪੰਜਾਬੀ ਲੇਖਕ ਸਭਾ, ਸੁਮਨ ਸ਼ਾਮਪੁਰੀ ਸੰਪਾਦਕ ਦਰਪਣ, ਜਸਵੀਰ ਸਿੰਘ ਪਾਲ ਚੇਅਰਮੈਨ ਐਸ.ਸੀ.,ਬੀ.ਸੀ. ਇੰਪਲਾਈਜ਼ ਫੈਡੇਰੇਸ਼ਨ, ਡੀ.ਡੀ. ਕਲਿਆਣੀ ਰਾਸ਼ਟਰੀ ਪ੍ਰਧਾਨ ਭਾਰਤੀਯ ਸਮਾਜ ਨਿਰਮਾਣ ਸੰਘ, ਮਨੀ ਰਾਮ ਪੂਨੀਆਂ ਰਾਜਸਥਾਨ, ਸੁਖਦੇਵ ਸਿੰਘ ਭੋਪਾਲ ਮਾਨਵ ਕੇਂਦਰਤ ਮੰਚ, ਹਰਬੰਸ ਵਿਰਦੀ ਯੂ.ਕੇ. ਅਤੇ ਸੋਹਣ ਸਹਿਜਲ ਨੇ ਆਪਣੇ ਭਾਵ ਭਿੰਨੇ ਬੋਲਾਂ ਰਾਹੀਂ ਮੱਖਣ ਕ੍ਰਾਂਤੀ ਦੀਆਂ ਯਾਦਾਂ ਨੂੰ ਤਾਜ਼ਾ ਕਰਦੇ ਹੋਏ ਸ਼ਰਧਾ ਦੇ ਫੁੱਲ ਭੇਟ ਕੀਤੇ। ਬੁਲਾਰਿਆਂ ਵਿੱਚ ਮੱਖਣ ਕ੍ਰਾਂਤੀ ਦੀ ਧੀ ਸਿਮਰਨਜੀਤ ਕ੍ਰਾਂਤੀ ਨੇ ਆਪਣੇ ਗੀਤ "ਇਸ ਗੰਦੇ ਸਿਸਟਮ ਨੇ ਕ੍ਰਾਂਤੀ ਸਾਥੋਂ ਖੋਹ ਲਿਆ'' ਨਾਲ਼ ਮਾਹੌਲ ਇੰਨਾ ਗ਼ਮਗੀਨ ਕਰ ਦਿੱਤਾ। ਬੇਟੀ ਸਿਮਰਨ ਦੀ ਕੁਰਲਾਉਂਦੀ ਰੂਹ ਦੀ ਇਸ ਆਵਾਜ਼ ਨਾਲ਼ ਸਮਾਗਮ ਵਿੱਚ ਹਾਜ਼ਰ ਕੋਈ ਵੀ ਸਖ਼ਸ਼ ਆਪਣੇ ਹੰਝੂ ਨਹੀਂ ਰੋਕ ਸਕਿਆ। ਇਸ ਗੰਦੇ ਨਿਜ਼ਾਮ ਦੀ ਕਾਰਜ ਪ੍ਰਨਾਲ਼ੀ ਤੇ ਸਵਾਲੀਆ ਚਿੰਨ੍ਹ ਕਦੋਂ ਤੱਕ ਜਵਾਬ ਮੰਗਦਾ ਰਹੇਗਾ ਇਸ ਦੀ ਚਿੰਤਾ ਹਰ ਬੁਲਾਰੇ ਵਲੋਂ ਕੀਤੀ ਗਈ। ਬੁਲਾਰਿਆਂ ਵਲੋਂ ਲੋਕ ਹਿੱਤ ਵਿੱਚ ਕੰਮ ਕਰਨ ਵਾਲੇ ਕ੍ਰਾਂਤੀ ਦੀ ਸਮਾਜ ਦੀ ਬਿਹਤਰੀ ਲਈ ਘਾਲਣਾ ਨੂੰ ਅੱਗੇ ਲਿਜਾਣ ਦੇ ਪ੍ਰਗਤੀ ਕਲਾ ਕੇਂਦਰ ਲਾਂਦੜਾ ਦੀ ਨਿਰੰਤਰ ਤੋਰ ਤੋਰਨ ਲਈ ਸਾਥ ਦੇਣ ਦਾ ਸੰਕਲਪ ਲਿਆ ਗਿਆ। ਇਸ ਮੌਕੇ ਸਮਾਜ ਦੀਆਂ ਵੱਖ-ਵੱਖ ਖੇਤਰਾਂ ਦੀਆਂ ਨਾਮਵਰ ਸ਼ਖਸ਼ੀਅਤਾਂ ਵਿੱਚ ਕਹਾਣੀਕਾਰ ਮੋਹਣ ਲਾਲ ਫਿਲੌਰੀਆ, ਸੋਹਣ ਲਾਲ ਸਾਂਪਲਾ, ਸੰਤ ਕ੍ਰਿਸ਼ਨ ਨਾਥ ਚਹੇੜੂ, ਅਮੋਲਕ ਸਿੰਘ ਸੂਬਾ ਪ੍ਰਧਾਨ ਪੰਜਾਬ ਲੋਕ ਸੱਭਿਆਚਾਰ ਮੰਚ, ਕਾਮਰੇਡ ਪ੍ਰਕਾਸ਼ ਕਲੇਰ ਦਫ਼ਤਰ ਸਕੱਤਰ ਜ਼ਿਲ੍ਹਾ ਜਲੰਧਰ, ਜਗਦੀਸ਼ ਛਾਜਲੀ ਅੰਬੇਦਕਰ ਚੇਤਨਾ ਮੰਚ, ਸੱਤਪਾਲ ਸਲੋਹ, ਕਹਾਣੀਕਾਰ ਅਜਮੇਰ ਸਿੱਧੂ, ਪ੍ਰੋ. ਸੰਧੂ ਵਰਿਆਣਵੀ, ਮਾਸਟਰ ਜਗਦੀਸ਼ ਅੰਬੇਦਕਰੀ ਚੇਤਨਾ ਮੰਚ, ਦਰਸ਼ਨ ਸਿੰਘ ਬਾਜਵਾ ਸੰਪਾਦਕ ਅੰਬੇਦਕਰੀ ਦੀਪ, ਸਮਾਜਿਕ ਚਿੰਤਕ ਰੌਸ਼ਨ ਭਾਰਤੀ, ਮੰਗਤ ਭਾਰਤੀ, ਧਰਮਪਾਲ ਪੈਂਥਰ, ਨਿਰਮਲ ਭੱਟੀ ਵਿਗਿਆਨਕ ਸੋਚ, ਕਰਨੈਲ ਸਿੰਘ ਸੰਧੂ, ਕਰਨੈਲ ਸਿੰਘ ਸੰਧੂ ਜੀ.ਟੀ.ਯੂ ਪ੍ਰਧਾਨ ਪੰਜਾਬ, ਜਤਿੰਦਰ ਬੱਬੂ ਘੁਵਾਣੀ, ਡਾ. ਗੁਰਮੇਜ ਮੱਟੂ, ਜਸਵੀਰ ਸਿੰਘ ਬੇਗਮਪੁਰੀ, ਨਿਰਮਲ ਸੰਘਾ ਯੂ.ਕੇ, ਪੱਤਰਕਾਰ ਕੁਲਦੀਪ ਬੰਗਾ, ਵਿੱਕੀ ਬਹਾਦਰ ਕੇ, ਮੁਨੀਸ਼ ਕੁਮਾਰ ਮਸਾਣੀ ਮਾਸਟਰ ਬਲਵਿੰਦਰ ਨਾਨੋਵਾਲੀਆ, ਗਿਆਨ ਗੰਗੜ ਮਿਸ਼ਨਰੀ ਗਾਇਕ, ਡਾ. ਰਾਮ ਮੂਰਤੀ, ਕਾਮਰੇਡ ਸੁਰਿੰਦਰ ਖੀਵਾ, ਰਾਜ ਦਦਰਾਲ, ਮਾਸਟਰ ਮੱਖਣ ਬਖਲੌਰ, ਪੰਮਾ ਸੁੰਨੜ ਹਾਜ਼ਰ ਸਨ। ਮੱਖਣ ਕ੍ਰਾਂਤੀ ਨਮਿਤ ਸ਼ਰਧਾਂਜਲੀ ਸਮਾਗਮ ਵਿੱਚ ਹਾਜ਼ਰ ਹੋਣ ਵਾਲੀਆਂ ਸਖ਼ਸ਼ੀਅਤਾਂ ਸਨੇਹੀਆਂ ਦਾ ਮੱਖਣ ਕ੍ਰਾਂਤੀ ਦੇ ਵੱਡੇ ਭਰਾ ਸੋਢੀ ਰਾਣਾ ਅਤੇ ਪਰਿਵਾਰ ਵਲੋਂ ਤਹਿ ਦਿਲੋਂ ਧੰਨਵਾਦ ਕੀਤਾ। ਇਸ ਸਮਾਗਮ ਦੇ ਸੂਤਰਧਾਰ ਦਾ ਫਰਜ਼ ਮਾਸਟਰ ਰਜਿੰਦਰ ਕੁਮਾਰ ਚੱਕ ਹਕੀਮ ਨੇ ਬਾਖ਼ੂਬੀ ਨਿਭਾਇਆ। ਸ਼ਰਧਾਂਜਲੀ ਸਮਾਗਮ ਵਿਚ ਵੱਖ ਵੱਖ ਸੰਸਥਾਵਾਂ ਵਲੋਂ ਸ਼ੋਕ ਮਤੇ ਭੇਜੇ ਗਏ ਜਿਨ੍ਹਾਂ ਵਿੱਚ ਏਕਨੂਰ ਸਵੈ ਸੇਵੀ ਸੰਸਥਾ ਪਠਲਾਵਾ, ਡਾ.ਬੀ.ਆਰ. ਅੰਬੇਦਕਰ ਮਿਸ਼ਨਰੀ, ਵੈਲਫੇਅਰ ਸੋਸਾਇਟੀ ਮੋਹਾਲੀ, ਬਲੱਡ ਡੋਨਰਜ਼ ਕੌਂਸਲ ਨਵਾਂਸ਼ਹਿਰ, ਲੋਕ ਹਿੱਤ ਸੰਘਰਸ਼ ਕਮੇਟੀ ਬਿਲਗਾ, ਸੱਚ ਫਾਊਂਡੇਸ਼ਨ ਹੁਸ਼ਿਆਰਪੁਰ, ਐਸ.ਡੀ.ਪਬਲਿਕ ਸੀ.ਸੈ.ਸਕੂਲ ਅੱਪਰਾ, ਪੰਜਾਬੀ ਸਾਹਿਤ ਸਭਾ ਦੁਸਾਂਝ ਕਲਾਂ, ਪ੍ਰੀਤ ਸਾਹਿਤ ਸਭਾ ਫਗਵਾੜਾ, ਗੋਰਮਿੰਟ ਟੀਚਰ ਯੂਨੀਅਨ ਵਿਗਿਆਨਕ, ਸ਼ਹੀਦ ਭਗਤ ਸਿੰਘ ਟਰੱਸਟ ਨਿਊਜ਼ੀਲੈਂਡ, ਅਧਿਆਪਕ ਭਲਾਈ ਕਮੇਟੀ ਫਗਵਾੜਾ, ਅਜ਼ਾਦ ਰੰਗ ਮੰਚ ਨਿਊਜ਼ੀਲੈਂਡ, ਸੱਜਰੀ ਸਵੇਰ ਕਲਾ ਕੇਂਦਰ ਮੋਰਿੰਡਾ,ਕੁਦਰਤ ਮਾਨਵ ਕੇਂਦਰ ਪੰਜਾਬ, ਜੁਆਬ ਸੋਸਾਇਟੀ ਪੰਜਾਬ, ਡੀ.ਟੀ.ਐਫ ਪੰਜਾਬ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ, ਦੇਸ਼ ਭਗਤ ਯਾਦਗਾਰੀ ਕਮੇਟੀ ਲੁਧਿਆਣਾ, ਜਾਗ੍ਰਿਤੀ ਕਲਾ ਕੇਂਦਰ ਔੜ, ਭਗਵਾਨ ਵਾਲਮੀਕੀ ਸਿੱਖਿਆ ਪ੍ਰਸਾਰ ਅਤੇ ਵਿਕਾਸ ਕਮੇਟੀ, ਸ੍ਰੀ ਗੁਰੂ ਰਵਿਦਾਸ ਸਭਾ ਅਮਰਪੁਰਾ, ਅਦਾਰਾ ਅੰਬੇਦਕਰੀ ਦੀਪ ਸੰਗਰੂਰ, ਸਮਾਜਿਕ ਪਰਿਵਰਤਨ ਸੋਸਾਇਟੀ ਪੰਜਾਬ ਤੇ ਯੂ.ਕੇ., ਪ੍ਰਗਤੀ ਕਲਾ ਕੇਂਦਰ ਇਕਾਈ ਮਾਲਵਾ, ਇਕਾਈ ਸ਼ੇਰਪੁਰ, ਇਕਾਈ ਚੱਕ ਦੇਸ ਰਾਜ, ਗੌਰਮਿੰਟ ਸਕੂਲ ਟੀਚਰ ਯੂਨੀਅਨ, ਪੰਜਾਬ ਸੁਬਾਰਡੀਨੇਟ ਸਰਵਸਿਜ਼ ਫੈਡਰੇਸ਼ਨ, ਸਾਹਿਤ ਸਭਾ ਗੁਰਾਇਆ, ਲੋਕ ਕਲਾ ਮੰਚ ਬਿਲਗਾ, ਡਾ. ਅੰਬੇਦਕਰ ਚੇਤਨਾ ਮਾਰਚ ਕਮੇਟੀ ਜਲੰਧਰ ਅਤੇ ਲੰਗੇਰੀ ਬਾਲ ਕਲਾ ਮੰਚ ਦੇ ਸ਼ੋਕ ਮਤੇ ਸ਼ਾਮਲ ਸਨ।

# ਕ੍ਰਾਂਤੀ ਦਾ ਦੀਪਕ ਮੱਖਣ ਕ੍ਰਾਂਤੀ ਨੂੰ ਭਾਰੀ ਗਿਣਤੀ ਵਿਚ ਪਹੁੰਚੀ ਸੰਗਤ ਨੇ ਭੇਂਟ ਕੀਤੀਆਂ ਸ਼ਰਧਾਂਜਲੀਆਂ


ਇਕ ਸਮਾਗਮ ਦੌਰਾਨ ਮੱਖਣ ਕ੍ਰਾਂਤੀ ਆਪਣੇ ਵਿਚਾਰ ਪੇਸ਼ ਕਰਦੇ ਹੋਏ। ਨਾਲ ਖੜੇ ਹਨ ਸ੍ਰੀ ਰੋਸ਼ਨ ਭਾਰਤੀ






### ਕ੍ਰਾਂਤੀ ਦਾ ਦੀਪਕ ਮੱਖਣ ਕ੍ਰਾਂਤੀ ਜਿੰਦਾਬਾਦ

ਰੰਗਮੰਚ ਦਾ ਮਹਾਂਨਾਇਕ ਮੱਖਣ ਕ੍ਰਾਂਤੀ ਦਾ ਵਿਛੋੜਾ ਮੈਥੋਂ ਅਤੇ ਸਾਡੇ ਬੁੱਧੀਜੀਵੀਆਂ ਕੋਲੋਂ ਝੱਲ ਨਹੀਂ ਹੋ ਰਿਹਾ, ਜਿਸਨੇ ਕਿ ਹਮੇਸ਼ਾ ਹੀ ਨੌਜਵਾਨ ਪੀੜ੍ਹੀ ਨੂੰ ਦੇਸ਼ ਭਗਤਾਂ, ਆਜ਼ਾਦੀ ਦੇ ਪ੍ਰਵਾਨਿਆਂ ਦੀਆਂ ਕ੍ਰਾਂਤੀਕਾਰੀ ਸੰਘਰਸ਼ ਦੇ ਰਾਹ 'ਤੇ ਚੱਲਣ ਲਈ ਪ੍ਰੇਰਿਆ ਅਤੇ ਭਾਰਤ ਦੇਸ਼ ਵਿਚ ਅਸਮਾਨਤਾ, ਚਾਹੇ ਕਿਸੇ ਵੀ ਪ੍ਰਕਾਰ ਦੀ ਹੋਵੇ, ਨੂੰ ਖਤਮ ਕਰਕੇ ਸਮਾਜ ਵਿਚ ਸਮਾਨਤਾ ਕਾਇਮ ਕਰਨ ਲਈ ਨਾਟਕ, ਕੋਰੀਓਗ੍ਰਾਫੀ ਰਾਹੀਂ ਜਾਗਰਿਤ ਕੀਤਾ। ਮੱਖਣ ਕ੍ਰਾਂਤੀ ਦਾ ਅਚਾਨਕ ਚਲੇ ਜਾਣਾ ਸਮਾਜ ਵਿਚ ਨਾ ਪੂਰਾ ਹੋਣ ਵਾਲਾ ਘਾਟਾ ਹੈ। ਇੰਗਲੈਂਡ, ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ, ਗ੍ਰੀਸ, ਦੁਬਈ, ਭਾਰਤ ਵਰਸ਼ ਵਿਚ ਬੈਠੇ ਲੱਖਾਂ ਕਰੋੜਾਂ ਪਰਿਵਾਰਾਂ ਵਿਚ ਸ਼ੋਕ ਦੀ ਲਹਿਰ ਦੌੜ ਗਈ ਹੈ।

**- ਰੋਸ਼ਨ ਭਾਰਤੀ**

ਮੱਖਣ ਕ੍ਰਾਂਤੀ ਉਨਾ ਚਿਰ ਤੂੰ ਜਿੰਦਾ ਰਹੇਂਗਾ,
ਜਿੰਨਾ ਚਿਰ ਤੇਰਾ ਸ਼ਾਗਿਰਦ ਇਨਕਲਾਬ-ਜਿੰਦਾਬਾਦ ਕਹੇਗਾ।
ਮੈਨੂੰ ਅਤੇ ਮੇਰੇ ਦਿਲ ਨੂੰ ਵੀ ਪਤਾ ਹੈ ਸੋਢੀ ਰਾਣਾ,
ਵਾਂਗ ਮੱਖਣ ਕ੍ਰਾਂਤੀ ਦੇ ਟਿਕ ਕੇ ਨਾ ਘਰ ਵਿਚ ਬਹੇਂਗਾ।
ਮਰਗੇ ਨੇ ਉਹ ਲੋਕ ਜਿਨ੍ਹਾਂ ਦੀ ਜਮੀਰ ਮਰ ਗਈ,
ਮੱਖਣ ਕ੍ਰਾਂਤੀ ਜਿੰਦਾ ਰਹੇਗਾ, ਕੌਣ ਕਹਿੰਦਾ ਤੂੰ ਮਰ ਗਿਆ।
ਬੱਲੇ ਉਏ ਸ਼ੇਰਾ ਮੱਖਣ ਕ੍ਰਾਂਤੀ ਤੂੰ ਮਿਸ਼ਨ ਦੀ ਬੇੜੀ ਵਿਚ ਤਰ ਗਿਆ,
ਰੋਸ਼ਨ ਭਾਰਤੀ ਰਹਿੰਦੀ ਦੁਨੀਆਂ ਤੱਕ ਨਾਂ ਤੇਰਾ ਰਹੇਗਾ ਜੋ ਕੰਮ ਅੱਗੇ ਕਰ ਗਿਆ।

ਬੇਖੌਫ ਹੋ ਕੇ ਸਟੇਜ ਤੇ ਗੱਜਣ ਵਾਲੇ ਨੌਜਵਾਨ ਸੂਰਮੇ ਜਿਹਨਾਂ ਨੇ ਕਿ ਬਚਪਨ ਵਿਚ ਹੀ ਆਪਣੇ ਦਿਮਾਗ ਦੇ ਵਿਚ ਸੰਕਲਪ ਲਿਆ ਸੀ ਕਿ ਅਸੀਂ ਉਹਨਾਂ ਲੋਕਾਂ ਨੂੰ ਭੈਅ ਮੁਕਤ, ਅਣਖੀ ਯੋਧਿਆਂ ਦੀਆਂ ਕਹਾਣੀਆਂ ਉਹਨਾਂ ਲੋਕਾਂ ਨੂੰ ਸੁਣਾਵਾਂਗੇ, ਜਿਹਨਾਂ ਨੂੰ ਵਿਗਿਆਨ ਦੇ ਯੁੱਗ ਵਿਚ ਵੀ ਭੂਤਾਂ-ਪ੍ਰੇਤਾਂ ਤੋਂ ਡਰ ਲੱਗਦਾ ਹੈ। ਸਭ ਤੋਂ ਪਹਿਲਾਂ ਮੈਂ ਸਿਜਦਾ ਕਰਦਾ ਹਾਂ ਸੂਰਬੀਰ ਯੋਧੇ ਮੋਹਨ ਬੰਗੜ, ਸੂਰਬੀਰ ਯੋਧੇ ਬਲਵੀਰ ਜਗਤਪੁਰੀ, ਸੂਰਵੀਰ ਯੋਧੇ ਪਰਮਜੀਤ ਗੋਸਲ, ਸੂਰਵੀਰ ਯੋਧੇ ਸੀ. ਐਲ. ਚੁੰਬਰ ਜੀ ਨੂੰ ਜਿਹਨਾਂ ਨੇ ਬਹੁਜਨ ਸਮਾਜ ਨੂੰ ਆਪਣੇ ਆਦਿਵਾਸੀ ਮਹਾਂਪੁਰਸ਼ਾਂ ਦੀਆਂ ਸਵੈ-ਜੀਵਨੀਆਂ ਦੀਆਂ ਗਾਥਾਵਾਂ ਸੁਣਾਈਆਂ ਅਤੇ ਇਹਨਾਂ ਦੇ ਅਕਾਲ ਚਲਾਣੇ ਦਾ ਗਮ ਸਮਾਜ 'ਚੋਂ ਅਜੇ ਗਿਆ ਨਹੀ ਸੀ, ਇਕ ਹੋਰ ਸਾਡੇ ਨਾਲ ਭਾਣਾ ਵਰਤ ਗਿਆ।

ਲੋਕ ਤਾਂ ਭੁੱਲ ਜਾਂਦੇ ਸੁਆਰਥ ਵਿਚ ਆ ਕੇ ਆਪਣੇ ਰਹਿਬਰਾਂ ਦੇ ਮਿਸ਼ਨ ਨੂੰ, ਪਰ ਕਈ ਹਜ਼ਾਰਾਂ ਲੋਕਾਂ ਦਾ ਇਕੱਠ ਇਹ ਦੱਸ ਗਿਆ ਕਿ ਮੱਖਣ ਕ੍ਰਾਂਤੀ ਇਕ ਸੱਚਾ-ਸੁੱਚਾ, ਮਿਹ-ਨਤੀ, ਇਮਾਨਦਾਰ ਮਿਸ਼ਨਰੀ ਲੀਡਰ, ਕਵੀ, ਗਜ਼ਲਕਾਰ ਅਤੇ ਰੰਗਮੰਚ ਦਾ ਮਹਾਂਨਾਇਕ, ਗਿਆਨ ਦਾ ਸਾਗਰ ਅਧਿਆਪਕ ਦਾ ਅਚਾਨਕ ਚਲੇ ਜਾਣਾ ਬਹੁਜਨ ਸਮਾਜ ਦੇ ਲੋਕਾਂ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ।

ਪਰ ਮੱਖਣ ਕ੍ਰਾਂਤੀ ਤੂੰ ਉਦੋਂ ਤੱਕ ਜਿਉਂਦਾ ਰਹੇਂਗਾ, ਜਦ ਤੱਕ ਤੇਰੀ ਕ੍ਰਾਂਤੀ ਦੇ ਵਿਚਾਰਾਂ ਨੂੰ ਜਿੰਦਾ ਰੱਖਣ ਵਾਲੇ ਤੇਰੇ ਸ਼ਾਗਿਰਦ ਤੇਰੇ ਆਪਣੇ ਹਮਖਿਆਲੀ ਸਾਥੀ ਤੇ ਤੇਰੀ ਕ੍ਰਾਂਤੀ ਦੇ ਵਿਚ ਉਜਵਲ ਭਵਿੱਖ ਨੂੰ ਵੇਖਣ ਵਾਲਾ ਹਰ ਨੌਜਵਾਨ ਤੇਰੀ ਕ੍ਰਾਂਤੀ ਦੇ ਵਿਚਾਰਾਂ ਦਾ ਘਰ ਆਪਣੇ ਦਿਲ-ਦਿਮਾਗ ਵਿਚ ਵਸਾ ਕੇ ਰੱਖਣਗੇ ਪਰ ਪਰਿਵਾਰਕ ਮੈਂਬਰਾਂ ਨੂੰ ਮੱਖਣ ਕ੍ਰਾਂਤੀ ਦੀ ਪਰਿਵਾਰਕ ਮੈਂਬਰ ਵਜੋਂ ਹਮੇਸ਼ਾ ਹੀ ਘਾਟ ਮਹਿਸੂਸ ਹੁੰਦੀ ਰਹੇਗੀ ਕਿ ਮੱਖਣ ਕ੍ਰਾਂਤੀ ਨੇ ਧੀਆਂ ਨੂੰ ਧੀ ਹੀ ਨਹੀਂ ਸਮਝਿਆ ਬਲਕਿ ਧੀਆਂ ਨੂੰ ਵੀ ਪੁੱਤਰਾਂ ਵਾਲਾ ਹੀ ਦਰਜਾ ਦਿੰਦਾ ਸੀ ਅਤੇ ਪੁੱਤਰਾਂ ਵਾਂਗ ਹੀ ਸਮਾਜ ਵਿਚ ਧੀਆਂ ਨੂੰ ਸਮਾਜ ਵਿਚ ਲੈ ਕੇ ਜਾਂਦਾ ਸੀ।

ਇਸਦੀ ਕਹਿਣੀ ਅਤੇ ਕਰਨੀ ਵਿਚ ਕੋਈ ਅੰਤਰ ਨਹੀ ਸੀ। ਇਸ ਲਈ ਕਿ ਇਹ ਵੀ ਜ਼ਮੀਨੀ ਪੱਧਰ ਤੋਂ ਹੀ ਅਣਖੀ ਅਤੇ ਮਿਹਨਤੀ ਰਿਹਾ ਹੈ।

ਮੱਖਣ ਕ੍ਰਾਂਤੀ ਵਰਗੇ ਮਹਾਂਪੁਰਸ਼ ਨਾਲ ਜਿਸਨੇ ਪਲ ਦੋ ਪਲ ਵਿਚਾਰਾਂ ਦੀ ਸਾਂਝ ਕੀਤੀ ਹੁੰਦੀ ਹੈ, ਉਹਨਾਂ ਹੀ ਲੋਕਾਂ ਨੂੰ ਪਤਾ ਹੁੰਦਾ ਕਿ ਸਾਡੇ ਹੱਥ ਤੋਂ ਅੱਜ ਸੱਚ ਦਾ ਸੂਰਜ ਸਾਨੂੰ ਅਲਵਿਦਾ ਕਹਿ ਗਿਆ, ਜਿਸਦੀ ਕਿ ਗਿਆਨ ਦੀ ਰੌਸ਼ਨੀ ਨਾਲ ਮੁਰਦਾਰ ਸਰੀਰ ਵਿਚ ਵੀ ਜਾਨ ਪਾ ਦਿੰਦਾ ਸੀ ਅਤੇ ਗੂੰਗੇ ਵੀ ਬੋਲਣ ਲਾ ਦਿੰਦਾ। ਜੋ ਸਦਾ-ਸਦਾ ਲਈ ਧਰਤੀ ਦੀ ਗੋਦ ਵਿਚ ਚਲਿਆ ਗਿਆ ਅਤੇ ਸਾਨੂੰ ਅਲਵਿਦਾ ਕਹਿ ਗਿਆ।

ਮੈਂ ਆਪਣੀ ਜ਼ਿੰਦਗੀ ਵਿਚ ਆਦਿਵਾਸੀਆਂ ਰਹਿਬਰਾਂ ਦੇ ਮਿਸ਼ਨ ਨੂੰ ਅਕਾਸ਼ ਨੂੰ ਛੂੰਹਦਿਆਂ ਦੇਖਿਆ ਅਤੇ ਉਸ ਵਿਚ ਗਿਰਾਵਟ ਜ਼ਮੀਨੀ ਪੱਧਰ ਦੀ ਆਈ ਨੂੰ ਵੀ ਵੇਖਿਆ ਪਰ ਆਦਿ ਧਰਮੀ ਮਿਸ਼ਨਰੀ ਅਣਥੱਕ ਮਿਹਨਤ ਕਰਨ ਵਾਲੇ ਲੋਕਾਂ ਦੇ ਚਿਹਰੇ ਤੇ ਨਿਰਾਸ਼ਾ ਨਹੀਂ ਦੇਖੀ ਸਗੋਂ ਹੋਰ ਨਵੀਂ ਤੋਂ ਨਵੀ ਸੋਚ ਸਮਾਜ ਨੂੰ ਦੇਣ ਲਈ ਹਮੇਸ਼ਾ ਤੱਤਪਰ ਰਹੇ ਪਰ ਸਾਡੇ ਸਮਾਜ ਵਿਚੋਂ ਜਿਹੜਾ ਕ੍ਰਾਂਤੀਕਾਰੀ ਕਵੀ, ਸਾਹਿਤਕਾਰ, ਸੂਰਮਾ, ਯੋਧਾ ਚਲਿਆ ਗਿਆ, ਉਸਦੇ ਵਿਚਾਰਾਂ ਨੂੰ ਜਿੰਦਾ ਰੱਖਣ ਦਾ ਸਿਸਟਮ ਦੀ ਭਰਪਾਈ ਨਹੀਂ ਕਰ ਸਕਿਆ। ਬੱਸ ਕਹਿ ਲਈਏ ਕਿ ਅਸੀਂ ਕੀਤੇ ਨਾ ਕੀਤੇ ਆਪਣੇ ਨਿੱਜੀ ਸਵਾਰਥਾਂ ਦੀ ਪੂਰਤੀ ਲਈ ਆਪਣੇ ਮਹਾਂਨਾਇਕਾਂ ਨੂੰ ਅਣਗੌਲਿਆਂ ਕਰ ਦਿੱਤਾ, ਜਿਹਨਾਂ ਨੇ ਸਾਨੂੰ ਆਪਣੇ ਪੈਰਾਂ ਤੇ ਖੜ੍ਹੇ ਹੋਣਾ ਦੱਸਿਆ। ਇਹੋ ਹੀ ਮਿਸ਼ਨ 'ਚ ਸਭ ਤੋਂ ਵੱਡੀ ਗਿਰਾਵਟ ਰਹੀ ਹੈ ਕਿ ਜਿਹੜੇ ਕੌਮੀ ਹੀਰੇ ਸਮਾਜ ਵਿਚੋਂ ਸਰੀਰਕ ਤੌਰ ਤੇ ਤਾਂ ਚਲੇ ਹੀ ਗਏ, ਲੇਕਿਨ ਸਭ ਤੋਂ ਵੱਡੇ ਦੁਖਾਂਤ ਦੀ ਗੱਲ ਕਿ ਅਸੀਂ ਉਹਨਾਂ ਮਹਾਂਪੁਰਸ਼ਾਂ ਦੇ ਵਿਚਾਰਾਂ ਦਾ ਕਤਲ ਵੀ ਕੀਤਾ, ਭਾਵ ਉਹਨਾਂ ਨੂੰ ਅਣਗੌਲਿਆਂ ਕਰ ਦਿੱਤਾ, ਜਿਹਨਾਂ ਆਪਣੇ ਪ੍ਰਾਣਾਂ ਤੱਕ ਦੀ ਬਾਜੀ ਲਗਾ ਦਿੱਤੀ।

ਲੋੜ ਹੈ ਅੱਜ ਸਮਾਜ ਨੂੰ ਮੱਖਣ ਕ੍ਰਾਂਤੀ ਦੇ ਪਰਿਵਾਰ ਨੂੰ ਸਹਿਯੋਗ ਦੇਣ ਦੀ ਤਾਂ ਜੋ ਮਾਵਾਂ ਮੱਖਣ ਕ੍ਰਾਂਤੀ ਵਰਗੇ ਕੋਹਿਨੂਰ ਹੀਰਿਆਂ ਤੋਂ ਵੀ ਵੱਧ ਮਹਾਂਨਾਇਕਾਂ ਨੂੰ ਜਨਮ ਦੇਣ ਅਤੇ ਸਮਾਜ ਵਿਚ ਆਪਣੇ ਹੀ ਸਮਾਜ ਦੇ ਗਰੀਬ ਮਜ਼ਦੂਰ ਲੋਕਾਂ ਨੂੰ ਡਿਕਟੇਟਰਸ਼ਿਪ ਰਾਹੀਂ ਦਬਾਉਣ ਵਾਲੇ ਕਮਿਸ਼ਨਰੀ ਧਰਮ ਦੇ ਠੇਕੇਦਾਰਾਂ ਤੋਂ ਕਿਨਾਰਾ ਕੀਤਾ ਜਾਵੇ। ਮੱਖਣ ਕ੍ਰਾਂਤੀ ਆਪਣੀਆਂ ਕੋਰੀਓਗ੍ਰਾਫੀ ਰਾਹੀਂ ਆਪਣੀਆਂ ਕਵਿਤਾਵਾਂ ਰਾਹੀਂ ਸਮਝਾਉਂਦਾ ਸੀ। ਲੋੜ ਹੈ ਅੱਜ ਉਸ ਦੇ ਪਰਿਵਾਰ ਨੂੰ ਮੱਖਣ ਕ੍ਰਾਂਤੀ ਵੱਲੋਂ ਲਿਆਂਦੀ ਉਸਦੇ ਤਰਕਸ਼ੀ ਵਿਚਾਰਾਂ ਦੀ ਕ੍ਰਾਂਤੀ ਨੂੰ ਜਨ ਜਨ ਤੱਕ ਪਹੁੰਚਾਉਣ ਦੀ।

**(ਦੁਖੀ ਹਿਰਦੇ ਸਹਿਤ)**
**ਮਿਸ਼ਨਰੀ ਮਿੱਤਰ ਰੌਸ਼ਨ ਲਾਲ ਭਾਰਤੀ**
**ਭਾਰਤ ਰਤਨ**
**ਡਾ. ਬੀ. ਆਰ. ਅੰਬੇਡਕਰ ਮਿਸ਼ਨ ਐਂਡ**
**ਕਵੀ ਦਰਬਾਰ ਕਮੇਟੀ, ਪੰਜਾਬ**

# ਪ੍ਰਦੂਸ਼ਿਤ ਚੌਗਿਰਦਾ ਬਣ ਰਿਹੈ ਦੁਨੀਆ 'ਚ ਵਧੇਰੇ ਮੌਤਾਂ ਦਾ ਕਾਰਨ



ਗੁਰਮੀਤ ਸਿੰਘ ਪਲਾਹੀ
91-98158-02070

**ਮੌਸਮ ਵਿਚ ਲਗਾਤਾਰ ਤਬਦੀਲੀ ਆ ਰਹੀ ਹੈ। ਧਰਤੀ ਤੇ ਤਾਪਮਾਨ ਵਧਦਾ ਜਾ ਰਿਹਾ ਹੈ। ਹਾਨੀਕਾਰਕ ਕਾਰਬਨਡਾਇਆਕਸਾਈਡ 'ਚ ਨਿੱਤ ਪ੍ਰਤੀ ਵਾਧਾ ਹੋ ਰਿਹਾ ਹੈ, ਜਿਸ ਦਾ ਸਿੱਧਾ ਅਸਰ ਬੱਚਿਆਂ ਦੀ ਸਿਹਤ ਉੱਤੇ ਪੈਣਾ ਕੁਦਰਤੀ ਹੈ। ਇਕ ਰਿਪੋਰਟ ਕਹਿੰਦੀ ਹੈ ਕਿ ਕਾਰਬਨ ਡਾਈਆਕਸਾਈਡ ਦੇ ਵਾਧੇ ਦੇ ਸਿੱਟੇ ਵਜੋਂ ਬੱਚਿਆਂ 'ਚ ਦਮੇ ਦੀ ਸ਼ਿਕਾਇਤ (ਭਾਵ ਸਾਹ ਲੈਣ 'ਚ ਔਖਿਆਈ, ਖਾਸ ਤੌਰ 'ਤੇ ਨਵੇਂ ਜੰਮੇ ਬੱਚਿਆਂ 'ਚ) ਵੱਧ ਰਹੀ ਹੈ। ਦੁਨੀਆਂ ਭਰ ਦੇ 11 ਤੋਂ 14%, 5 ਸਾਲ ਜਾਂ ਇਸ ਤੋਂ ਉੱਪਰ ਦੇ ਉਮਰ ਦੇ ਬੱਚੇ ਦਮੇ ਦਾ ਸ਼ਿਕਾਰ ਹਨ ਅਤੇ 44ਗ਼ ਬੱਚੇ ਸਾਹ ਦੇ ਕਿਸੇ ਨਾ ਕਿਸੇ ਰੋਗ ਤੋਂ ਪੀੜਤ ਹੋ ਚੁੱਕੇ ਹਨ। ਹਵਾ ਪ੍ਰਦੂਸ਼ਨ, ਤੰਬਾਕੂ ਦਾ ਧੂੰਆਂ, ਘਰਾਂ ਅੰਦਰਲਾ ਸਲਾਭਾ ਬੱਚਿੱਆਂ 'ਚ ਇਸ ਰੋਗ ਦਾ ਵੱਡਾ ਕਾਰਨ ਮੰਨਿਆ ਜਾਣ ਲੱਗਾ ਹੈ।**

ਪੰਜ ਸਾਲ ਦੀ ਉਮਰ ਤੋਂ ਘੱਟ ਚਾਰ ਬੱਚਿਆਂ ਵਿਚੋਂ ਇਕ ਬੱਚੇ ਦੀ ਮੌਤ ਦਾ ਕਾਰਨ ਪ੍ਰਦੂਸ਼ਤ ਚੌਗਿਰਦਾ ਬਣ ਰਿਹਾ ਹੈ। ਵਰਲਡ ਹੈਲਥ ਆਰਗੇਨਾਈਜ਼ੇਸ਼ਨ ਦੀ ਜਨੇਵਾ ਤੋਂ 6 ਮਾਰਚ 2017 ਨੂੰ ਛਾਇਆ ਇਕ ਰਿਪੋਰਟ ਮੁਤਾਬਿਕ ਹਰ ਸਾਲ 17 ਲੱਖ ਬੱਚੇ ਹਵਾ ਪ੍ਰਦੂਸ਼ਨ, ਆਲੇ-ਦੁਆਲੇ 'ਚ ਫੈਲੇ ਸਿਗਰਟਾਂ ਦੇ ਧੂੰਏਂ, ਗੰਦੇ ਪਾਣੀ, ਖੁੱਲ੍ਹੇ ਵਿਚ ਲੈਟਰੀਨ, ਮਨੁੱਖੀ ਰਿਹਾਇਸ਼ੀ ਚੌਗਿਰਦੇ 'ਚ ਫੈਲੀ ਗੰਦਗੀ ਕਾਰਨ ਮਰ ਜਾਂਦੇ ਹਨ। ਇਸ ਭੈੜੇ ਚੌਗਿਰਦੇ ਕਾਰਨ ਫੈਲੀਆਂ ਬੀਮਾਰੀਆਂ ਹੈਜਾ, ਮਲੇਰੀਆ, ਨਮੋਨੀਆ ਜਿਨ੍ਹਾਂ ਤੋਂ ਸਾਫ਼ ਪਾਣੀ, ਖਾਣਾ ਪਕਾਉਣ ਦੇ ਸੁਚੱਜੇ ਸਾਧਨਾਂ ਆਦਿ ਦੀ ਉਪਲੱਭਪਤਾ ਕਾਰਨ ਬਚਾਉ ਹੋ ਸਕਦਾ ਹੈ, ਨਾਲ ਬੱਚਿਆਂ ਦੀ ਮੌਤ ਦੀ ਦਰ ਘਟਾਈ ਜਾ ਸਕਦੀ ਹੈ। ਪਰ ਦੁਨੀਆਂ ਦਾ ਅਮੀਰੀ-ਗਰੀਬੀ ਦਾ ਪਾੜਾ, ਆਮ ਆਦਮੀ ਲਈ ਸਾਧਨਾਂ ਦੀ ਕਮੀ, ਮੌਤ ਦਰ 'ਚ ਵਾਧਾ ਕਰ ਰਹੀ ਹੈ। ਉਪਰੋਂ ਬੱਚਿਆਂ ਦੇ ਸਰੀਰਾਂ ਵਿਚ ਰੋਗਾਂ ਨਾਲ ਲੜਨ ਦੀ ਘੱਟ ਸਮਰੱਥਾ, ਸਾਹ ਦੇ ਰੋਗ, ਹਵਾ ਪ੍ਰਦੂਸ਼ਨ ਆਦਿ ਬੱਚਿਆਂ 'ਚ ਦਮਾ, ਕੈਂਸਰ, ਦਿਲ ਦੇ ਰੋਗਾਂ ਦਾ ਕਾਰਨ ਬਣਦੇ ਜਾ ਰਹੇ ਹਨ।

ਡਬਲਯੂ.ਐਚ.ਓ. (ਵਿਸ਼ਵ ਸਿਹਤ ਸੰਸਥਾ) ਦੀ ਬੱਚਿਆਂ ਬਾਰੇ ਛਪੀ ਇਕ ਰਿਪੋਰਟ "ਮੇਰਾ ਭਵਿੱਖ ਪ੍ਰਦੂਸ਼ਤ ਨਾ ਕਰੋ" ਕਹਿੰਦੀ ਹੈ ਕਿ ਹਰ ਸਾਲ, 5 ਸਾਲ ਦੀ ਉਮਰ ਤੋਂ ਘੱਟ ਪੰਜ ਲੱਖ, ਸੱਤਰ ਹਜ਼ਾਰ ਬੱਚੇ ਹਵਾ ਪ੍ਰਦੂਸ਼ਨ ਅਤੇ ਸਿਗਰਟਾਂ ਦੇ ਧੂੰਏਂ ਦੇ ਸ਼ਿਕਾਰ ਹੋ ਕੇ ਮਰਦੇ ਹਨ। ਅਤੇ 3,61,000 ਬੱਚੇ ਹੈਜਾ ਦੀ ਭੇਂਟ ਚੜ੍ਹਦੇ ਹਨ ਕਿਉਂਕਿ ਉਨ੍ਹਾਂ ਨੂੰ ਸਾਫ਼ ਆਲਾ-ਦੁਆਲਾ ਅਤੇ ਸਾਫ਼ ਪਾਣੀ ਨਹੀਂ ਮਿਲਦਾ। 2,70,000 ਬੱਚੇ ਆਪਣੇ ਜਨਮ ਦੇ ਪਹਿਲੇ ਮਹੀਨੇ 'ਚ ਹੀ ਅਣਸੁਖਾਵੇਂ ਵਾਤਾਵਰਨ ਦੀ ਭੇਂਟ ਚੜ੍ਹ ਜਾਂਦੇ ਹਨ। ਅਤੇ ਦੋ ਲੱਖ ਬੱਚੇ ਮਲੇਰੀਏ ਕਾਰਨ ਅਤੇ ਦੋ ਲੱਖ ਬੱਚੇ ਹੋਰ ਗ਼ੈਰ-ਕੁਦਰਤੀ ਕਾਰਨਾਂ ਕਾਰਨ ਮਰ ਰਹੇ ਹਨ। ਅਸਲ ਵਿਚ ਦੂਸ਼ਿਤ ਵਾਤਾਵਰਨ ਸਾਡੇ ਛੋਟੇ ਬੱਚਿਆਂ ਦੀ ਸਿਹਤ ਤਹਿਸ-ਨਹਿਸ ਕਰਨ ਦਾ ਕਾਰਨ ਬਣ ਰਿਹਾ ਹੈ। ਇਕ ਉਦਾਹਰਨ ਲਵੋ, ਸਾਡੇ ਵਾਤਾਵਰਨ ਨੂੰ ਦੂਸ਼ਿਤ ਕਰਨ ਦਾ ਵੱਡਾ ਕਾਰਨ ਮਨੁੱਖ ਵੱਲੋਂ ਨਿੱਤ ਪ੍ਰਤੀ ਜਾਣ ਵਾਲੇ ਇਲੈਕਟ੍ਰੋਨਿਕਸ ਅਤੇ ਬਿਜਲੀ ਉਪਕਰਨ ਹਨ। ਖਰਾਬ ਹੋਏ ਮੋਬਾਇਲ ਫ਼ੋਨ, ਟੈਲੀਵੀਜ਼ਨ, ਹੋਰ ਇਲੈਕਟ੍ਰੋਨਿਕ ਕਚਰਾ, ਸਹੀ ਢੰਗ ਨਾਲ ਰੀਸਾਈਕਲ ਨਹੀਂ ਕੀਤਾ ਜਾਂਦਾ। ਭੈੜੇ ਢੰਗ ਨਾਲ ਇਸ ਦੀ ਰੀਸਾਈਕਲਿੰਗ ਮਨੁੱਖੀ ਫੇਫੜਿਆਂ ਨੂੰ ਤਬਾਹ ਕਰ ਰਹੀ ਹੈ ਅਤੇ ਮਨੁੱਖੀ ਸਰੀਰ 'ਚ ਕੈਂਸਰ (ਖਾਸ ਕਰਕੇ ਬੱਚਿਆਂ 'ਚ) ਦਾ ਕਾਰਨ ਬਣ ਰਹੀ ਹੈ।

ਸਾਲ 2014 ਤੋਂ 2018 ਦੇ ਦਰਮਿਆਨ ਦੁਨੀਆਂ ਭਰ ਵਿਚ ਬਿਜਲੀ ਅਤੇ ਇਲੈਕਟ੍ਰੋਨਿਕ ਵਸਤਾਂ ਦੀ ਰਹਿੰਦ-ਖੂੰਹਦ ਵਿਚ 19% ਦਾ ਵਾਧਾ ਹੋਣ ਦੀ ਸੰਭਾਵਨਾ ਹੈ ਭਾਵ ਇਹ ਵਧ ਕੇ ਸਾਲ 2018 ਤੱਕ 50 ਮਿਲੀਅਨ ਟਨ ਹੋ ਜਾਏਗੀ। ਇਸ ਕਚਰੇ ਨੂੰ ਸੰਭਾਲਣ ਦਾ ਸਹੀ ਪ੍ਰਬੰਧ ਨਾ ਹੋਣਾ ਮਨੁੱਖੀ ਸਿਹਤ ਲਈ ਹਾਨੀਕਾਰਕ ਹੋ ਰਿਹਾ ਹੈ।

ਮੌਸਮ ਵਿਚ ਲਗਾਤਾਰ ਤਬਦੀਲੀ ਆ ਰਹੀ ਹੈ। ਧਰਤੀ ਤੇ ਤਾਪਮਾਨ ਵਧਦਾ ਜਾ ਰਿਹਾ ਹੈ। ਹਾਨੀਕਾਰਕ ਕਾਰਬਨਡਾਇਆਕਸਾਈਡ 'ਚ ਨਿੱਤ ਪ੍ਰਤੀ ਵਾਧਾ ਹੋ ਰਿਹਾ ਹੈ, ਜਿਸ ਦਾ ਸਿੱਧਾ ਅਸਰ ਬੱਚਿਆਂ ਦੀ ਸਿਹਤ ਉੱਤੇ ਪੈਣਾ ਕੁਦਰਤੀ ਹੈ। ਇਕ ਰਿਪੋਰਟ ਕਹਿੰਦੀ ਹੈ ਕਿ ਕਾਰਬਨਡਾਈਆਕਸਾਈਡ ਦੇ ਵਾਧੇ ਦੇ ਸਿੱਟੇ ਵਜੋਂ ਬੱਚਿਆਂ 'ਚ ਦਮੇ ਦੀ ਸ਼ਿਕਾਇਤ (ਭਾਵ ਸਾਹ ਲੈਣ 'ਚ ਔਖਿਆਈ, ਖਾਸ ਤੌਰ 'ਤੇ ਨਵੇਂ ਜੰਮੇ ਬੱਚਿਆਂ 'ਚ) ਵੱਧ ਰਹੀ ਹੈ। ਦੁਨੀਆਂ ਭਰ ਦੇ 11 ਤੋਂ 14%, 5 ਸਾਲ ਜਾਂ ਇਸ ਤੋਂ ਉੱਪਰ ਦੇ ਉਮਰ ਦੇ ਬੱਚੇ ਦਮੇ ਦਾ ਸ਼ਿਕਾਰ ਹਨ ਅਤੇ 44ਗ਼ ਬੱਚੇ ਸਾਹ ਦੇ ਕਿਸੇ ਨਾ ਕਿਸੇ ਰੋਗ ਤੋਂ ਪੀੜਤ ਹੋ ਚੁੱਕੇ ਹਨ। ਹਵਾ ਪ੍ਰਦੂਸ਼ਨ, ਤੰਬਾਕੂ ਦਾ ਧੂੰਆਂ, ਘਰਾਂ ਅੰਦਰਲਾ ਸਲਾਭਾ ਬੱਚਿੱਆਂ 'ਚ ਇਸ ਰੋਗ ਦਾ ਵੱਡਾ ਕਾਰਨ ਮੰਨਿਆ ਜਾਣ ਲੱਗਾ ਹੈ।

ਦੁਨੀਆ ਭਰ ਦੇ ਗਰੀਬ ਮੁਲਕਾਂ ਦੇ ਬਹੁਤੇ ਘਰਾਂ ਵਿਚ ਜ਼ਰੂਰੀ ਸੁਵਿਧਾਵਾਂ ਨਹੀਂ ਹਨ, ਆਲਾ-ਦੁਆਲਾ ਗੰਦਗੀ ਨਾਲ ਭਰਿਆ ਪਿਆ ਨਜ਼ਰ ਆਉਂਦਾ ਹੈ। ਪੀਣ ਲਈ ਸਾਫ਼ ਪਾਣੀ ਦਾ ਕਿੱਲਤ ਹੈ, ਵੱਡੀ ਗਿਣਤੀ ਦੁਨੀਆ ਦੇ ਲੋਕ ਸੈਨੀਟੇਸ਼ਨ ਸੁਵਿਧਾਵਾਂ ਤੋਂ ਸੱਖਣੇ ਹਨ। ਹਿੰਦੋਸਤਾਨ ਦੇਸ਼ ਦੀ ਅੱਧੀ ਅਬਾਦੀ ਖੁਲ੍ਹੇ 'ਚ ਜੰਗਲ-ਪਾਣੀ (ਲੈਟਰੀਨ) ਜਾਣ ਉੱਤੇ ਮਜ਼ਬੂਰ ਹੈ ਕਿਉਂਕਿ ਘਰਾਂ ਜਾਂ ਸਾਂਝੇ ਥਾਵਾਂ ਉੱਤੇ ਲੈਟਰੀਨਾਂ ਨਹੀਂ ਹਨ। ਘਰਾਂ ਵਿਚ ਰੋਟੀ ਪਕਾਉਣ ਲਈ ਬਾਲਣ ਉਪਲੱਬਧ ਨਹੀਂ। ਹਿੰਦੋਸਤਾਨ ਵਰਗੇ ਦੇਸ਼ ਵਿਚ ਪਾਥੀਆਂ, ਖੋਰੀ, ਟੋਕ (ਖੇਤੀਬਾੜੀ ਰਹਿੰਦ-ਖੂੰਹਦ) ਖਾਣਾ ਪਕਾਉਣ ਲਈ ਵੱਡੀ ਗਿਣਤੀ 'ਚ ਲੋਕ ਵਰਤਦੇ ਹਨ। ਕੋਲਾ, ਗੋਹਾ ਅਤੇ ਹੋਰ ਰਹਿੰਦ ਖੂੰਹਦ ਅਤੇ ਖੇਤਾਂ 'ਚ ਵਰਤੇ ਜਾਣ ਵਾਲੇ ਨਿੱਕ-ਸੁੱਕ ਨਾਲ ਹਵਾ ਦਾ ਪ੍ਰਦੂਸ਼ਨ ਵਧਦਾ ਹੈ। ਸ਼ਹਿਰਾਂ 'ਚ ਵੱਡੀ ਗਿਣਤੀ 'ਚ ਚਲ ਰਹੇ ਵਾਹਨ, ਏਅਰ ਕੰਡੀਸ਼ਨ 'ਚੋਂ ਨਿਕਲਦੀ ਗੈਸ, ਸਮੇਂ-ਸਮੇਂ ਜਲਾਈ ਜਾਂਦੀ ਫਸਲੀ ਰਹਿੰਦ-ਖੂੰਹਦ ਜਲਾਉਣ ਤੋਂ ਪੈਦਾ ਗੈਸਾਂ, ਹਵਾ ਪ੍ਰਦੂਸ਼ਨ ਦਾ ਮੁੱਖ ਕਾਰਨ ਹਨ।

ਯੂਨੀਸੈਫ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਇਸ ਸਮੇਂ ਦੁਨੀਆ ਦੀ 90% ਅਬਾਦੀ ਦੂਸ਼ਿਤ ਹਵਾ ਵਿਚ ਸਾਹ ਲੈ ਰਹੀ ਹੈ ਅਤੇ ਦੁਨੀਆ ਭਰ ਵਿਚ ਹਰ ਸਾਲ ਲਗਭਗ 60 ਲੱਖ ਲੋਕ ਹਵਾ ਦੇ ਪ੍ਰਦੂਸ਼ਿਨ ਨਾਲ ਮਰਦੇ ਹਨ। ਹਵਾ-ਪਾਣੀ ਦੇ ਪ੍ਰਦੂਸ਼ਨ ਦੇ ਪ੍ਰਭਾਵ ਹੇਠ ਮਾਂ ਦੇ ਪੇਟ 'ਚ ਪਲ ਰਹੇ ਬੱਚਿਆਂ ਦੇ ਅੰਗ ਪ੍ਰਭਾਵਿਤ ਹੁੰਦੇ ਹਨ ਅਤੇ ਉਨ੍ਹਾਂ ਵਿਚ ਰੋਗਾਂ ਨਾਲ ਲੜਨ ਦੀ ਸ਼ਕਤੀ 'ਚ ਖਤਰਨਾਕ ਹੱਦ ਤੱਕ ਕਮੀ ਪੈਦਾ ਕਰਦੇ ਹਨ। ਬੱਚਿਆਂ ਦਾ ਗਰਭ ਵਿਚ ਹੀ ਪ੍ਰਦੂਸ਼ਣ ਦੀ ਮਾਰ ਹੇਠ ਆਉਣਾ, ਮਨੁੱਖ ਜਾਤੀ ਲਈ ਆਉਣ ਵਾਲੇ ਸਮੇਂ 'ਚ ਗੰਭੀਰ ਸੰਕਟ ਪੈਦਾ ਕਰੇਗਾ। ਹਿੰਦੋਸਤਾਨ ਜਿਥੋਂ ਦੀ ਅਬਾਦੀ 'ਚ ਲਗਾਤਾਰ ਵਾਧਾ ਹੋ ਰਿਹਾ ਹੈ, ਦੁਨੀਆਂ 'ਚ ਅਬਾਦੀ 'ਚ ਜਿਸ ਦਾ 'ਦੋਮ' ਸਥਾਨ ਹੈ, ਪ੍ਰਦੂਸ਼ਣ ਦੇ ਮਾਮਲੇ 'ਚ ਇਹ ਸਾਰੀਆਂ ਹੱਦਾਂ-ਬੰਨੇ ਟੱਪ ਗਿਆ ਹੈ। 2015 'ਚ ਛਪੀ ਰਿਪੋਰਟ ਅਨੁਸਾਰ ਦੁਨੀਆ ਦੇ ਵੀਹ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਵਿਚ ਭਾਰਤ ਦੇ ਦਸ ਸ਼ਹਿਰ ਹਨ।

ਪ੍ਰਦੂਸ਼ਨ ਪੈਦਾ ਕਰਨ ਵਾਲੇ ਹੋਰ ਸਰੋਤਾਂ ਵਿਚ ਸਾਡੇ ਖਾਣੇ, ਹਵਾ, ਪਾਣੀ ਅਤੇ ਸਾਡੇ ਆਲੇ-ਦੁਆਲੇ 'ਚ ਵਰਤੇ ਜਾਣ ਵਾਲੇ ਕੈਮੀਕਲ ਹਨ। ਖੇਤਾਂ 'ਚ ਖਾਦਾਂ, ਕੀਟਨਾਸ਼ਕਾਂ ਦੀ ਵਰਤੋਂ, ਖਾਣ ਵਾਲੇ ਪਦਾਰਥਾਂ ਨੂੰ ਸੰਭਾਲਣ ਲਈ ਕੈਮੀਕਲਾਂ ਦੀ ਵਰਤੋਂ ਜਿਸ ਵਿਚ ਫਲੋਰਾਈਡ, ਪਾਰਾ, ਜਿਸਤ (ਲੈਡ) ਆਦਿ ਸ਼ਾਮਲ ਹਨ, ਅਤੇ ਜਿਸ ਦੀ ਵਰਤੋਂ ਦੁਨੀਆਂ ਭਰ ਦੇ ਖਾਣੇ ਬਨਾਉਣ ਵਾਲੀਆਂ ਕੰਪਨੀਆਂ ਦੀ ਚੇਨ ਵੱਡੀ ਪੱਧਰ ਉੱਤੇ ਕਰ ਰਹੀ ਹੈ, ਮਨੁੱਖੀ ਸਰੀਰ ਲਈ ਅਤਿ ਘਾਤਕ ਹੈ। ਇਸ ਦਾ ਜ਼ਿਆਦਾ ਅਸਰ ਮਾਸੂਮ ਬੱਚਿਆਂ ਦੀ ਸਿਹਤ ਉੱਤੇ ਪੈਂਦਾ ਹੈ, ਜਿਸਨੂੰ ਮਾਂ ਦੇ ਦੁੱਧ ਵਿਚੋਂ ਵੀ ਡੀ.ਡੀ.ਟੀ. ਅਤੇ ਹੋਰ ਕੀਟਨਾਸ਼ਕ ਪੀਣ ਲਈ ਮਿਲਦੇ ਹਨ।

ਜਿਸ ਸਾਫਟ ਡਰਿੰਕ ਅਤੇ ਡੱਬਾ ਬੰਦ ਜੂਸ ਦੀ ਲੋਕ ਵਰਤੋਂ ਕਰਦੇ ਹਨ, ਉਸ ਕਾਰਨ ਸ਼ੂਗਰ, ਦਿਲ ਦਾ ਰੋਗ, ਮੋਟਾਪਾ ਆਦਿ ਬੀਮਾਰੀਆਂ ਸਰੀਰ ਨੂੰ ਘੇਰਦੀਆਂ ਹਨ। ਫਰੂਟ ਜੂਸ ਵਿਚ ਮੌਜੂਦ ਫੁਰਕਟੋਜ ਅਤੇ ਸਾਫਟ ਡਰਿੰਕ ਵਿਚ ਮੌਜੂਦ ਸੋਡਾ ਸਿਹਤ ਲਈ ਹਾਨੀਕਾਰਕ ਹੁੰਦਾ ਹੈ। ਸਾਫਟ ਡਰਿੰਕ, ਫਰੂਟ ਡਰਿੰਕ, ਇਨਰਜੀ ਡਰਿੰਕ ਲੱਖਾਂ ਲੋਕਾਂ ਦੀ ਹਰ ਸਾਲ ਜਾਨ ਲੈ ਰਹੇ ਹਨ। ਬੋਸਟਨ ਦੀ ਟਫਸ ਯੂਨੀਵਰਸਿਟੀ ਦੇ ਵਿਗਿਆਨਕਾਂ ਨੇ 51 ਦੇਸ਼ਾਂ ਦੇ ਲਗਭਗ 6 ਲੱਖ ਤੋਂ ਵੱਧ ਲੋਕਾਂ ਉੱਤੇ ਇਕ ਅਧਿਅਨ ਕੀਤਾ। ਉਨ੍ਹਾਂ ਸਿੱਟਾ ਕੱਢਿਆ ਕਿ ਇਹ ਪੀਣ ਵਾਲੇ ਪਦਾਰਥ ਬਿਨਾਂ ਕਿਸੇ ਸਿਹਤ ਲਾਭ ਦੇ ਸ਼ੂਗਰ, ਦਿਲ ਦੀਆਂ ਬੀਮਾਰੀਆਂ ਅਤੇ ਕੈਂਸਰ ਜਿਹੇ ਰੋਗਾਂ ਦਾ ਕਾਰਨ ਬਣਦੇ ਹਨ। ਇਨ੍ਹਾਂ 'ਚ ਵਰਤੀ ਜਾਂਦੀ ਖੰਡ ਸ਼ੂਗਰ ਦਾ ਕਾਰਨ ਹੈ। ਸੋਢੇ ਵਿਚ ਪਾਇਆ ਜਾਂਦਾ ਫਾਸਫੋਰਿਕ ਏਸਿਡ ਸਰੀਰ ਵਿਚ ਕੈਲਸ਼ੀਅਮ ਦੀ ਕਮੀ ਪੈਦਾ ਕਰਕੇ ਹੱਡੀਆਂ ਕਮਜ਼ੋਰ ਕਰਦਾ ਹੈ।

ਪ੍ਰਦੂਸ਼ਿਤ ਵਾਤਾਵਰਨ, ਦੂਸ਼ਿਤ ਖੁਰਾਕ, ਦੂਸ਼ਿਤ ਪਾਣੀ, ਦੂਸ਼ਿਤ ਘਰ ਦਾ ਆਲਾ-ਦੁਆਲਾ, ਗੰਦੀ ਹਵਾ ਨਾਲ ਭਰੇ ਘਰ, ਮਨੁੱਖੀ ਸਿਹਤ ਦੀ ਜਾਨ ਦਾ ਖੌਅ ਬਣੇ ਹੋਏ ਹਨ। ਗਰੀਬ ਦੇਸ਼ਾਂ ਦੇ ਵੱਡੇ ਸ਼ਹਿਰਾਂ, ਸਲੱਮ ਖੇਤਰ ਵਿਚ ਇੱਕੋ ਛੋਟੀ ਛੱਤ ਥੱਲੇ ਸੁੱਤੇ ਦਰਜਨਾਂ ਸਰੀਰ, ਪਿੰਡਾਂ 'ਚ ਮਨੁੱਖ ਤੇ ਪਸ਼ੂਆਂ ਦੇ ਸਾਂਝੇ ਰਿਹਾਇਸ਼ੀ ਕੱਚੇ ਮਕਾਨ, ਪਿੰਡਾਂ ਅਤੇ ਸਲੱਮ ਖੇਤਰ ਵਿਚ ਗੰਦੇ ਸੀਵਰੇਜ਼ ਪਾਣੀ ਦੇ ਖੇਤਰਾਂ ਕੰਢੇ ਰਿਹਾਇਸ਼ਾਂ, ਗੰਦੇ ਛੱਪੜ, ਨਾ ਰਹਿਣਯੋਗ ਬਸਤੀਆਂ 'ਚ ਰਿਹਾਇਸ਼ੀ ਝੁੱਗੀਆਂ 'ਚ ਇਕੋ ਥਾਂ ਪਲਦੇ ਛੋਟੇ ਬੱਚੇ ਤੇ ਪਸ਼ੂ ਇਕ ਇਹੋ ਜਿਹੀ ਜ਼ਿੰਦਗੀ ਦੀ ਕੋਝੀ ਤਸਵੀਰ ਪੇਸ਼ ਕਰਦੇ ਹਨ ਜਿਸ ਤਸਵੀਰ 'ਚ ਜ਼ਿੰਦਗੀ ਜੀਊਣ ਦੇ ਰੰਗ ਭਰਨ ਦਾ ਤਸੱਵਰ ਕਰਨਾ ਡਾਹਢਾ ਔਖਾ ਹੈ ਕਿਉਂਕਿ ਇਥੇ ਜੀਊਣ ਹਾਲਤਾਂ ਅਤੇ ਜੀਊਣ ਲਈ ਸਾਧਨ ਦੇਣ ਤੋਂ ਸਰਕਾਰਾਂ ਫੇਲ ਹੋ ਚੁੱਕੀਆਂ ਹਨ। ਜੇ ਕਿਹਾ ਜਾਵੇ ਕਿ ਲੋਕਾਂ ਉੱਤੇ ਰਾਜ ਕਰਨ ਦੀ ਨੇਤਾਵਾਂ 'ਚ ਹਵਸ ਤਾਂ ਹੈ ਪਰ ਲੋਕਾਂ ਲਈ ਜੀਊਣ ਜੋਗੀਆਂ ਸਹੂਲਤਾਂ ਦੇਣ ਤੋਂ ਉਹ ਮੁਖ ਮੋੜੀ ਬੈਠੇ ਹਨ ਤਾਂ ਅਤਿ ਕਥਨੀ ਨਹੀਂ ਹੋਵੇਗੀ।

ਆਉਣ ਵਾਲੀ ਪੀੜ੍ਹੀ ਦੀ ਚੰਗੀ ਸਿਹਤ ਲਈ ਸਾਨੂੰ ਚੰਗੇਰੇ ਹਵਾਦਾਰ ਘਰ, ਸਾਫ਼ ਸੁਥਰਾ ਵਾਤਾਵਰਨ, ਸਾਫ਼ ਪਾਣੀ ਤੇ ਸੈਨੀਟੇਸ਼ਨ ਸੁਵਿਧਾਵਾਂ, ਚੰਗੇਰੀਆਂ ਸਿਹਤ ਸਹੂਲਤਾਂ, ਤੰਬਾਕੂ, ਧੂੰਆਂ ਰਹਿਤ ਵਾਤਾਵਰਨ ਦੇ ਨਾਲ-ਨਾਲ ਚੰਗੀਆਂ ਲੋਕ ਹਿੱਤੂ ਸਰਕਾਰਾਂ ਤੇ ਪ੍ਰਸਾਸ਼ਨ ਵੀ ਤਿਆਰ ਕਰਨਾ ਹੋਵੇਗਾ ਨਹੀਂ ਤਾਂ ਮਨੁੱਖੀ ਨਸਲ ਭਵਿੱਖ ਵਿਚ ਉਸ ਤਬਾਹੀ ਦੇ ਕੰਢੇ ਪੁੱਜ ਜਾਏਗੀ, ਜਿਥੇ ਕੋਈ ਸਰੀਰ ਸਿਹਤਮੰਦ, ਨਰੋਗੀ ਨਹੀਂ ਸਗੋਂ ਚੇਤੰਨ, ਸਿਆਣਾ ਉਦਮੀ ਮਨੁੱਖ ,ਕਮਲਾ-ਰਮਲਾ ਅਤੇ ਅਪੰਗ ਦਿਸੇਗਾ।

# '17ਵਾਂ ਮੇਲਾ ਗਦਰੀ ਬਾਬਿਆਂ ਦਾ' ਦੀਆਂ ਤਿਆਰੀਆਂ ਜ਼ੋਰਾਂ 'ਤੇ

## ਇਸ ਵਾਰ ਨਵੀ ਜਗ੍ਹਾ ਕਰਨੀਲੀਆ ਡਕੋਟਾ ਦੀ ਕੌਰਨਰ ਤੇ ਹੋਵੇਗਾ ਮੇਲਾ



**ਫਰਿਜ਼ਨੋਂ (ਕੁਲਵੀਰ ਹੇਅਰ)** – ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ ਵਲੋਂ '17ਵਾਂ ਮੇਲਾ ਗਦਰੀ ਬਾਬਿਆਂ ਦਾ' 2 ਅਪ੍ਰੈਲ ਨੂੰ ਇਸ ਵਾਰ ਨਵੀਂ ਜਗ੍ਹਾ ਸੈਂਟਰਲ ਹਾਈ ਸਕੂਲ (ਈਸਟ), ਜਿਮਨੇਜ਼ੀਅਮ 3535 ਨੋਰਥ ਕਰਨੀਲੀਆ ਐਵਨਿਊ, ਫਰਿਜ਼ਨੋ, (ਕਰਨੀਲੀਆ ਅਤੇ ਡਕੋਟਾ ਦੇ ਕੌਰਨਰ 'ਤੇ) ਵਿਖੇ ਬਹੁਤ ਹੀ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ।ਮੇਲੇ ਦੀਆਂ ਤਿਆਰੀਆਂ ਇਸ ਵੇਲੇ ਜ਼ੋਰਾਂ 'ਤੇ ਚੱਲ ਰਹੀਆਂ ਹਨ। ਪ੍ਰਬੰਧਕਾਂ ਨੇ ਦੱਸਿਆ ਕਿ ਇਹ 17ਵਾਂ ਮੇਲਾ ਸੰਨ 1917 ਦੇ ਗਦਰੀ ਸ਼ਹੀਦਾਂ ਡਾ. ਅਰੂੜ ਸਿੰਘ, ਹਰਨਾਮ ਸਿੰਘ ਸੈਣੀ, ਬਲਵੰਤ ਸਿੰਘ ਖੁਰਦਪੁਰ, ਡਾ. ਮਥਰਾ ਸਿੰਘ, ਹਾਫਿਜ਼ ਅਬਦੁਲਾ, ਜਵੰਦ ਸਿੰਘ ਨੰਗਲ ਕਲਾਂ ਅਤੇ ਹੋਰ ਗਦਰੀਆਂ ਦੀ ਸ਼ਹਾਦਤ ਸ਼ਤਾਬਦੀ ਨੂੰ ਸਮਰਪਿਤ ਹੈ। ਮੇਲੇ ਦੇ ਮੁੱਖ ਮਹਿਮਾਨ 'ਤੇ ਬੁਲਾਰੇ ਪ੍ਰੋ ਨਰੰਜਨ ਸਿੰਘ ਢੇਸੀ ਸਾਬਕਾ ਮੁਖੀ ਪੰਜਾਬੀ ਵਿਭਾਗ ਖਾਲਸਾ ਕਾਲਜ ਜਲੰਧਰ ਹੋਣਗੇ।ਇਸ ਮੇਲੇ ਵਿਚ ਬੱਚਿਆਂ ਦੁਆਰਾ ਗਿੱਧਾ ਭੰਗੜਾ ਤੋਂ ਇਲਾਵਾ ਉਚ ਕੋਟੀ ਦੇ ਕਲਾਕਾਰ ਗਾਇਕਾ ਜੋਤ ਰਣਜੀਤ, ਗਾਇਕ ਧਰਮਵੀਰ ਥਾਂਦੀ, ਗਾਇਕ ਜੀਤਾ ਗਿੱਲ, ਗਾਇਕ ਹਰਜੀਤ ਸਿੰਘ ਮਰਸਿਡ ਅਤੇ ਯਮਲਾ ਜੱਟ ਦੇ ਸ਼ਾਗਿਰਦ ਗਾਇਕ ਰਾਜ ਬਰਾੜ ਵਲੋਂ ਗਦਰੀ ਬਾਬਿਆਂ ਦੇ ਇਨਕਲਾਬੀ ਗੀਤ ਸੰਗੀਤ ਪੇਸ਼ ਕੀਤਾ ਜਾਵੇਗਾ। ਪ੍ਰਸਿੱਧ ਮੰਚ ਸੰਚਾਲਿਕਾ ਆਸ਼ਾ ਸ਼ਰਮਾ ਵਲੋਂ ਸਟੇਜ ਸੰਭਾਲੀ ਜਾਵੇਗੀ ਅਤੇ ਇਸ ਮੌਕੇ ਪਹੁੰਚੇ ਹੋਏ ਉੱਚ ਕੋਟੀ ਦੇ ਬੁਲਾਰਿਆਂ ਵਲੋਂ ਦੇਸ਼ ਦੇ ਗਦਰੀ ਇਤਿਹਾਸ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਜਾਵੇਗੀ। ਪ੍ਰਬੰਧਕਾਂ ਨੇ ਦੱਸਿਆ ਕਿ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੀ ਇਸਤਰੀ ਵਿੰਗ ਦੀ ਮੇਲੇ ਸਬੰਧੀ ਮੀਟਿੰਗ 19 ਮਾਰਚ ਐਤਵਾਰ ਨੂੰ ਰੱਖੀ ਗਈ ਹੈ।

# ਜੀ. ਐਚ. ਜੀ. ਅਕਾਦਮੀ ਫਰਿਜ਼ਨੋ ਵੱਲੋਂ ਵਿਰਾਸਤੀ ਖੇਡ ਮੇਲਾ 18 ਮਾਰਚ ਨੂੰ, ਤਿਆਰੀਆਂ ਮੁਕੰਮਲ



**ਫਰਿਜ਼ਨੋ (ਹੁਸਨ ਲੜੋਆ)**– ਜੀ. ਐਚ. ਜੀ. ਅਕਾਦਮੀ ਫਰਿਜ਼ਨੋ ਦੇ ਪ੍ਰਬੰਧਕੀ ਬੋਰਡ, ਯੂਥ ਵਿੰਗ ਅਤੇ ਮਾਪਿਆਂ ਦੀ ਵਿਸ਼ੇਸ਼ ਮੀਟਿੰਗ ਵਿਕਟੋਰੀਆ ਪਾਰਕ ਵਿਖੇ ਹੋਈ, ਜਿਸ ਵਿਚ ਪੰਜਾਬੀ ਸਭਿਆਚਾਰ ਨੂੰ ਪ੍ਰਫੁੱਲਿਤ ਕਰਨ ਅਤੇ ਵਿਦੇਸ਼ਾਂ ਵਿਚ ਜਨਮੀ ਨਵੀਂ ਪੀੜ੍ਹੀ ਨੂੰ ਪੰਜਾਬੀਅਤ, ਮਾਂ ਬੋਲੀ ਅਤੇ ਆਪਣੀਆਂ ਵਿਰਾਸਤੀ ਜੜ੍ਹਾਂ ਨਾਲ ਜੋੜਨ ਲਈ ਸਫਲ ਕੋਸ਼ਿਸ਼ਾਂ ਕਰਦੇ ਹੋਏ ਜੀ. ਐਚ. ਜੀ. ਅਕਾਦਮੀ ਫਰਿਜ਼ਨੋ ਵੱਲੋਂ 18 ਮਾਰਚ 2017 ਨੂੰ ਰੋਇੰਡਿੰਗ ਪਾਰਕ ਫਰਿਜ਼ਨੋ ਵਿਖੇ ਵੱਡੇ ਪੱਧਰ ਤੇ ਹੋਣ ਵਾਲੇ ਛੇਵੇਂ ਵਿਰਾਸਤੀ ਖੇਡ ਮੇਲੇ ਅਤੇ ਪਰਿਵਾਰਕ ਪਿਕਨਿਕ ਸਬੰਧੀ ਖੁੱਲ੍ਹ ਕੇ ਵਿਚਾਰਾਂ ਕੀਤੀਆਂ ਗਈਆਂ। ਵੱਖ-ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਸਭ ਨੇ ਤਿਆਰੀ ਸਬੰਧੀ ਪੂਰਨ ਤਸੱਲੀ ਪ੍ਰਗਟ ਕੀਤੀ। ਪਿਛਲੇ 2 ਮਹੀਨਿਆਂ ਤੋਂ ਟਰੇਨਿੰਗ ਲੈ ਰਹੇ ਤਕਰੀਬਨ 100 ਬੱਚੇ ਖੇਡਾਂ ਦਾ ਪ੍ਰਦਰਸ਼ਨ ਕਰਨ ਦੇ ਨਾਲ ਨਾਲ ਸੈਂਕੜੇ ਹੋਰ ਬੱਚਿਆਂ ਨੂੰ ਵੀ ਵਿਰਾਸਤੀ ਖੇਡਾਂ ਦੀਆਂ ਬਾਰੀਕੀਆਂ ਤੋਂ ਜਾਣੂ ਕਰਵਾਉਣਗੇ। ਇਸ ਮੇਲੇ ਵਿਚ ਤੁਸੀਂ ਪੇਂਡੂ ਵਿਰਾਸਤੀ ਖੇਡਾਂ ਜਿਵੇਂ ਗੁੱਲੀ-ਡੰਡਾ, ਬਾਂਦਰ ਕੀਲਾ, ਬੰਟੇ, ਘੋੜਾ ਕਬੱਡੀ, ਪਿੱਠੂ, ਖੋ-ਖੋ, ਕੋਟਲਾ ਛਪਾਕੀ, ਕਬੱਡੀ, ਰੁਮਾਲ ਚੁੱਕਣਾ ਅਤੇ ਬਹੁਤ ਹੀ ਕਿਸਮ ਦੀਆਂ ਦੌੜਾਂ ਦਾ ਆਨੰਦ ਮਾਣ ਸਕੋਗੇ। ਇਸ ਮੇਲੇ ਦਾ ਦਾਖਲਾ ਬਿਲਕੁਲ ਫਰੀ ਹੁੰਦਾ ਹੈ। ਮੇਲਾ ਠੀਕ 10 ਵਜੇ ਸ਼ੁਰੂ ਹੋ ਜਾਵੇਗਾ। ਗੁਰੂ ਕੇ ਲੰਗਰ ਅਤੁੱਟ ਵਰਤਣਗੇ। ਸਕਿਊਰਟੀ ਦਾ ਪੂਰਾ ਪ੍ਰਬੰਧ ਹੋਵੇਗਾ। ਇਸ ਦੇ ਨਾਲ ਤੁਸੀਂ ਗਿੱਧਾ-ਭੰਗੜਾ ਅਤੇ ਗੀਤ-ਸੰਗੀਤ ਦਾ ਆਨੰਦ ਵੀ ਮਾਣ ਸਕੋਗੇ। ਸਮੂਹ ਪ੍ਰਬੰਧਕੀ ਬੋਰਡ ਵੱਲੋਂ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਨੂੰ ਖੁੱਲ੍ਹਾ ਸੱਦਾ ਹੈ। ਆਓ ਆਪਣੇ ਬੱਚਿਆਂ ਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਰੰਗ ਵਿਚ ਰੰਗਣ ਲਈ ਇਸ ਮੇਲੇ ਦਾ ਹਿੱਸਾ ਬਣੋ ਅਤੇ ਬੱਚਿਆਂ ਨੂੰ ਆਸ਼ੀਰਵਾਦ ਦਿਓ। ਸਮੂਹ ਸਪੋਰਟਸ, ਮੀਡੀਏ ਦਾ ਧੰਨਵਾਦ ਕੀਤਾ ਜਾਂਦ ਹੈ। ਸਾਊਂਡ ਦੀ ਸੇਵਾ ਬਲਦੇਵ ਵਿਰਕ ਵੱਲੋਂ ਹੋਵੇਗਾ ਅਤੇ ਫੋਟੋਗ੍ਰਾਫੀ ਮੋਗਾ ਵੀਡੀਓ ਵੱਲੋ ਕੀਤੀ ਜਾਵੇਗੀ। ਹੋਰ ਜਾਣਕਾਰੀ ਲਈ ਪ੍ਰਮਜੀਤ ਧਾਲੀਵਾਲ ਨਾਲ 559-351-1481, ਉਦੈਦੀਪ ਸਿੱਧੂ 559-355-4065 ਜਾਂ ਤਰਨਜੀਤ ਕੌਰ ਕਲੇਰ ਨਾਲ 559-942-6068 ਤੇ ਸੰਪਰਕ ਕੀਤਾ ਜਾ ਸਕਦਾ ਹੈ। **(ਪਰਮਜੀਤ ਸਿੰਘ ਧਾਲੀਵਾਲ**

**(559-351-9465)**

# Buying or Selling Gas Stations and Hotels

*All over in California*

*Do you want to Buy/Sell your Gas Station and Hotel business property? Call us for a free consultation.*

Call us for a Free Consultation about Selling your Gas Station or Hotel and we can also Give you our Expert Opinion of the Value of Your Gas Station or Hotel.



ELITE REALTY SERVICES TEAM JD

JOHN SINGH BANGA 916.271.5404 Lic # 01397975

DALVIR 'DIL' NIJJAR 916.628.2210 Lic # 01418648

*Commercial Real estate and investment adviser*

7412 Elsie Avenue, Sacramento CA 95828

*"Honesty and Experience make the Difference"*

*www. buyorsellgasstationsandhotels. com*

# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Transmission, Body and Paint Work We Sell Used Cars at a Good Price**



Free Estimates
Free Towing

510- 733- 2222

1421 Industrial PKWY West#F Hayward, CA 94544



Prop: Jasbir Singh Takhar 510-755-2132

Harmandeep Singh

33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ

ਹਰ ਉਮਰ 'ਚ — ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ — ਹਰ ਮੌਸਮ 'ਚ

# ਅਮਰ ਕੋਰਸ®

ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ

ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ

ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, **ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ,** ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, **ਸੁਪਨਦੋਸ਼,** ਵੀਰਜ ਪਤਲਾ, **ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ,** ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, **ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।**



ਵੈਦ ਅਮਰਜੀਤ ਅਮਰ

**ਸਪੈਸ਼ਲ ਅਮਰ ਤਿੱਲਾ** ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।

**ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ**

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)

ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।

ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ | ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ

ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ

# ਅਮਰ ਦਵਾਖਾਨਾ (ਰਜਿ.)

ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com

# A & S

## Auto Repair & Services

### Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

ਸ੍ਰੀ ਗੁਰੂ ਰਵਿਦਾਸ ਸਭਾ ਸੈਲਮਾ (ਕੈਲੇਫੋਰਨੀਆ) ਵੱਲੋਂ, ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 640ਵਾਂ ਪ੍ਰਕਾਸ ਦਿਹਾੜਾ 19 ਮਾਰਚ 2017 ਨੂੰ ਸੈਲਮਾ ਗੁਰੂ ਘਰ ਵਿਖੇ ਮਨਾਇਆ ਜਾ ਰਿਹਾ ਹੈ।

ਆਓ ਆਪਾਂ ਸਾਰੇ ਰਲ ਮਿਲ ਕੇ ਇਸ ਪਾਵਨ ਦਿਹਾੜੇ ਮੌਕੇ ਗੁਰੂ ਘਰ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।





ਸੁੱਚਾ ਰਾਮ ਭਾਰਟਾ

Ex-Chairman:
IBO California
Ex-Chairman:
Shri Guru Ravidass Sabha
Bay Area California



ਸ੍ਰੀ ਗੁਰੂ ਰਵਿਦਾਸ ਸਭਾ ਸੈਲਮਾ (ਕੈਲੇਫੋਰਨੀਆ) ਵੱਲੋਂ, ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 640ਵਾਂ ਪ੍ਰਕਾਸ ਦਿਹਾੜਾ 19 ਮਾਰਚ 2017 ਨੂੰ ਸੈਲਮਾ ਗੁਰੂ ਘਰ ਵਿਖੇ ਮਨਾਇਆ ਜਾ ਰਿਹਾ ਹੈ। ਆਓ ਆਪਾਂ ਸਾਰੇ ਰਲ ਮਿਲ ਕੇ ਇਸ ਪਾਵਨ ਦਿਹਾੜੇ ਮੌਕੇ ਗੁਰੂ ਘਰ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।



ਰਾਜਿੰਦਰ ਗੀਗੜ







ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਗੁਰੂ ਪਿਆਰੀ ਸਮੂਹ ਸਾਧ ਸੰਗਤ ਜੀ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਗਏ 640ਵੇਂ ਪ੍ਰਕਾਸ਼ ਦਿਹਾੜੇ ਅਤੇ 17ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਹਰਜੀਤ ਸਿੰਘ ਸਵੈਚ ਅਤੇ ਸਮੂਹ ਪਰਿਵਾਰ ਵੱਲੋਂ ਲੱਖ-ਲੱਖ ਵਧਾਈਆਂ

**ਹਰਜੀਤ ਸਿੰਘ ਸਵੈਚ**

**(ਉਘੇ ਰਿਐਲਟਰ) (916) 417-2900 ਅਤੇ ਸਮੂਹ ਸਵੈਚ ਪਰਿਵਾਰ**



ਐਸੀ ਲਾਲ ਤੁਝ ਬਿਨ ਕਾਉਨ ਕਰੈ॥
ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਸਾਧ ਸੰਗਤ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਗਏ 640ਵੇਂ ਪ੍ਰਕਾਸ਼ ਦਿਹਾੜੇ ਅਤੇ 17ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਬਲਬੀਰ ਸੁੰਮਨ (ਉਘੇ ਟਰਾਂਸਪੋਰਟਰ) ਅਤੇ ਸਮੂਹ ਸੁੰਮਨ ਪਰਿਵਾਰ ਵੱਲੋਂ ਲੱਖ-ਲੱਖ ਵਧਾਈਆਂ





**ਟਰਾਂਸਪੋਰਟਰ ਬਲਬੀਰ ਸੁੰਮਨ ਅਤੇ ਸੁੰਮਨ ਬ੍ਰਦਰਜ਼ ਫੈਮਲੀ, ਯੂਬਾ ਸਿਟੀ**

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 640ਵਾਂ ਗੁਰਪੁਰਬ ਅਤੇ 17ਵਾਂ ਨਗਰ ਕੀਰਤਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ




ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)








## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ 11ਵੇਂ ਸਥਾਪਨਾ ਦਿਵਸ ਦੀਆਂ ਲੱਖ-ਲੱਖ ਵਧਾਈਆਂ






**ਕੁਲਦੀਪ ਸਿੰਘ ਸੁੰਮਨ ਅਤੇ ਸਮੂਹ ਸੁੰਮਨ ਪਰਿਵਾਰ**

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ 11ਵੀਂ ਵਰ੍ਹੇਗੰਢ ਬੜੇ ਧੂੰਮ ਧਾਮ ਨਾਲ ਮਿਤੀ 17, 18 ਅਤੇ 19 ਮਾਰਚ 2017 ਨੂੰ ਮਨਾਈ ਜਾ ਰਹੀ ਹੈ। ਇਸ ਮੌਕੇ 17 ਮਾਰਚ (ਦਿਨ ਸ਼ੁੱਕਰਵਾਰ) ਨੂੰ 5 ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ, 18 ਮਾਰਚ ਨੂੰ ਸ਼ਾਮ 5 ਵਜੇ ਪ੍ਰਬੰਧਕ ਕਮੇਟੀ ਅਤੇ ਸੰਗਤ ਵੱਲੋਂ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 19 ਮਾਰਚ (ਦਿਨ ਐਤਵਾਰ) ਨੂੰ ਪਾਏ ਜਾਣਗੇ।

ਪਾਠਾਂ ਦੀ ਸੇਵਾ (1) ਸ੍ਰੀ ਮਹਿੰਦਰ ਸਿੰਘ ਰੱਤੂ (ਚੇਅਰਮੈਨ ਗੁਰੂ ਘਰ) ਬੀਬੀ ਪਾਲੋ ਰੱਤੂ ਅਤੇ ਪਰਿਵਾਰ, (2) ਸ੍ਰੀ ਪਰਸ਼ੋਤਮ ਸੂਦ (ਵਾਈਸ ਚੇਅਰਮੈਨ ਗੁਰੂ ਘਰ) ਅਤੇ ਉਹਨਾਂ ਦੀ ਸੁਪਤਨੀ ਸ੍ਰੀਮਤੀ ਦੀਸ਼ਾਨ ਸੂਦ ਅਤੇ ਸਮੂਹ ਸੂਦ ਪਰਿਵਾਰ, (3) ਵਿਜੇ ਸਰੋਆ, ਬਿੱਟੂ ਸਰੋਆ ਅਤੇ ਰਾਜੇਸ਼ ਲਾਲੀ ਸਮੂਹ ਪਰਿਵਾਰਾਂ ਵੱਲੋਂ, (4) ਮਹਾਨ ਹਸਤੀ ਰਾਮ ਮੂਰਤੀ ਸਰੋਆ- ਬੀਬੀ ਸੱਤਿਆ ਦੇਵੀ ਸਰੋਆ ਪਰਿਵਾਰ, (5) ਰਾਮ ਪ੍ਰਕਾਸ਼ ਰਾਜੂ, ਬੀਬੀ ਪਰਮਜੀਤ ਕੌਰ ਰਾਜੂ ਪਰਿਵਾਰ ਵੱਲੋਂ ਕੀਤੀ ਜਾਵੇਗੀ।

ਭੋਗ ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦਾ ਜਥਾ, ਜਥੇਦਾਰ ਗੁਰਨਾਮ ਸਿੰਘ ਭੰਡਾਲ (ਵਾਈਸ ਪ੍ਰਧਾਨ ਗੁਰੂ ਘਰ) ਜੀ ਦਾ ਢਾਡੀ ਜਥਾ ਹਰਿਜਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਸ੍ਰੀ ਰਾਜ ਕੁਮਾਰ ਜੀ, ਸ੍ਰੀ ਅਸ਼ੋਕ ਕੁਮਾਰ ਰਵਦਾਸੀਆ ਜੀ, ਸ੍ਰੀ ਪਾਲ ਰਵਦਾਸੀਆ ਜੀ ਅਤੇ ਸਮੁੱਚੀ ਟੀਮ ਵੱਲੋਂ ਗੋਲਗੱਪੇ, ਚਾਹ, ਪਕੌੜੇ ਅਤੇ ਮਠਿਆਈ ਦਾ ਲੰਗਰ ਲਗਾਇਆ ਜਾਵੇਗਾ। ਸਾਂਝੀ ਰਸੋਈ ਰੈਸਟੋਰੈਂਟ ਵੱਲੋਂ ਛੋਲੇ-ਭਟੂਰਿਆਂ ਦਾ ਲੰਗਰ ਲਗਾਇਆ ਜਾਵੇਗਾ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਜਾਣਗੇ। ਇਹਨਾਂ ਸਮਾਗਮਾਂ ਵਿਚ ਜੇ ਕਿਸੇ ਗੁਰਮੁਖ ਪਰਿਵਾਰ ਨੇ ਕਿਸੇ ਤਰ੍ਹਾਂ ਦੀ ਵੀ ਸੇਵਾ ਲੈਣੀ ਹੋਵੇ ਤਾਂ ਉਹ ਗੁਰੂ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦਾ ਹੈ ਜੀ।

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 640ਵਾਂ ਗੁਰਪੁਰਬ ਅਤੇ 17ਵਾਂ ਨਗਰ ਕੀਰਤਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ











ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)











# ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਸਾਧ ਸੰਗਤ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਮਨਾਏ ਗਏ 17ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ-ਲੱਖ ਵਧਾਈਆਂ



ਪ੍ਰਕਾਸ਼ ਦਿਹਾੜੇ ਅਤੇ 17ਵੇਂ ਵਿਸ਼ਾਲ ਨਗਰ ਕੀਰਤਨ ਮੌਕੇ ਯੂਬਾ ਸਿਟੀ ਸ਼ਹਿਰ ਦੀ ਸੰਗਤ ਵੱਲੋਂ ਗੁਰੂ ਕਾ ਲੰਗਰ ਲਗਾਇਆ ਗਿਆ। ਲੰਗਰ ਦੀ ਸੇਵਾ ਦਾ ਮਾਣ ਪ੍ਰਾਪਤ ਕਰਦੇ ਹੋਏ ਸ. ਸੁਰਿੰਦਰ ਸਿੰਘ, ਸ. ਜਸਵਿੰਦਰ ਸਿੰਘ, ਸ. ਸਤਨਾਮ ਸਿੰਘ, ਸ. ਨਿਰਮਲ ਸਿੰਘ, ਸ. ਸੰਤੋਖ ਸਿੰਘ, ਸ. ਜਗਤਾਰ ਸਿੰਘ, ਸ. ਜੋਬਨ ਪ੍ਰੀਤ ਸਿੰਘ, ਸ. ਕਮਲਜੀਤ ਸਿੰਘ ਅਤੇ ਸਮੂਹ ਬੀਬੀਆਂ ਵੱਲੋਂ ਗੁਰੂ ਕਾ ਅਤੁੱਟ ਲੰਗਰ ਲਗਾਇਆ ਗਿਆ। ਇਸ ਮੌਕੇ ਗਰਮ-ਗਰਮ ਚਾਹ, ਛੋਲੇ-ਭਟੂਰੇ, ਪਕੌੜੇ, ਜਲੇਬੀਆਂ ਦਾ ਅਤੁੱਟ ਲੰਗਰ ਲਗਾਇਆ ਗਿਆ ਅਤੇ ਸੇਵਾਦਾਰ ਸੰਗਤ ਨੇ ਸ਼ਰਧਾ ਅਤੇ ਉਤਸ਼ਾਹ ਨਾਲ ਸੇਵਾ ਕੀਤੀ।



ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)











# ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਸਾਧ ਸੰਗਤ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਗਏ 640ਵੇਂ ਪ੍ਰਕਾਸ਼ ਦਿਹਾੜੇ ਅਤੇ 17ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਇੰਡੀਆ ਬਜ਼ਾਰ (ਸਟਾਕਟਨ) ਵੱਲੋਂ ਲੱਖ-ਲੱਖ ਵਧਾਈਆਂ




ਪ੍ਰਕਾਸ਼ ਦਿਹਾੜੇ ਅਤੇ 17ਵੇਂ ਵਿਸ਼ਾਲ ਨਗਰ ਕੀਰਤਨ ਮੌਕੇ ਯੂਬਾ ਸਿਟੀ ਸ਼ਹਿਰ ਦੀ ਸੰਗਤ ਵੱਲੋਂ ਗੁਰੂ ਕਾ ਲੰਗਰ ਲਗਾਇਆ ਗਿਆ। ਲੰਗਰ ਦੀ ਸੇਵਾ ਦਾ ਮਾਣ ਪ੍ਰਾਪਤ ਕਰਦੇ ਹੋਏ ਜੈ ਰਾਮ ਗਾਟ, ਹਰਜੀਤ ਗਾਟ (ਹੈਪੀ) ਅਤੇ ਸਮੂਹ ਗਾਟ ਪਰਿਵਾਰ ਵੱਲੋਂ ਫੁੱਲਾਂ ਦੀ ਵਰਖਾ ਕੀਤੀ ਗਈ। ਇਸ ਮੌਕੇ ਚਾਹ, ਛੋਲੇ-ਭਟੂਰੇ, ਪਕੌੜੇ, ਜਲੇਬੀਆਂ ਦਾ ਅਤੁੱਟ ਲੰਗਰ ਲਗਾਇਆ ਗਿਆ ਅਤੇ ਸੇਵਾਦਾਰ ਸੰਗਤ ਨੇ ਸ਼ਰਧਾ ਅਤੇ ਉਤਸ਼ਾਹ ਨਾਲ ਸੇਵਾ ਕੀਤੀ।

ਹਰ ਕਿਸਮ ਦੇ ਇੰਡੀਅਨ, ਫਿਜ਼ੀਅਨ, ਪਾਕਿਸਤਾਨੀ ਗਰੌਸਰੀ ਦਾ ਸਮਾਨ, ਰੈਡੀਮੇਡ ਸੂਟ ਅਤੇ ਵਧੀਆ ਕੱਪੜਿਆਂ ਦੀ ਹਰ ਕਿਸਮ ਦੀ ਕੁਆਲਟੀ ਦਾ ਸਮਾਨ ਖਰੀਦਣ ਲਈ ਇੰਡੀਆ ਬਾਜ਼ਾਰ ਪਦਾਰਥ ਲਈ ਆਪ ਸਭ ਦਾ ਸਵਾਗਤ ਹੈ।






INDIA BAZAAR




INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com


ਧੰਨਵਾਦ ਸਹਿਤ

ਜੈ ਰਾਮ ਗਾਟ

ਹਰਜੀਤ ਗਾਟ (ਹੈਪੀ)

(209)-487-2127

ਸਮੂਹ ਗਾਟ ਪਰਿਵਾਰ




ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
ਕਸ਼ਮੀਰ ਸਿਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Like us on Facebook | Follow us on Instagram


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-338-5511
Email:
IndiaMarketRoseville@gmail.com

# 'ਜਦੋਂ ਸਰਦਾਰ ਬਘੇਲ ਸਿੰਘ ਨੇ ਦਿੱਲੀ ਫਤਿਹ ਕੀਤੀ'



ਪ੍ਰੋ: ਐਚ. ਐਲ. ਕਪੂਰ
001- 916- 587-4002

ਸਰਦਾਰ ਬਘੇਲ ਸਿੰਘ (1730-1802) ਦਾ ਜਨਮ ਢਿੱਲੋਂ ਜੱਟ ਸਿੱਖ ਘਰਾਣੇ 'ਚ ਪਿੰਡ ਝਬਾਲ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ ਵਿਖੇ 1730 ਈਸਵੀ ਨੂੰ ਹੋਇਆ। ਉਹ ਚੌਧਰੀ ਭਾਈ ਲੰਗਾਹ ਢਿੱਲੋਂ ਦੇ ਖਾਨਦਾਨ 'ਚੋਂ ਸੀ ਤੇ ਉਹ ਮਾਝੇ ਦੇ 84 ਪਿੰਡਾਂ ਦਾ ਚੌਧਰੀ (ਚੀਫ) ਸੀ। ਉਹ ਆਪਣੇ ਛੋਟੇ ਭਰਾ ਪੀਰੋਸ਼ਾਹ ਢਿੱਲੋਂ ਸਮੇਤ ਸਿੱਖ ਧਰਮ 'ਚ ਬਹੁਤ ਹੀ ਮਸ਼ਹੂਰ ਮਾਈ ਭਾਗੋ ਜੀ ਦੇ ਦਾਦਾ ਜੀ ਸਨ ਤੇ ਉਨ੍ਹਾਂ ਨੇ 1580 ਈਸਵੀ 'ਚ ਗੁਰੂ ਅਰਜਨ ਦੇਵ ਜੀ ਦੇ ਪ੍ਰਭਾਵ ਨਾਲ ਸਿੱਖ ਧਰਮ ਅਪਨਾ ਲਿਆ ਸੀ।

ਉਹ ਬਹੁਤ ਹੀ ਸਧਾਰਨ ਜਿਹੇ ਗਰੀਬ ਪਰਿਵਾਰ 'ਚ ਪੈਦਾ ਹੋ ਕੇ ਬੜੀ ਸਿਆਣਪਤ ਤੇ ਮਿਹਨਤ ਨਾਲ ਦਰਿਆ ਸਤਲੁਜ ਤੇ ਦਰਿਆ ਜਮਨਾ ਦੇ ਵਿਚਕਾਰ ਦੇ ਇਲਾਕੇ ਦੀ ਇਕ ਵੱਡੀ ਤਾਕਤ ਬਣ ਗਿਆ। ਉਨ੍ਹਾਂ ਨੇ ਕਰੋੜ ਸਿੰਘੀਆ ਮਿਸਲ ਦੇ ਸਰਦਾਰ ਕਰੋੜਾ ਸਿੰਘ ਨਾਲ ਸੰਧੀ ਕਰ ਲਈ। ਕਰੋੜਾ ਸਿੰਘ ਨਾਲ ਸੰਧੀ ਕਰਨ ਤੋਂ ਕੁਝ ਸਮੇਂ ਬਾਅਦ ਹੀ ਸਰਦਾਰ ਬਘੇਲ ਸਿੰਘ 1765 ਈਸਵੀ 'ਚ ਕਰੋੜ ਸਿੰਘੀਆ ਮਿਸਲ ਦੇ ਸਰਦਾਰ (ਨੇਤਾ) ਬਣਨ 'ਚ ਸਫਲ ਹੋ ਗਿਆ। ਉਨ੍ਹਾਂ ਨੂੰ ਸਿੱਖ ਜਗਤ 'ਚ ਇਸ ਗੱਲ ਲਈ ਬੜੀ ਪ੍ਰਸਿੱਧੀ ਮਿਲੀ ਕਿ ਉਨ੍ਹਾਂ ਨੇ ਦਿੱਲੀ ਦੇ ਮੁਗਲ ਬਾਦਸ਼ਾਹ ਨੂੰ ਹਰਾ ਕੇ ਦਿੱਲੀ 'ਤੇ ਕਬਜ਼ਾ ਕਰ ਲਿਆ। ਮਾਰਚ 11, 1783 ਈਸਵੀ ਨੂੰ ਸਿੱਖ ਫੌਜਾਂ ਦਿੱਲੀ ਦੇ ਲਾਲ ਕਿਲ੍ਹੇ 'ਚ ਦਾਖਲ ਹੋਈਆਂ ਤੇ ਦਿਵਾਨ-ਏ-ਆਮ 'ਤੇ ਕਬਜ਼ਾ ਕਰਕੇ ਕੇਸਰੀ ਨਿਸ਼ਾਨ ਸਾਹਿਬ ਲਹਿਰਾ ਦਿੱਤਾ।

ਮੁਗਲ ਸਮਰਾਟ ਸ਼ਾਹ ਆਲਮ- ਦੂਜਾ, ਸਿੱਖਾਂ ਨਾਲ ਬੜੀ ਜਲਦੀ ਸਮਝੌਤਾ ਕਰਨਾ ਚਾਹੁੰਦਾ ਸੀ। ਉਸ ਨੇ ਸੰਧੀ ਦੀ ਪੇਸ਼ਕਸ਼ ਕੀਤੀ ਤੇ ਸਮਝੌਤੇ ਦੀਆਂ ਸ਼ਰਤਾਂ ਨੂੰ ਮੰਨ ਲਿਆ। ਮੁਗਲ ਬਾਦਸ਼ਾਹ ਤਿੰਨ ਲੱਖ ਰੁਪਿਆ ਨਜ਼ਰਾਨੇ ਵਜੋਂ ਦੇਵੇਗਾ। ਇਕੱਤਰ ਹੁੰਦੀ ਚੁੰਗੀ 'ਚੋਂ ਇਕ ਰੁਪੈ ਪਿੱਛੇ ਛੇ ਆਨੇ ਦੇਵੇਗਾ ਤੇ ਇਸ ਤੋਂ ਇਲਾਵਾ ਮੁਗਲ ਸਰਕਾਰ ਸਟੇਟ 'ਚੋਂ ਇਕੱਤਰ ਹੋਏ ਟੈਕਸ 'ਚੋਂ 12.5 ਫੀਸਦੀ ਰਕਮ ਵੀ ਸਿੱਖਾਂ ਨੂੰ ਦੇਵੇਗਾ। ਕੋਤਵਾਲੀ ਦੇ ਇਲਾਕੇ ਦੇ ਮਾਲਕ ਸਿੱਖ ਹੋਣਗੇ। ਸਰਦਾਰ ਬਘੇਲ ਸਿੰਘ ਨੂੰ ਸਭ ਸਿੱਖ ਇਤਿਹਾਸਕ ਗੁਰਦੁਆਰਿਆਂ ਦੀ ਉਸਾਰੀ ਦੇ ਅਧਿਕਾਰ ਹੋਣਗੇ। ਸਰਦਾਰ ਬਘੇਲ ਸਿੰਘ 4 ਹਜ਼ਾਰ ਸਿੱਖ ਸਿਪਾਹੀ ਆਪਣੇ ਕੋਲ ਉਦੋਂ ਤੱਕ ਰੱਖਣਗੇ, ਜਿੰਨਾ ਚਿਰ ਉਨ੍ਹਾਂ ਦੇ ਉਦੇਸ਼ ਪੂਰੇ ਨਹੀਂ ਹੋ ਜਾਂਦੇ। ਇਸ ਦਾ ਸਾਰਾ ਖਰਚਾ ਮੁਗਲ ਸਰਕਾਰ ਦੇਵੇਗੀ। ਇਸ ਸੰਧੀ ਉਪਰੰਤ ਸਿੱਖਾਂ ਨੇ ਲਾਲ ਕਿਲ੍ਹੇ ਦਾ ਕਬਜ਼ਾ ਛੱਡ ਦਿੱਤਾ।

ਸਰਦਾਰ ਬਘੇਲ ਸਿੰਘ ਨੇ ਦਿੱਲੀ ਦੇ ਸਬਜ਼ੀ ਮੰਡੀ ਇਲਾਕੇ 'ਚ ਆਪਣੇ ਲਸ਼ਕਰ ਦਾ ਡੇਰਾ ਜਮਾ ਲਿਆ। ਉਸ ਦੇ ਲਸ਼ਕਰ 'ਚ ਚਾਰ ਹਜ਼ਾਰ ਫੌਜੀ ਜਵਾਨ ਸਨ। ਉਸ ਨੇ ਚਾਂਦਨੀ ਚੌਂਕ ਪੁਲਿਸ ਸਟੇਸ਼ਨ ਦਾ ਚਾਰਜ ਸੰਭਾਲ ਲਿਆ। ਉਸ ਨੇ ਸਿੱਖ ਗੁਰੂਆਂ ਦੇ ਜੀਵਨ ਨਾਲ ਸਬੰਧਤ ਸੱਤ ਥਾਂ-ਟਿਕਾਣਿਆਂ ਬਾਰੇ ਜਾਣਕਾਰੀ ਹਾਸਲ ਕਰ ਲਈ ਤੇ ਉਨ੍ਹਾਂ ਸਥਾਨਾਂ 'ਤੇ ਅਪ੍ਰੈਲ ਤੋਂ ਦਸੰਬਰ 1983 ਤੱਕ ਸੱਤ ਮਹੀਨਿਆਂ ਦੇ ਵਿਚ-ਵਿਚ ਗੁਰਦੁਆਰਿਆਂ ਦੀ ਉਸਾਰੀ ਕਰਵਾ ਦਿੱਤੀ। 'ਗੁਰਦੁਆਰਾ ਸੀਸ ਗੰਜ' ਮੁਗਲ ਰਾਜ ਦੀ ਮੇਨ ਗਲੀ ਚਾਂਦਨੀ ਚੌਂਕ 'ਚ, ਜਿੱਥੇ ਗੁਰੂ ਤੇਗ ਬਹਾਦਰ ਜੀ ਨੂੰ ਬਾਦਸ਼ਾਹ ਔਰੰਗਜ਼ੇਬ ਦੇ ਹੁਕਮਾਂ ਨਾਲ ਸ਼ਹੀਦ ਕੀਤਾ ਗਿਆ ਸੀ। 'ਗੁਰਦੁਆਰਾ ਰਕਾਬ ਗੰਜ' ਸਾਹਿਬ ਮੌਜੂਦਾ ਸਮੇਂ ਦੇ ਪਾਰਲੀਮੈਂਟ ਹਾਊਸ ਦੇ ਨਜ਼ਦੀਕ, ਜਿੱਥੇ ਗੁਰੂ ਤੇਗ ਬਹਾਦਰ ਸਾਹਿਬ ਦੇ ਸਰੀਰ ਦਾ ਸੰਸਕਾਰ ਕੀਤਾ ਗਿਆ ਸੀ। 'ਬੰਗਲਾ ਸਾਹਿਬ' ਤੇ 'ਬਾਲਾ ਸਾਹਿਬ' ਅੱਠਵੇਂ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਯਾਦ 'ਚ ਬਣਵਾਇਆ ਤੇ ਚਾਰ ਹੋਰ ਗੁਰਦੁਆਰੇ, ਗੁਰਦੁਆਰਾ ਮਜਨੂੰ ਕਾ ਟਿੱਲਾ, ਮੋਤੀ ਬਾਗ, ਤੇਲੀਵਾੜਾ ਤੇ ਗੁਰਦੁਆਰਾ ਨਾਨਕ ਪਿਆਓ ਵੀ ਇਸੇ ਸਮੇਂ ਬਣਵਾਏ।

ਗੁਰੂ ਗੋਬਿੰਦ ਸਿੰਘ ਜੀ ਦੇ ਪੰਜਾਬ ਛੱਡ ਕੇ ਭਾਰਤ ਦੇ ਦੱਖਣ 'ਚ ਨਾਂਦੇੜ ਵਿਖੇ ਜਾਣ ਉਪਰੰਤ ਪੰਜਾਬ ਦੇ ਸਿੱਖ 12 ਮਿਸਲਾਂ 'ਚ ਵੰਡੇ ਗਏ ਤੇ ਆਪਣੇ-ਆਪਣੇ ਰਾਜ ਦਾ ਘੇਰਾ ਵਧਾਉਣ ਲਈ ਆਪਸ 'ਚ ਲੜਨ ਲੱਗ ਪਏ। ਇਨ੍ਹਾਂ ਮਿਸਲਾਂ 'ਚ ਸਿੱਖ ਬੜੀ ਆਜ਼ਾਦੀ ਨਾਲ ਆਪਣਾ ਜੀਵਨ ਗੁਜ਼ਾਰਨ ਲੱਗੇ ਤੇ ਇਹਨਾਂ ਮਿਸਲਾਂ 'ਚ ਉਹ ਪੂਰਨ ਰੂਪ 'ਚ ਆਜ਼ਾਦ ਸਨ ਤੇ ਮਿਸਲਾਂ ਆਪਣੇ-ਆਪਣੇ ਮਿਸਲਦਾਰਾਂ ਦੇ ਪੂਰਨ ਰੂਪ 'ਚ ਅਧੀਨ ਸਨ ਤੇ ਇਨ੍ਹਾਂ ਸਭ ਨੇ ਸੰਯੁਕਤ ਰੂਪ 'ਚ ਇਕੱਠੇ ਹੋ ਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ 'ਚ 'ਦਲ ਖਾਲਸਾ' ਦੀ ਸਥਾਪਨਾ ਕਰ ਲਈ। ਸਿੱਖ ਅਕਸਰ ਪੰਜਾਬ ਤੋਂ ਬਾਹਰ ਹਮਲੇ ਕਰਦੇ ਰਹਿੰਦੇ ਸਨ ਤੇ ਮੁਗਲ ਨੇਤਾਵਾਂ ਦੇ ਪ੍ਰਭਾਵ ਨੂੰ ਨੁਕਸਾਨ ਪਹੁੰਚਾ ਕੇ, ਘੱਟ ਕਰਦੇ ਰਹਿੰਦੇ ਸਨ। ਇਹ ਕਿਹਾ ਜਾਂਦਾ ਹੈ ਕਿ ਸਿੱਖ 'ਰਾਖੀ' ਤੇ 'ਕੰਬਲੀ' ਦੇ ਰੂਪ 'ਚ ਸਹਾਰਨਪੁਰ, ਹਰਿਦੁਆਰ ਤੇ ਹੋਰ ਪਰ੍ਹੇ ਕਈ ਇਲਾਕਿਆਂ 'ਚੋਂ ਟੈਕਸ ਵੀ ਇਕੱਤਰ ਕਰਦੇ ਸਨ।

ਪ੍ਰਸਿੱਧ ਮੁਸਲਮਾਨ ਇਤਿਹਾਸਕਾਰ ਸਈਅਦ ਅਹਿਮਦ ਲਤੀਫ਼ ਲਿਖਦਾ ਹੈ ਕਿ ਕਰੋੜਾ ਸਿੰਘੀਆ ਮਿਸਲ ਪਾਸ 12000 ਲੜਾਕੂ ਸਿੱਖ ਸਿਪਾਹੀ ਸਨ। ਇਹਨਾਂ 'ਚ ਲੜਾਈ ਵਿਚ ਇਕ ਨਿਪੁੰਨ ਤੇ ਮਹਾਨ ਯੋਧਾ ਸਰਦਾਰ ਬਘੇਲ ਸਿੰਘ ਸੀ। ਉਹ ਇਕ ਚੰਗਾ ਰਾਜਨੀਤਿਕ, ਯੁੱਧਨੀਤੀ ਦਾ ਬੜਾ ਮਾਹਿਰ ਤੇ ਦੁਸ਼ਮਣ ਨੂੰ ਲੋਹੇ ਦੇ ਚਣੇ ਚਬਾਉਣ ਦੀ ਪੂਰੀ ਸਮਰੱਥਾ ਰੱਖਦਾ ਸੀ। ਮੁਗਲ, ਰੁਹੇਲੇ, ਮਰਾਠੇ ਤੇ ਅੰਗਰੇਜ਼ਾਂ ਨਾਲ ਉਸ ਨੇ ਦੋਸਤੀ ਵਧਾ ਲਈ ਸੀ। ਇਸੇ ਦਹਾਕੇ ਦੇ ਦੌਰਾਨ ਪੰਜਾਬ ਦੇ ਮੁਗਲ ਸ਼ਾਸ਼ਕ, ਅਹਿਮਦਸ਼ਾਹ ਦੁਰਾਨੀ (ਅਹਿਮਦਸ਼ਾਹ ਅਬਦਾਲੀ) ਦੇ ਉਪਰੋਥਲੀ ਹਮਲਿਆਂ ਦਾ ਅਠਾਰਵੀਂ ਸਦੀ ਦੇ ਅੱਧ ਤੱਕ ਮੁਕਾਬਲਾ ਕਰਦੇ ਰਹੇ। ਇਸੇ ਦੌਰਾਨ ਸਿੱਖਾਂ ਨੇ ਆਪਣੀ ਤਾਕਤ ਵਧਾ ਲਈ ਤੇ ਮੁਗਲ ਪੰਜਾਬ 'ਚ ਕਮਜ਼ੋਰ ਹੋ ਗਏ।

ਸਰਦਾਰ ਬਘੇਲ ਸਿੰਘ ਕਰੋੜ ਸਿੰਘੀਆ ਮਿਸਲ ਦੇ ਪ੍ਰਮੁੱਖ ਯੋਧੇ ਵਜੋਂ ਹੋਣ ਕਾਰਨ ਉਹ ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ 'ਚ ਮੋਹਰੇ ਹੋ ਕੇ ਲੜਿਆ ਤੇ ਉਸ ਦੇ ਨਾਲ ਕੁੱਪ, ਜਿਹੜਾ ਕਿ ਮਲੇਰਕੋਟਲਾ ਦੇ ਨਜ਼ਦੀਕ ਹੈ, ਦੀ ਲੜਾਈ 'ਚ 'ਦਲ ਖਾਲਸਾ' 'ਚ ਸ਼ਾਮਲ ਮਿਸਲਾਂ ਨੇ ਵੀ ਉਸ ਦਾ ਪੂਰਾ ਸਾਥ ਦਿੱਤਾ। ਇਸ ਇਕੋ ਦਿਨ ਦੀ ਲੜਾਈ 'ਚ 30 ਤੋਂ 40 ਹਜ਼ਾਰ ਨੌਜਵਾਨ, ਬੱਚੇ, ਬੁੱਢੇ ਤੇ ਔਰਤਾਂ ਸ਼ਹੀਦ ਹੋ ਗਈਆਂ। ਅਬਦਾਲੀ ਦੇ ਇਸ ਹਮਲੇ ਤੋਂ ਬਾਅਦ ਸਿੱਖਾਂ ਨੇ ਜਮਨਾ ਤੇ ਇੰਡਸ ਇਲਾਕੇ ਦੇ ਵਿਚਕਾਰ, ਮਿਸਲਾਂ ਨੇ ਇੱਕਜੁਟ ਹੋਣ ਲਈ ਸੋਚਣਾ ਸ਼ੁਰੂ ਕਰ ਦਿੱਤਾ। ਇਸ ਇੱਕਜੁਟਤਾ ਦੀ ਸਾਰੀ ਜਾਣਕਾਰੀ ਦਲ ਖਾਲਸਾ ਦੇ ਚੀਫ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਦੇਣੀ ਸ਼ੁਰੂ ਕਰ ਦਿੱਤੀ। ਉਹਨਾਂ ਨੇ ਉਸ ਸਮੇਂ ਅੰਮ੍ਰਿਤਸਰ 'ਚ ਅਕਾਲ ਤਖਤ ਸਾਹਿਬ 'ਤੇ ਆਪਣਾ ਮੁੱਖਿਆਲਾ ਬਣਾਇਆ ਹੋਇਆ ਸੀ।

ਸੁੱਕਰਚੱਕੀਆ ਮਿਸਲ ਜਿਹੜੀ ਕਿ ਮਹਾਰਾਜਾ ਰਣਜੀਤ ਸਿੰਘ ਜੀ ਦੀ ਸੀ, ਨੇ ਗੁਜਰਾਂਵਾਲਾ ਇਲਾਕਾ ਜਿੱਤ ਕੇ ਆਪਣੇ ਅਧੀਨ ਕਰ ਲਿਆ ਤੇ ਇਸ ਦੇ ਨਾਲ ਲੱਗਦੇ ਹੋਰ ਇਲਾਕੇ ਰਾਵੀ ਤੇ ਝਨਾਬ, ਦੁਆਬ ਤੇ ਰਾਮਗੜ੍ਹੀਆ ਮਿਸਲ ਨੇ, ਇਸ ਜਿੱਤੇ ਹੋਏ ਇਲਾਕੇ 'ਤੇ ਆਪਣੀ ਦਾਅਵੇਦਾਰੀ ਐਲਾਨ ਕਰ ਦਿੱਤੀ। ਹੁਣ ਅੰਬਾਲਾ, ਕਰਨਾਲ, ਹਿਸਾਰ, ਰੋਹਤਕ, ਚੰਡੀਗੜ੍ਹ ਵਗੈਰਾ ਵੀ ਆਪਣੇ 'ਚ ਸ਼ਾਮਲ ਕਰ ਲਏ। ਇਸ ਉਪਰੰਤ ਸਰਦਾਰ ਬਘੇਲ ਸਿੰਘ ਨੇ ਜਲੰਧਰ ਦੁਆਬ 'ਤੇ ਵੀ ਕਬਜ਼ਾ ਕਰਨ ਉਪਰੰਤ ਆਪਣਾ ਪੱਕਾ ਟਿਕਾਣਾ ਹਰਿਆਣਾ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਬਣਾ ਲਿਆ। ਇਸ ਉਪਰੰਤ ਸਿੱਖਾਂ ਨੇ 1764 ਈਸਵੀ 'ਚ ਸਰਹੰਦ 'ਤੇ ਵੀ ਕਬਜ਼ਾ ਕਰ ਲਿਆ। ਇਸ ਤੋਂ ਬਾਅਦ ਉਨ੍ਹਾਂ ਨੇ ਆਪਣੇ ਇਲਾਕੇ ਦਾ ਹੋਰ ਵਿਸਥਾਰ ਕਰਦਿਆਂ, ਕਰਨਾਲ ਤੋਂ ਅੱਗੇ ਚਲੌਂਦੀ ਤੇ ਇਸਦੇ ਨਾਲ ਲੱਗਦੇ ਕਈ ਪਿੰਡਾਂ ਨੂੰ ਜਿੱਤ ਕੇ ਉਥੇ ਆਪਣਾ ਮੁੱਖ ਟਿਕਾਣਾ ਬਣਾ ਲਿਆ। ਇਸ ਉਪਰੰਤ ਸਰਦਾਰ ਬਘੇਲ ਸਿੰਘ ਢਿੱਲੋਂ ਨੇ ਆਪਣਾ ਧਿਆਨ ਜਮਨਾ ਤੋਂ ਉਰਾਰ ਇਲਾਕੇ 'ਤੇ ਕਬਜ਼ਾ ਕਰਨ ਵੱਲ ਲਾ ਲਿਆ। ਛੇਤੀ ਹੀ ਸਿੱਖਾਂ ਨੇ ਹਮਲੇ ਕਰਕੇ ਦਿੱਲੀ ਤੇ ਉਸ ਤੋਂ ਪਰੇ ਮੇਰਠ, ਅਵਧ ਦੇ ਨਵਾਬਾਂ ਤੋਂ ਟੈਕਸ ਵਸੂਲ ਕੇ, ਆਪਣੇ ਅਧੀਨ ਕਰ ਲਿਆ।



ਫਰਵਰੀ 1764 'ਚ ਸਰਦਾਰ ਬਘੇਲ ਸਿੰਘ ਤੇ ਕਈ ਹੋਰ ਯੋਧਿਆਂ ਦੀ ਅਗਵਾਈ 'ਚ ਕੋਈ ਚਾਲੀ ਹਜ਼ਾਰ ਸਿੱਖ ਸਿਪਾਹੀਆਂ ਨੇ ਜਮਨਾ ਪਾਰ ਕਰਕੇ ਸਹਾਰਨਪੁਰ 'ਤੇ ਕਬਜ਼ਾ ਕਰ ਲਿਆ। ਉਨ੍ਹਾਂ ਨੇ ਨਜੀਬ-ਉਦ-ਦਾਉਲਾ ਜਿਹੜਾ ਕਿ ਰਹੇਲਿਆਂ ਦਾ ਮੁੱਖ ਸਰਦਾਰ ਸੀ, ਪਾਸੋਂ 11 ਲੱਖ ਰੁਪਏ ਦੀ ਭੇਟਾ ਪ੍ਰਾਪਤ ਕੀਤੀ। ਅਪ੍ਰੈਲ 1775 'ਚ ਸਰਦਾਰ ਬਘੇਲ ਸਿੰਘ ਦੋ ਹੋਰ ਸਰਦਾਰਾਂ ਰਾਏ ਸਿੰਘ ਭੰਗੀ ਤੇ ਤਾਰਾ ਸਿੰਘ ਗਾਇਬਾ ਨੇ ਜਮਨਾ ਪਾਰ ਕਰਕੇ ਉਸ ਦੇਸ਼ ਦੇ ਇਲਾਕੇ 'ਤੇ ਕਬਜ਼ਾ ਕਰ ਲਿਆ, ਜਿੱਥੇ ਜਬੀਤਾ ਖਾਨ, ਉਸ ਦਾ ਪੁੱਤਰ ਤੇ ਉਨ੍ਹਾਂ ਦੇ ਵਾਰਸ ਨਜੀਬ-ਉਦ-ਦਾਉਲਾ ਦਾ ਰਾਜ ਸੀ। ਜਬੀਤਾ ਖਾਨ ਬਹੁਤ ਮਾਯੂਸੀ 'ਚ ਸੀ ਤੇ ਉਸ ਨੇ ਸਰਦਾਰ ਬਘੇਲ ਸਿੰਘ ਨੂੰ ਵੱਡੀ ਮਿਕਦਾਰ 'ਚ ਧਨ ਦਿੱਤਾ ਤੇ ਇਕ ਸਮਝੌਤੇ ਦੀ ਪੇਸ਼ਕਸ਼ ਵੀ ਕੀਤੀ ਕਿ ਉਹ ਆਪਸ 'ਚ ਮਿਲ ਕੇ ਹੋਰ ਦੂਸਰੇ ਇਲਾਕੇ ਵੀ ਜਿੱਤਣਗੇ। ਸਿੱਖਾਂ ਤੇ ਰੁਹੇਲਿਆਂ ਦੀ ਸਾਂਝੀ ਫੌਜ ਨੇ ਦਿੱਲੀ ਦੇ ਗਿਰਦ ਹੋਰ ਕਈ ਪਿੰਡਾਂ 'ਤੇ ਵੀ ਕਬਜ਼ਾ ਕਰ ਲਿਆ। ਮਾਰਚ 1776 'ਚ ਉਨ੍ਹਾਂ ਨੇ ਮੁਜ਼ਫਰਾਬਾਦ ਦੇ ਨੇੜੇ, ਮੁਗਲ ਸ਼ਾਹੀ ਫੌਜਾਂ ਨੂੰ ਹਰਾਇਆ। ਸਾਰੀ ਜਮਨਾ, ਗੰਗਾ ਤੇ ਦੁਆਬ ਹੁਣ ਉਹਨਾਂ ਦੇ ਰਹਿਮੋਕਰਮ 'ਤੇ ਸੀ।

1799 ਨੂੰ ਪੱਤਝੜ ਦੇ ਦਿਨਾਂ 'ਚ ਸਹਿਜ਼ਾਦਾ ਫਰਖੰਡਾ ਬਖਤ ਤੇ ਵਜ਼ੀਰ ਅਬਦੁਲ ਅਹਿਮਦ ਖਾਨ ਦੀ ਅਗਵਾਈ 'ਚ ਵੱਡੀ ਗਿਣਤੀ 'ਚ ਮੁਗਲ ਸੈਨਾ ਲੈ ਕੇ ਸਤਲੁਜ ਦਰਿਆ ਦੇ ਉਰਾਰ ਸਿੱਖਾਂ ਦੇ ਖ਼ਿਲਾਫ਼ ਲੈ ਕੇ ਆਏ, ਸਰਦਾਰ ਬਘੇਲ ਸਿੰਘ ਆਪਣੇ ਸਾਥੀਆਂ ਰਾਏ ਸਿੰਘ ਬੂਟਾ ਤੋਂ ਤੇ ਬੰਗਾ ਸਿੰਘ ਥਾਨੇਸਰ ਤੋਂ ਵੀ ਉਸ ਨਾਲ ਕਰਨਾਲ ਵਿਖੇ ਸ਼ਾਹੀ ਫੌਜਾਂ ਨਾਲ ਮਿਲ ਗਏ ਤੇ ਪਟਿਆਲੇ ਨੂੰ ਘੇਰਾ ਪਾ ਲਿਆ। ਰਾਜਾ ਅਮਰ ਸਿੰਘ ਸਮਝੌਤੇ ਲਈ ਸਰਦਾਰ ਬਘੇਲ ਸਿੰਘ ਦੇ ਕੈਂਪ 'ਚ ਆਇਆ। ਇਹ, ਉਹਨਾਂ ਦੀ ਮਿਲਣੀ, ਲਹਿਲ ਪਿੰਡ ਵਿਖੇ ਹੋਈ। ਇਸ ਫੇਰੀ 'ਚ ਸਰਦਾਰ ਬਘੇਲ ਸਿੰਘ ਦੇ ਪੁੱਤਰ ਸਾਹਿਬ ਸਿੰਘ ਨੇ ਰਾਜੇ ਨਾਲ ਗੱਲਬਾਤ 'ਚ, ਖ਼ਾਲਸੇ ਵੱਲੋਂ ਅਹਿਮ ਭੂਮਿਕਾ ਨਿਭਾਈ। ਇਸ ਸਮੇਂ ਦੌਰਾਨ ਅਮਰ ਸਿੰਘ ਨੂੰ ਸਤਲੁਜ ਦੇ ਸਿੱਖਾਂ ਵੱਲੋਂ ਵੀ ਮਦਦ ਲਈ ਹਾਂ ਹੋ ਗਈ। ਤਦ, ਨਵੇਂ ਸਿੱਖ ਸਰਦਾਰਾਂ ਨਾਲ ਮਦਦ ਲਈ ਹੋਈ ਸੰਧੀ, ਫਿਰ ਸਰਦਾਰ ਬਘੇਲ ਸਿੰਘ ਨੇ ਸ਼ਾਹੀ ਸੈਨਾ ਦੇ ਗੱਠਜੋੜ ਨਾਲ ਹੋਈ ਸੰਧੀ ਬਾਰੇ ਗਹਿਨਤਾ ਨਾਲ ਵਿਚਾਰ ਕੀਤਾ। ਤਦ ਸ਼ਹਿਜ਼ਾਦਾ ਫਰਖੰਡਾ ਸਖ਼ਤ ਤੇ ਵਜ਼ੀਰ ਅਬਦੁਲ ਅਹਿਮਦ ਖਾਨ ਨੇ ਫੈਸਲਾ ਕੀਤਾ ਕਿ ਸਿੱਖਾਂ ਦੀ ਸੰਯੁਕਤ ਸੈਨਾ 'ਤੇ ਹਮਲਾ ਕਰਨ ਦੀ ਬਜਾਏ ਪਿੱਛੇ ਮੁੜਨਾ ਜ਼ਿਆਦਾ ਚੰਗਾ ਹੋਵੇਗਾ, ਪਿੱਛੇ ਮੁੜਨ ਦੇ ਫੈਸਲੇ ਨਾਲ ਉਨ੍ਹਾਂ ਨੂੰ ਭਾਰੀ ਨੁਕਸਾਨ ਉਠਾਉਣਾ ਪਿਆ।

ਅਪ੍ਰੈਲ 1781 'ਚ, ਜਦੋਂ ਮਿਰਜ਼ਾ ਸ਼ਫੀ, ਜਿਹੜਾ ਕਿ ਮੁਗਲ ਪ੍ਰਧਾਨ ਮੰਤਰੀ ਦਾ ਬੜਾ ਨੇੜੇ ਦਾ ਰਿਸ਼ਤੇਦਾਰ ਸੀ, ਨੇ ਸਿੱਖ ਮਿਲਟਰੀ ਕੈਂਪ ਇੰਦਰੀ 'ਤੇ ਕਬਜ਼ਾ ਕਰ ਲਿਆ, ਲਡਵਾ ਦੇ 10 ਕਿਲੋਮੀਟਰ ਦੱਖਣ ਵੱਲ ਬਘੇਲ ਸਿੰਘ ਨੇ ਬਦਲਾ ਲੈਣ ਲਈ ਸ਼ਾਹਬਾਦ ਦੇ ਖਲੀਲ ਬੇਗ ਖਾਨ 'ਤੇ ਹਮਲਾ ਕਰ ਦਿੱਤਾ। ਬੇਗ ਖਾਨ ਨੇ 300 ਘੋੜੇ, 800 ਪੈਦਲ ਸੈਨਾ ਤੇ ਦੋ ਤੋਪਾਂ ਸਮੇਤ ਸਰਦਾਰ ਬਘੇਲ ਸਿੰਘ ਅੱਗੇ ਆਤਮ ਸਮਰਪਣ ਕਰ ਦਿੱਤਾ।

ਇਸ ਗੱਲ ਦਾ ਆਮ ਬੜੇ ਯਕੀਨ ਨਾਲ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਸਰਦਾਰ ਬਘੇਲ ਸਿੰਘ ਨੇ ਦਿੱਲੀ ਦੇ ਗਿਰਦ ਜੰਗਲਾਂ 'ਚ ਆਪਣੀ ਫੌਜੀ ਛਾਉਣੀ ਬਣਾ ਲਈ ਤੇ ਦਿੱਲੀ 'ਤੇ ਹਮਲਾ ਕਰਨ ਦੀ ਯੋਜਨਾ ਨੂੰ ਬੜਾ ਗੁਪਤ ਰੱਖਿਆ ਗਿਆ ਸੀ। ਭਾਵੇਂ ਇਸ ਨੂੰ ਗੁਪਤ ਰੱਖਿਆ ਗਿਆ ਸੀ ਪਰ ਫਿਰ ਵੀ ਮੁਗਲ ਬਾਦਸ਼ਾਹ ਨੂੰ ਪਤਾ ਲੱਗ ਗਿਆ ਕਿ 30 ਹਜ਼ਾਰ ਸਿੱਖ ਸੈਨਾ ਨੇ ਦਿੱਲੀ 'ਤੇ ਹਮਲਾ ਕਰਨ ਲਈ ਜੰਗਲਾਂ 'ਚ ਡੇਰੇ ਲਾ ਕੇ ਦਿੱਲੀ ਨੂੰ ਘੇਰ ਰੱਖਿਆ ਹੈ। ਜਿੱਥੇ ਸਿੱਖਾਂ ਵੱਲੋਂ ਜੰਗਲ 'ਚ ਕੈਂਪ ਲਾਇਆ ਗਿਆ ਸੀ, ਉਸ ਜਗ੍ਹਾ ਨੂੰ ਬਾਅਦ ਵਿਚ 'ਤੀਸ ਹਜ਼ਾਰੀ' ਕਿਹਾ ਜਾਣ ਲੱਗਾ। ਇਸ ਜਗ੍ਹਾ 'ਤੇ ਅੱਜਕਲ੍ਹ ਦਿੱਲੀ ਦੀ ਹਾਈਕੋਰਟ ਬਣੀ ਹੋਈ ਹੈ।

ਇਸ ਦੇ ਨਾਲ, ਇਕ ਕਹਾਣੀ ਇਸ ਤਰ੍ਹਾਂ ਜੁੜੀ ਹੋਈ ਹੈ ਕਿ ਜਦੋਂ ਮੁਗਲ ਬਾਦਸ਼ਾਹ ਨੂੰ ਪਤਾ ਲੱਗਾ ਕਿ ਸਿੱਖ ਦਿੱਲੀ 'ਤੇ ਹਮਲਾ ਕਰਨ ਦੀ ਯੋਜਨਾ ਬਣਾ ਰਹੇ ਹਨ ਤਾਂ ਉਸ ਨੇ ਕਿਲ੍ਹੇ ਦੇ ਅੰਦਰ ਕਾਫੀ ਮਾਤਰਾ 'ਚ ਖਾਣ ਪੀਣ ਦਾ ਸਮਾਨ ਤੇ ਹੋਰ ਲੋੜੀਂਦਾ ਸਮਾਨ ਇਕੱਤਰ ਕਰ ਲਿਆ ਤੇ ਹੁਕਮ ਦਿੱਤਾ ਕਿ ਕਿਲ੍ਹੇ ਦੇ ਸਾਰੇ ਦਰਵਾਜ਼ੇ ਬੰਦ ਕਰ ਦਿੱਤੇ ਜਾਣ, ਇਸ ਤਰ੍ਹਾਂ ਕਰਨ ਨਾਲ ਜੰਗਲ 'ਚ ਡੇਰਾ ਲਾਈ ਬੈਠੇ ਸਿੱਖਾਂ ਨੂੰ ਖਾਣ-ਪੀਣ ਦਾ ਸਮਾਨ ਨਹੀਂ ਮਿਲੇਗਾ ਤੇ ਉਹ ਆਪੇ ਭੁੱਖੇ ਮਰਦੇ ਵਾਪਸ ਚਲੇ ਜਾਣਗੇ। ਸਿੱਖਾਂ ਨੇ ਵੀ ਮਹਿਸੂਸ ਕੀਤਾ ਕਿ ਉਹਨਾਂ ਦੀ ਅਚਾਨਕ ਹਮਲਾ ਕਰਨ ਦੀ ਸਾਰੀ ਯੋਜਨਾ ਦਾ ਬਾਦਸ਼ਾਹ ਨੂੰ ਪਤਾ ਲੱਗ ਗਿਆ ਹੈ ਤੇ ਹੁਣ ਕਿਲ੍ਹੇ 'ਤੇ ਕਬਜ਼ਾ ਕਰਨਾ ਔਖਾ ਹੋ ਜਾਵੇਗਾ ਕਿਉਂਕਿ ਉਸ ਦੇ ਸਾਰੇ ਦਰਵਾਜ਼ੇ ਤਾਲੇ ਲਾ ਕੇ ਬੰਦ ਕਰ ਦਿੱਤੇ ਗਏ ਹਨ। ਕੁਝ ਸਿੱਖਾਂ ਨੂੰ ਅਚਾਨਕ ਇਕ ਰਾਜ ਮਿਸਤਰੀ ਨੇੜਲੇ ਹੀ ਪਿੰਡ 'ਚ ਮਿਲਿਆ। ਉਸ ਨੇ ਸਿੱਖਾਂ ਨੂੰ ਦੱਸਿਆ ਕਿ ਕਿਲ੍ਹੇ ਦੀ ਇਕ ਜਗ੍ਹਾ ਤੋਂ ਦੀਵਾਰ ਅੰਦਰੋਂ ਟੁੱਟੀ ਹੋਈ ਹੈ ਤੇ ਉਥੋਂ ਦੀ ਬਾਹਰੋਂ ਦੀਵਾਰ ਤੋੜ ਕੇ ਆਸਾਨੀ ਨਾਲ ਅੰਦਰ ਜਾਇਆ ਜਾ ਸਕਦਾ ਹੈ। ਉਹ ਮਿਸਤਰੀ ਸਿੱਖਾਂ ਨੂੰ ਕਿਲ੍ਹੇ ਦੀ ਦੀਵਾਰ ਦਾ ਉਹ ਹਿੱਸਾ ਦਿਖਾਉਣ ਲਈ ਤੇ ਨਾਲ ਜਾਣ ਲਈ ਵੀ ਰਾਜ਼ੀ ਹੋ ਗਿਆ। ਸਿੱਖਾਂ ਨੇ ਉਸ ਦੀਵਾਰ ਨੂੰ ਤੋੜ ਕੇ ਤੇ ਉਸ 'ਚ ਸੁਰਾਖ ਕਰਕੇ ਅੰਦਰ ਜਾਣ ਦੀ ਯੋਜਨਾ ਬਣਾ ਲਈ। ਇਸ ਜਗ੍ਹਾ ਨੂੰ ਅੱਜਕਲ੍ਹ 'ਮੋਰੀ ਗੇਟ' ਕਿਹਾ ਜਾਂਦਾ ਹੈ ਤੇ ਇੱਥੇ ਅਜੋਕੇ ਸਮੇਂ ਦਾ 'ਅੰਤਰਰਾਜੀ ਬੱਸ ਅੱਡਾ' ਬਣਿਆ ਹੋਇਆ ਹੈ।

1778 'ਚ ਮੁਗਲ ਬਾਦਸ਼ਾਹ ਆਲਮ-ਦੂਜਾ ਨੇ ਤਕਰੀਬਨ ਇਕ ਲੱਖ ਫੌਜ, ਸਿੱਖਾਂ ਨੂੰ ਸੋਧਣ ਲਈ ਭੇਜੀ। ਮੁਗਲ ਫੌਜ ਦੀ ਅਗਵਾਈ ਸਹਿਜ਼ਾਦਾ ਵਜੀਰ ਨਵਾਬ ਮਜਦ-ਉਲ-ਦਾਉਲਾ ਕਰ ਰਿਹਾ ਸੀ। ਉਸ ਦੇ ਮੁਕਾਬਲੇ 'ਚ ਸਰਦਾਰ ਬਘੇਲ ਸਿੰਘ ਇਕ ਮਹਾਨ ਯੋਧਾ, ਯੁੱਧ ਨੀਤੀ ਦਾ ਮਾਹਿਰ ਤੇ ਬਹੁਤ ਹੀ ਸੁਲਝਿਆ ਹੋਇਆ ਸਿਆਸਤਦਾਨ ਸੀ। ਉਸ ਨੇ ਯੁੱਧ ਦੀ ਐਸੀ ਵਿਉਂਤਬੰਦੀ ਕੀਤੀ ਕਿ ਬੜੀ ਸ਼ਕਤੀਸ਼ਾਲੀ ਮੁਗਲ ਸੈਨਾ ਨੂੰ ਘਨੌਰ (ਨੇੜੇ ਪਟਿਆਲਾ) ਵਿਖੇ ਲੜਾਈ ਦੇ ਮੈਦਾਨ 'ਚ ਹਰਾ ਦਿੱਤਾ। ਸਿੱਖਾਂ ਦੀ ਜਿੱਤ ਵਜੋਂ ਮੁਗਲ ਫੌਜਾਂ ਨੇ ਸਰਦਾਰ ਬਘੇਲ ਸਿੰਘ ਦੀਆਂ ਫੌਜਾਂ ਅੱਗੇ ਆਤਮ ਸਮਰਪਣ ਕਰ ਦਿੱਤਾ।

ਗੁਰਦੁਆਰਾ ਮਾਤਾ ਗੁਜਰੀ, ਗੁਰਦੁਆਰਾ ਬੰਗਲਾ ਸਾਹਿਬ ਦਿੱਲੀ, ਗੁਰਦੁਆਰਾ ਬਾਲਾ ਸਾਹਿਬ ਦਿੱਲੀ, ਗੁਰਦੁਆਰਾ ਰਕਾਬਗੰਜ ਦਿੱਲੀ, ਗੁਰਦੁਆਰਾ ਸੀਸ ਗੰਜ ਦਿੱਲੀ, ਗੁਰਦੁਆਰਾ ਮੋਤੀ ਬਾਗ ਦਿੱਲੀ ਤੇ ਗੁਰਦੁਆਰਾ ਮਜਨੂੰ ਕਾ ਟਿੱਲਾ ਦਿੱਲੀ ਦੀ ਉਸਾਰੀ ਕਰਾਉਣ ਦਾ ਸਾਰਾ ਸਿਹਰਾ ਸਰਦਾਰ ਬਘੇਲ ਸਿੰਘ ਜੀ ਨੂੰ ਜਾਂਦਾ ਹੈ। ਉਨ੍ਹਾਂ ਨੇ ਸੱਤ ਗੁਰਦੁਆਰਿਆਂ ਦੀ ਉਸਾਰੀ ਕਰਵਾਈ। ਉਨ੍ਹਾਂ ਨੇ ਦਿੱਲੀ 'ਚ ਕਾਨੂੰਨ ਦੀ ਵਿਵਸਥਾ ਪੂਰੀ ਤਰ੍ਹਾਂ ਬਣਾਈ ਰੱਖੀ। ਉਸ ਦੀ ਘੋੜ ਸਵਾਰ ਸੈਨਾ ਦਿਨ-ਰਾਤ ਦਿੱਲੀ ਦੀਆਂ ਗਲੀਆਂ 'ਚ ਕਾਨੂੰਨ ਵਿਵਸਥਾ 'ਤੇ ਪੂਰੀ ਨਜ਼ਰ ਰੱਖਦੀਆਂ ਸਨ। ਉਸ ਨੇ ਦਿੱਲੀ 'ਚ ਅਜਿਹੀ ਸ਼ਾਂਤੀ ਕਾਇਮ ਕੀਤੀ ਜੋ ਦਿੱਲੀ ਨਿਵਾਸੀਆਂ ਨੇ ਪਿਛਲੇ ਕਈ ਦਹਾਕਿਆਂ ਤੋਂ ਨਹੀਂ ਦੇਖੀ ਸੀ। ਸੱਤਾਂ ਗੁਰਦੁਆਰਿਆਂ ਦੀ ਉਸਾਰੀ ਦਾ ਕੰਮ ਸੱਤ ਮਹੀਨਿਆਂ 'ਚ ਹੀ ਖਤਮ ਹੋ ਗਿਆ। ਮੁਗਲ ਪ੍ਰਸ਼ਾਸਨ ਨਾਲ ਕੁਝ ਸ਼ਰਤਾਂ ਅਧੀਨ ਹੋਏ ਸਮਝੌਤੇ ਅਨੁਸਾਰ ਸਰਦਾਰ ਬਘੇਲ ਸਿੰਘ ਨੇ ਦਿੱਲੀ ਤੋਂ ਦਸੰਬਰ 1783 'ਚ ਹੀ ਪੰਜਾਬ ਲਈ ਰਵਾਨਗੀ ਲੈ ਲਈ। ਉਸ ਸਮੇਂ ਉਸ ਪਾਸ ਸ਼ਹਿਰ 'ਚ ਕਾਫੀ ਫੌਜ ਸੀ ਤੇ ਉਸ ਨੇ ਵਧੀਆ ਰਾਜ ਪ੍ਰਬੰਧ ਦੇ ਕੇ ਲੋਕਾਂ ਤੋਂ ਬੜੀ ਵਾਹ-ਵਾਹ ਖੱਟੀ ਤੇ ਆਪਣਾ ਮਾਨ-ਸਨਮਾਨ ਵੀ ਬਣਾਈ ਰੱਖਿਆ।

ਉਸ ਪਾਸ ਕਾਫੀ ਫੌਜ ਸੀ। ਜੇਕਰ ਉਹ ਚਾਹੁੰਦਾ ਤਾਂ ਉਹ ਦਿੱਲੀ 'ਚ ਆਪਣੇ ਦਬ-ਦਬਾਅ ਨਾਲ ਦਿੱਲੀ ਦਾ ਰਾਜ ਪ੍ਰਬੰਧ ਆਪਣੇ ਹੱਥਾਂ 'ਚ ਰੱਖ ਸਕਦਾ ਸੀ ਪਰ ਉਹ ਮੁਗਲਾਂ ਨਾਲ ਕੀਤੇ ਆਪਣੇ ਸਮਝੌਤੇ 'ਤੇ ਕਾਇਮ ਰਿਹਾ ਤੇ ਉਸ ਨੇ ਸਮਾਂ ਆਉਣ 'ਤੇ ਦਿੱਲੀ ਛੱਡ ਦਿੱਤੀ।

ਸਰਦਾਰ ਬਘੇਲ ਸਿੰਘ ਜੀ ਦੀ 1802 'ਚ ਹਰਿਆਣਾ (ਜ਼ਿਲ੍ਹਾ ਹੁਸ਼ਿਆਰਪੁਰ) ਦੇ ਕਸਬੇ 'ਚ ਮੌਤ ਹੋ ਗਈ। ਉਨ੍ਹਾਂ ਨੇ ਆਪਣਾ ਅੰਤਲਾ ਸਮਾਂ ਇਸੇ ਕਸਬੇ 'ਚ ਹੀ ਗੁਜ਼ਾਰਿਆ।

ਸਰਦਾਰ ਬਘੇਲ ਸਿੰਘ ਪੰਜਾਬ ਤੋਂ ਬਾਹਰ ਹਕੂਮਤ ਕਰਨ 'ਚ ਕਿਉਂ ਅਸਫਲ ਰਿਹਾ:- ਸਿੱਖ ਉਸ ਸਮੇਂ ਸਿਰਫ਼ ਇਕ ਲੜਾਕੂ ਯੋਧੇ ਹੀ ਸਨ ਤੇ ਉਹ ਰਾਜਨੀਤਿਕ ਕੁਟਿਲਤਾ ਦੇ ਯੋਧੇ ਨਹੀਂ ਸਨ। ਉਸ ਸਮੇਂ ਉਨ੍ਹਾਂ ਦੀ ਰਾਜਨੀਤਿਕ ਦੂਰ ਦ੍ਰਿਸ਼ਟੀ ਇਤਨੀ ਪ੍ਰਬੱਲ ਨਹੀਂ ਸੀ। ਉਹ ਪੰਜਾਬ ਦੀਆਂ ਹੱਦਾਂ ਤੋਂ ਬਾਹਰ ਕਿਸੇ ਦੂਸਰੇ ਇਲਾਕੇ 'ਤੇ ਰਾਜ ਕਰਨ ਜਾਂ ਉਸ ਦੀ ਜਾਇਦਾਦ ਜਾਂ ਇਲਾਕਾ ਹੜੱਪਣ ਦੀ ਖਾਹਸ਼ ਨਹੀਂ ਰੱਖਦੇ ਸਨ। ਉਹ ਪੰਜਾਬ ਤੋਂ ਬਾਹਰਲੇ ਇਲਾਕਿਆਂ ਨੂੰ ਸਿਰਫ਼ ਲੁੱਟਣ ਦੀ ਇੱਛਾ ਹੀ ਰੱਖਦੇ ਸਨ। ਇਲਾਕੇ 'ਤੇ ਕਬਜ਼ਾ ਕਰਕੇ ਉਸ ਤੋਂ ਪੈਸੇ ਉਗਰਾਉਂਦੇ ਸਨ। ਬਹੁਤ ਪ੍ਰਸਿੱਧ ਸਿੱਖ ਸਕਾਲਰ ਸਰਦਾਰ ਖੁਸ਼ਵੰਤ ਸਿੰਘ ਲਿਖਦਾ ਹੈ ਕਿ ਉਹ ਕੁਝ ਹੋਰ ਹੋਣ ਦੀ ਥਾਂ, ਲੁਟੇਰੇ ਵਧੇਰੇ ਸਨ। ਸਰਦਾਰ ਬਘੇਲ ਸਿੰਘ ਨੇ ਮੁਗਲ ਸਮਰਾਟ ਦੀਆਂ ਕਈ ਪੇਸ਼ਕਸ਼ਾਂ ਠੁਕਰਾ ਦਿੱਤੀਆਂ ਕਿ ਉਹ ਆਪਣੇ ਨਾਂ 'ਤੇ ਰਾਜ ਪਾਠ ਚਲਾਵੇ ਪਰ ਨਹੀਂ, ਉਸ ਨੇ ਆਪਣਾ ਰੁਖ ਮਰਾਠਿਆਂ ਵੱਲ ਕਰ ਲਿਆ। ਅਗਰ ਉਹ ਮੁਗਲ ਸਮਰਾਟ ਦੀ ਦਿੱਤੀ ਹੋਈ ਪੇਸ਼ਕਸ਼ ਸਵੀਕਾਰ ਕਰ ਲੈਂਦਾ ਤਾਂ ਸਿੱਖ ਰਾਜ ਦੀਆਂ ਹੱਦਾਂ ਭਾਰਤ ਦੇ ਕਾਫੀ ਵੱਡੇ ਹਿੱਸੇ ਤੱਕ ਹੁੰਦੀਆਂ।

ਉਸ ਸਮੇਂ ਦਾ ਮੁਗਲ ਸਮਰਾਟ ਬੜਾ ਭ੍ਰਿਸ਼ਟ ਅਤੇ ਨਾਕਸ ਕਿਸਮ ਦਾ ਇਨਸਾਨ ਸੀ ਤੇ ਸਰਦਾਰ ਬਘੇਲ ਸਿੰਘ 'ਚ ਪੂਰੀ ਯੋਗਤਾ ਤੇ ਕਾਬਲੀਅਤ ਸੀ ਤੇ ਉਹ ਸਿੱਖਾਂ ਦੀ ਵੱਡੀ ਰਾਜਨੀਤਿਕ ਸ਼ਕਤੀ ਬਣ ਸਕਦਾ ਸੀ। ਬਦਕਿਸਮਤੀ ਨਾਲ ਸਰਦਾਰ ਬਘੇਲ ਸਿੰਘ ਦੇ ਇਕੱਲੇ ਪੁੱਤਰ ਦੀ 1781 'ਚ ਮੌਤ ਹੋ ਗਈ ਤੇ ਉਸਦੀ ਵੱਡੇ ਸਿੱਖ ਰਾਜਨੀਤਿਕ ਬਣਨ ਦੀ ਇੱਛਾ ਨਹੀਂ ਸੀ। ਇਸ ਤੋਂ ਇਹ ਗੱਲ ਬੜੀ ਸਪਸ਼ਟ ਸਾਹਮਣੇ ਆਉਂਦੀ ਹੈ ਕਿ ਉਸ ਸਮੇਂ ਸਿੱਖਾਂ ਦੀ ਫੌਜੀ ਤਾਕਤ ਬੜੀ ਜਬਰਦਸਤ ਸੀ ਪਰ ਉਹਨਾਂ ਦੀ ਰਾਜਨੀਤਿਕ ਅੰਤਰ ਦ੍ਰਿਸ਼ਟੀ, ਸਿਫ਼ਰ ਸੀ।

ਸਿੱਖ ਮਿਸਲਾਂ ਦੇ ਸਰਦਾਰਾਂ ਦੀ ਆਪਸੀ ਈਰਖਾ ਤੇ ਸ਼ਰੀਕੇਬਾਜ਼ੀ, ਦੂਸਰਾ ਕਾਰਨ ਸੀ। ਇਕ ਮਿਸਲ ਦਾ ਸਰਦਾਰ ਦੂਸਰੀ ਮਿਸਲ ਦੇ ਸਰਦਾਰ ਨਾਲ ਕਿਸੇ ਨਾ ਕਿਸੇ ਗੱਲੋਂ ਲੜਦਾ ਰਹਿੰਦਾ ਸੀ। ਉਨ੍ਹਾਂ ਦੀ ਆਪਸੀ ਧੜੇਬੰਦੀ ਸੀ। ਉਨ੍ਹਾਂ 'ਚ ਕੌਮ ਦੀ ਭਲਾਈ ਲਈ ਕੋਈ ਆਪਸੀ ਤਾਲਮੇਲ ਨਹੀਂ ਸੀ। ਉਹ ਮਾਰਚ 1783 'ਚ ਲਾਲ ਕਿਲ੍ਹੇ ਦੀ ਲੜਾਈ, ਸਿਰਫ਼ ਸਿੱਖ ਪ੍ਰਮੁੱਖ ਆਗੂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਖਾਤਰ ਹੀ ਲੜੇ। ਸਰਦਾਰ ਬਘੇਲ ਸਿੰਘ ਇਕ ਗਰੀਬ ਅਤੇ ਸਧਾਰਨ ਜਿਹੇ ਪਰਿਵਾਰ ਨਾਲ ਸਬੰਧ ਰੱਖਦਾ ਸੀ ਤੇ ਉਸ ਨੇ 'ਦਿੱਲੀ ਫਤਿਹ' ਬਦਲੇ, ਕਿਸੇ ਤਰ੍ਹਾਂ ਦੇ ਆਪਣੇ ਮਾਨ-ਸਨਮਾਨ ਦੀ ਮੰਗ ਨਹੀਂ ਕੀਤੀ। ਅਗਰ ਸਿੱਖ ਸਰਦਾਰਾਂ 'ਚ ਉਸ ਸਮੇਂ ਏਕਾ ਹੁੰਦਾ ਤਾਂ ਉਹ ਭਾਰਤ 'ਤੇ ਰਾਜ ਕਰ ਸਕਦੇ ਸਨ। ਸਿੱਖਾਂ ਨੇ ਦਿੱਲੀ ਦਾ ਲਾਲ ਕਿਲ੍ਹਾ ਫਤਿਹ ਕਰ ਲਿਆ ਪ੍ਰੰਤੂ ਉਹਨਾਂ ਨੇ ਇਕ ਵੱਡਾ ਮੌਕਾ ਆਪਣੇ ਹੱਥੋਂ ਗੁਆ ਲਿਆ ਤੇ ਉਹਨਾਂ ਪਾਸ ਤਾਕਤ ਹੁੰਦਿਆਂ ਹੋਇਆਂ ਵੀ ਉਹ ਸ਼ੋਸ਼ਣ ਦਾ ਸ਼ਿਕਾਰ ਹੋ ਗਏ।

ਸਿੱਖ ਸਰਦਾਰ, ਸਮੇਤ ਸਰਦਾਰ ਬਘੇਲ ਸਿੰਘ ਹਮੇਸ਼ਾ ਇਸ ਗੱਲ ਲਈ ਚਿੰਤਤ ਰਹਿੰਦੇ ਕਿ ਉਨ੍ਹਾਂ ਦਾ ਆਪਣਾ ਇਲਾਕਾ ਹਮੇਸ਼ਾ ਸੁਰੱਖਿਅਤ ਰਹੇ ਤੇ ਹਰ ਸਿੱਖ ਸਰਦਾਰ ਇਸ ਗੱਲ ਦੀ ਤਾਕ 'ਚ ਰਹਿੰਦਾ ਸੀ ਕਿ ਮੈਂ ਦੂਸਰੇ ਸਰਦਾਰ ਦੀ ਜਾਇਦਾਦ ਤੇ ਇਲਾਕੇ 'ਤੇ ਕਾਬਜ਼ ਹੋ ਜਾਵਾਂ ਤੇ ਮੇਰੇ ਰਾਜ ਦਾ ਘੇਰਾ ਵੱਧ ਜਾਵੇ। ਉਹ ਇਸ ਗੱਲ ਪਿੱਛੇ ਹੀ ਲੜਦੇ ਰਹਿੰਦੇ ਸਨ। ਗੱਲ ਇੱਥੋਂ ਤੱਕ ਵੀ ਸੀ, ਪੱਛਮ ਵੱਲੋਂ ਜੋ ਵੀ ਹਮਲਾਵਰ ਆਉਂਦੇ ਤੇ ਉਹ ਪੰਜਾਬ ਦੀ ਲੁੱਟ ਕਰਕੇ ਵਾਪਸ ਮੁੜ ਜਾਂਦੇ ਤੇ ਇਹ ਆਪਣਾ ਇਲਾਕਾ ਸੁਰੱਖਿਅਤ ਕਰ ਸਕਣ 'ਚ ਹੀ ਲੱਗੇ ਰਹਿੰਦੇ।

ਅਜੋਕੇ ਸਮੇਂ 'ਚ ਇਸ ਗੱਲ ਦੀ ਬੜੀ ਜ਼ਰੂਰਤ ਹੈ ਕਿ ਸਾਨੂੰ ਆਪਣੇ ਆਪ ਨੂੰ ਵੱਧ ਤੋਂ ਵੱਧ ਸਿੱਖਿਅਤ ਬਣਾਉਣਾ ਪਵੇਗਾ ਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਗੱਲ ਦੀ ਪ੍ਰੇਰਨਾ, ਸਾਨੂੰ ਸਰਦਾਰ ਬਘੇਲ ਸਿੰਘ ਜੀ ਵਰਗੇ ਯੋਧਿਆਂ ਦੇ ਸਮੇਂ ਤੋਂ ਲੈਣੀ ਚਾਹੀਦੀ ਹੈ। ਹਰਿਆਣਾ (ਜ਼ਿਲ੍ਹਾ ਹੁਸ਼ਿਆਰਪੁਰ) ਵਿਖੇ ਸਾਨੂੰ ਹਰ ਸਾਲ ਉਹਨਾਂ ਦੀ ਯਾਦ 'ਚ ਬਣੀ ਸਮਾਧ 'ਤੇ ਇਕ ਬਹੁਤ ਵੱਡੇ 'ਸਰਦਾਰ ਬਘੇਲ ਸਿੰਘ ਮੇਲਾ' ਮਨਾਉਣਾ ਚਾਹੀਦਾ ਹੈ ਕਿ ਉਸ ਨੇ ਕਿਸ ਤਰ੍ਹਾਂ ਦਿੱਲੀ ਦੇ ਮੁਗਲ ਬਾਦਸ਼ਾਹ ਨੂੰ ਬੜੀ ਬਹਾਦਰੀ ਅਤੇ ਦੂਰ-ਅੰਦੇਸ਼ੀ ਨਾਲ ਜਿੱਤਿਆ ਸੀ। ਇਸੇ ਹੀ ਪਿੰਡ 'ਚ ਸਰਦਾਰ ਬਘੇਲ ਸਿੰਘ ਜੀ ਦੀ ਯਾਦ 'ਚ ਇਕ ਵੱਡਾ ਹਸਪਤਾਲ ਬਣਾਉਣਾ ਚਾਹੀਦਾ ਹੈ, ਜਿਸ ਨੇ ਦਿੱਲੀ 'ਚ ਵੱਡੇ ਇਤਿਹਾਸਕ ਗੁਰਦੁਆਰਿਆਂ ਦੀ ਉਸਾਰੀ ਕਰਵਾਈ ਸੀ।

ਦਿੱਲੀ ਦੇ ਲਾਲ ਕਿਲ੍ਹੇ 'ਤੇ ਜਿੱਤ ਪ੍ਰਾਪਤ ਕਰਕੇ 'ਕੇਸਰੀ ਨਿਸ਼ਾਨ ਸਾਹਿਬ' ਲਹਿਰਾਉਣ ਵਾਲੇ ਦਿਨ ਨੂੰ ਉਨ੍ਹਾਂ ਦੇ ਜੱਦੀ ਪਿੰਡ ਝਬਾਲ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹਰ ਸਾਲ ਇਕ ਖੇਡ ਮੇਲਾ (ਟੂਰਨਾਮੈਂਟ) ਵੀ ਕਰਵਾਉਣਾ ਚਾਹੀਦਾ ਹੈ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਰ ਸਾਲ 11 ਮਾਰਚ ਦਾ ਦਿਨ ਸਰਦਾਰ ਬਘੇਲ ਸਿੰਘ ਜੀ ਦੀ ਯਾਦ 'ਚ 'ਦਿੱਲੀ ਫਤਿਹ ਦਿਵਸ' ਬੜੀ ਧੂੰਮ-ਧਾਮ ਨਾਲ ਮਨਾਉਣਾ ਚਾਹੀਦਾ ਹੈ ਤੇ ਇਕ ਸਿੱਖ ਡੀਫੈਂਸ ਅਕੈਡਮੀ ਵੀ ਖੋਲ੍ਹਣੀ ਚਾਹੀਦੀ ਹੈ, ਜਿੱਥੇ ਸਿੱਖ ਫੌਜੀ ਅਫਸਰ ਤਿਆਰ ਕੀਤੇ ਜਾਣ।

# ਅਖੌਤੀ ਦੇਸ਼ ਭਗਤਾਂ ਦਾ ਅਸਲੀ ਚਿਹਰਾ



ਦਰਸ਼ਨ ਸਿੰਘ ਬਾਜਵਾ
(91-98783-83053)

ਭਾਰਤੀ ਜਨਤਾ ਪਾਰਟੀ ਦੀ ਕੇਂਦਰ ਵਿੱਚ ਸਰਕਾਰ ਆਉਣ ਦੇ ਦਿਨ ਤੋਂ ਸੰਘ ਪਰਿਵਾਰ ਵੱਲੋਂ ਰਾਸ਼ਟਰਵਾਦ ਅਤੇ ਦੇਸ਼ ਭਗਤੀ ਦਾ ਕੁੱਝ ਜ਼ਿਆਦਾ ਹੀ ਸ਼ੋਰ ਮਚਾਇਆ ਜਾਣ ਲੱਗਿਆ ਹੈ। ਪੰਜ ਰਾਜਾਂ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਕਾਰਨ ਅਖੌਤੀ ਰਾਸ਼ਟਰਵਾਦੀ ਤੱਤ ਸਰਗਰਮ ਜਾਪਦੇ ਹਨ। ਇਸ ਅਖੌਤੀ ਦੇਸ਼ ਭਗਤੀ ਦੀ ਆੜ੍ਹ ਵਿੱਚ ਭਾਵੇਂ ਬਹੁਤ ਕੁੱਝ ਉਹ ਕੀਤਾ ਜਾ ਰਿਹਾ ਹੈ ਜਿਸਨੂੰ ਆਮ ਕਰਕੇ ਸੱਭਿਆ ਲੋਕ ਬਰਦਾਸ਼ਤ ਨਹੀਂ ਕਰਦੇ, ਪਰ ਸੱਤਾਧਾਰੀ ਧਿਰ ਵੱਲੋਂ ਸਮੁੱਚੇ ਮੀਡੀਆ ਦੀ ਮਦਦ ਨਾ.ਲ ਸਭ ਕੁੱਝ ਹੀ ਜਾਇਜ਼ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਜਿਹੜਾ ਵੀ ਵਿਰੋਧੀ ਵਿਚਾਰਾਂ ਦਾ ਕੋਈ ਵਿਅਕਤੀ ਸੰਘ ਦੀ ਸੋਚ ਦੇ ਖ਼ਿਲਾਫ਼ ਕੁੱਝ ਵੀ ਬੋਲਦਾ ਦਿਖਾਈ ਦਿੰਦਾ ਹੈ ਉਸ ਨੂੰ ਫੌਰਨ ਹੀ ਦੇਸ਼ ਧ੍ਰੋਹੀ ਤੇ ਗ਼ੱਦਾਰੀ ਦਾ ਮੈਡਲ ਦੇ ਦਿੱਤਾ ਜਾਂਦਾ ਹੈ। ਇਹਨੀਂ ਦਿਨੀਂ ਭਾਰਤ ਦਾ ਸਾਰਾ ਹਿੰਦੂ ਮੀਡੀਆ 'ਰਾਸ਼ਟਰਵਾਦ' ਅਤੇ 'ਦੇਸ਼ ਭਗਤੀ' ਜਿਹੇ ਨਾਅਰਿਆਂ ਦੀ ਆੜ੍ਹ ਹੇਠ ਹਿੰਦੂਵਾਦ ਨੂੰ ਖੁੱਲ੍ਹ ਕੇ ਬੜ੍ਹਾਵਾ ਦਿੰਦਾ ਨਜ਼ਰ ਆ ਰਿਹਾ ਹੈ। ਕਿਸੇ ਵੀ ਚੈਨਲ 'ਤੇ ਹੋਣ ਵਾ.ਲੀ ਬਹਿਸ ਵਿੱਚੋਂ ਹਿੰਦੂਵਾਦ ਦੇ ਹੀ ਦਰਸ਼ਨ ਹੋਣਗੇ। ਐਂਕਰ ਇਉਂ ਵਿਖਾਵਾ ਕਰਦੇ ਹਨ ਜਿਵੇਂ ਉਹਨਾਂ ਦੀ ਡਿਊਟੀ ਸਿਰਫ਼ ਹਿੰਦੂਵਾਦ ਦੇ ਪ੍ਰਸਾਰ ਲਈ ਹੀ ਲਗਾਈ ਗਈ ਹੈ। ਇਸ ਕੁਪ੍ਰਚਾਰ ਕਾਰਨ ਕਦੇ ਕਦੇ ਤਾਂ ਆਮ ਨਾਗਰਿਕ ਨੂੰ ਮਹਿਸੂਸ ਹੋਣ ਲੱਗਦਾ ਹੈ ਕਿ ਆਰ.ਐਸ.ਐਸ. ਦੀ ਸੋਚ ਰੱਖਣ ਵਾ.ਲੇ ਲੋਕ ਸੱਚਮੁੱਚ ਹੀ ਬਹੁਤ ਜ਼ਿਆਦਾ ਦੇਸ਼ ਭਗਤ ਹਨ। ਪਰ ਫਿਰ ਵੀ ਕਦੇ ਕਦਾਈਂ ਕੁੱਝ ਅਜਿਹੀਆਂ ਖਬਰਾਂ ਵੀ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ ਜਿੰਨ੍ਹਾਂ ਨਾ.ਲ ਇਹਨਾਂ ਅਖੌਤੀ ਦੇਸ਼ ਭਗਤਾਂ ਦੇ ਚਿਹਰੇ 'ਤੇ ਚੜ੍ਹਿਆ ਮੁਲੰਮਾ ਲਹਿ ਜਾਂਦਾ ਹੈ ਅਤੇ ਅਸਲੀਅਤ ਸਭ ਦੇ ਸਾਹਮਣੇ ਆ ਜਾਂਦੀ ਹੈ।

ਆਮ ਤੌਰ 'ਤੇ ਖੱਬੇ ਪੱਖੀਆਂ ਦੀ ਹਮਾਇਤੀ ਮੰਨੀਆਂ ਜਾਂਦੀਆਂ ਦੇਸ਼ ਦੀਆਂ ਪ੍ਰਸਿੱਧ ਯੂਨੀਵਰਸਿਟੀਆਂ ਵਿੱਚ ਹੁਣ ਸੰਘ ਸਮਰਥਕ ਏ.ਬੀ.ਵੀ.ਪੀ. ਨੇ ਪੂਰੀ ਤਰ੍ਹਾਂ ਘੁਸਪੈਠ ਕਰ ਲਈ ਹੈ। ਇਸ ਕਾਰਨ ਇਹਨਾਂ ਯੂਨੀਵਰਸਿਟੀਆਂ ਵਿੱਚ ਟਕਰਾਅ ਦੀ ਸਥਿਤੀ ਪੈਦਾ ਹੁੰਦੀ ਰਹਿੰਦੀ ਹੈ। ਵਿਦਿਆਰਥੀ ਆਗੂ ਕਨ੍ਹਈਆ ਵਰਗਿਆਂ ਨੂੰ ਇਸ ਦਾ ਖਮਿਆਜਾ ਭੁਗਤਣਾ ਪਿਆ ਹੈ। ਚਲੋ ਕਨ੍ਹਈਆ ਤਾਂ ਜੇਲ੍ਹ ਯਾਤਰਾ ਕਰਕੇ ਜ਼ਮਾਨਤ ਕਰਵਾ ਕੇ ਬਾਹਰ ਆ ਹੀ ਗਿਆ, ਕੁੱਝ ਵਿਦਿਆਰਥੀਆਂ ਨੂੰ ਤਾਂ ਸੰਘੀ ਸੋਚ ਦੇ ਵਿਰੋਧੀ ਹੋਣ ਦਾ ਖਮਿਆਜਾ ਆਪਣੀ ਜਾਨ ਦੇ ਕੇ ਭੁਗਤਣਾ ਪਿਆ ਹੈ। ਹੈਦਰਾਬਾਦ ਯੂਨੀਵਰਸਿਟੀ ਦੇ ਵਿਦਿਆਰਥੀ ਰੋਹਿਤ ਵੇਮੁਲਾ ਦੀ ਮੌਤ ਦਾ ਕਾਰਨ ਵੀ ਅਖੌਤੀ ਦੇਸ਼ ਭਗਤੀ ਹੀ ਹੈ। ਸੱਤਾਧਾਰੀ ਧਿਰ ਵੱਲੋਂ ਜਾਂਚ ਕਰਕੇ ਮੌਤ ਦੇ ਕਾਰਨਾਂ ਦਾ ਪਤਾ ਲਗਾਏ ਜਾਣ ਦੀ ਬਜਾਏ ਉਸ ਦੀ ਜਾਤੀ 'ਤੇ ਹੀ ਸਵਾਲ ਉਠਾਏ ਜਾ ਰਹੇ ਹਨ। ਸੰਘੀ ਸੋਚ ਦੇ ਖ਼ਿਲਾਫ਼ ਬੋਲਣ ਵਾ.ਲੇ ਇਸੇ ਤਰ੍ਹਾਂ ਦੇ ਇੱਕ ਹੋਰ ਵਿਦਿਅਰਥੀ ਨਜ਼ੀਬ ਦੀ ਤਾਂ ਅਜੇ ਤੱਕ ਉੱਘ ਸੁੱਘ ਵੀ ਨਹੀਂ ਨਿੱਕ.ਲੀ। ਉਹ ਜ਼ਿੰਦਾ ਹੈ ਜਾਂ ਅਖੌਤੀ ਦੇਸ਼ ਭਗਤਾਂ ਵੱਲੋਂ ਮਾਰ ਦਿੱਤਾ ਗਿਆ ਹੈ ਇਸ ਬਾਰੇ ਅਜੇ ਕੋਈ ਵੀ ਜਾਣਕਾਰੀ ਨਹੀਂ। ਇਹਨਾਂ ਵਿਦਿਆਰਥੀਆਂ ਨੂੰ ਪਾਕਿਸਤਾਨ ਦੇ ਹਮਾਇਤੀ ਦੱਸ ਕੇ ਦੇਸ਼ ਧਰੋਹੀ ਸਾਬਿਤ ਕੀਤਾ ਜਾਂਦਾ ਰਿਹਾ ਹੈ।

ਅਸਲੀਅਤ ਜਾਣਦੇ ਹੋਏ ਵੀ ਭਾਰਤੀ ਮੀਡੀਆ ਜਾਣ-ਬੁੱਝ ਕੇ ਸੰਘੀਆਂ ਦੀ ਹਮਾਇਤ ਵਿੱਚ ਅਜਿਹੇ ਪ੍ਰੋਗਰਾਮ ਪੇਸ਼ ਕਰਦਾ ਰਿਹਾ ਹੈ। ਪਰ ਅਖੌਤੀ ਦੇਸ਼ ਭਗਤਾਂ ਦੀ ਅਸਲੀਅਤ ਬਾਰੇ ਜਦੋਂ ਕਦੇ ਕੋਈ ਗੱਲ ਸਾਹਮਣੇ ਆਉਂਦੀ ਤਾਂ ਦੂਸਰਿਆਂ ਨੂੰ ਜ਼ੋਰ ਸ਼ੋਰ ਨਾ.ਲ ਦੇਸ਼ ਧਰੋਹੀ ਕਹਿਣ ਵਾ.ਲਾ ਇਹੀ ਮੀਡੀਆ ਇਸ ਤਰ੍ਹਾਂ ਚੁੱਪੀ ਧਾਰ ਜਾਂਦਾ ਹੈ ਜਿਵੇਂ ਉਸ ਨੂੰ ਸੱਪ ਸੁੰਘ ਗਿਆ ਹੋਵੇ। ਪਾਕਿਸਤਾਨ ਨੂੰ ਪਾਣੀ ਪੀ-ਪੀ ਕੇ ਕੋਸਣ ਵਾ.ਲੇ ਸੰਘੀਆਂ ਵਿੱਚੋਂ ਹੀ ਹੁਣੇ ਜਿਹੇ ਅਜਿਹੇ ਵਿਅਕਤੀ ਗ੍ਰਿਫ਼ਤਾਰ ਕੀਤੇ ਗਏ ਹਨ ਜਿਹੜੇ ਪਾਕਿਸਤਾਨ ਦੀ ਖ਼ੁਫੀਆ ਏਜੰਸੀ ਆਈ.ਐਸ.ਆਈ. ਨੂੰ ਭਾਰਤ ਦੀ ਫੌਜ ਨਾ.ਲ ਜੁੜੀਆਂ ਖ਼ੁਫੀਆ ਜਾਣਕਾਰੀਆਂ ਮੁਹੱਈਆ ਕਰਵਾਉਂਦੇ ਹਨ। ਏ. ਟੀ. ਐਸ. ਚੀਫ ਸੰਜੀਵ ਸ਼ਮੀ ਨੇ 9 ਫਰਵਰੀ ਨੂੰ ਪ੍ਰੈਸ ਕਾਨਫ਼ਰੰਸ ਕਰਕੇ ਇਸ ਜਾਸੂਸੀ ਰੈਕਟ ਬਾਰੇ ਖੁਲਾਸਾ ਕੀਤਾ। ਉਹਨਾਂ ਦੱਸਿਆ ਕਿ ਹੁਣ ਤੱਕ ਗਵਾਲੀਅਰ ਤੋਂ 5, ਭੋਪਾਲ ਤੋਂ 3, ਜਬਲਪੁਰ ਤੋਂ 2 ਅਤੇ ਸਤਨਾ ਤੋਂ ਇੱਕ ਦੋਸ਼ੀ ਦੀ ਗ੍ਰਿਫ਼ਤਾਰੀ ਕੀਤੀ ਗਈ ਹੈ। ਇਹਨਾਂ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਵਿੱਚ ਕੁਸ਼ ਪੰਡਿਤ, ਤ੍ਰਿਲੋਕ ਸਿੰਘ ਭਦੌਰੀਆ, ਮਨੀਸ਼ ਗਾਂਧੀ, ਮੋਹਿਤ ਅਗਰਵਾਲ, ਧਰੁਵ ਸਕਸੈਨਾ, ਮੋਹਨ ਭਾਰਤੀ, ਸੰਦੀਪ ਗੁਪਤਾ, ਬਲਰਾਮ ਸਿੰਘ, ਰੀਤੇਸ਼ ਖੁੱਲਰ ਅਤੇ ਜਿਤੇਂਦਰ ਠਾਕੁਰ ਆਦਿ ਗਿਆਰਾਂ ਵਿਅਕਤੀ ਹਨ। ਇਹਨਾਂ ਵਿੱਚੋਂ ਧਰੁਵ ਸਕਸੈਨਾ ਤਾਂ ਭਾਰਤੀ ਜਨਤਾ ਪਾਰਟੀ ਦੀ ਆਈ.ਟੀ. ਸੈੱਲ ਦਾ ਪ੍ਰਧਾਨ ਹੈ ਅਤੇ ਜਿਤੇਂਦਰ ਠਾਕੁਰ, ਭਾਰਤੀ ਜਨਤਾ ਪਾਰਟੀ ਦੀ ਕੌਂਸਲਰ ਦਾ ਜੇਠ ਹੈ। ਸਤਨਾ ਤੋਂ ਫੜਿਆ ਗਿਆ ਪਾਕਿਸਤਾਨੀ ਜਾਸੂਸ ਧਰੁਵ ਸਕਸੈਨਾ, ਜ਼ਿਲ੍ਹਾ ਪ੍ਰਧਾਨ ਅੰਸ਼ੁਲ ਤਿਵਾਰੀ ਦੇ ਜ਼ਿਆਦਾਤਰ ਸਮਾਗਮਾਂ ਵਿੱਚ ਮੌਜੂਦ ਰਹਿੰਦਾ ਸੀ। ਉਸ ਨੇ ਕੁੱਝ ਬਜਰੰਗ ਦਲੀਆਂ ਦੇ ਨਾਵਾਂ 'ਤੇ ਬੈਂਕ ਵਿੱਚ ਖਾਤੇ ਖੋਲ੍ਹ ਰੱਖੇ ਸਨ।

ਏ.ਟੀ.ਐਸ. ਅਨੁਸਾਰ ਧਰੁਵ ਸਕਸੈਨਾ ਦੀ ਕੋਈ ਮਹਿਲਾ ਮਿੱਤਰ ਮੱਧ ਪ੍ਰਦੇਸ਼ ਦੀ ਹੀ ਰਹਿਣ ਵਾ.ਲੀ ਹੈ ਜੋ ਕਿ ਭੋਪਾਲ ਵਿੱਚ ਕਾਲ ਸੈਂਟਰ ਚਲਾਉਂਦੀ ਸੀ। ਇਸੇ ਕਾਲ ਸੈਂਟਰ ਰਾਹੀਂ ਹੀ ਜਾਸੂਸੀ ਕਾਰਵਾਈ ਹੁੰਦੀ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਪਿਛਲੇ ਸਾਲ ਜੰਮੂ-ਕਸ਼ਮੀਰ ਵਿੱਚ ਦੋ ਦੋਸ਼ੀਆਂ ਦੀ ਗ੍ਰਿਫ਼ਤਾਰੀ ਹੋਈ ਸੀ। ਇਹਨਾਂ ਦੋਵਾਂ ਤੋਂ ਹੋਈ ਪੁੱਛਗਿੱਛ ਵਿੱਚ ਖੁਲਾਸਾ ਹੋਇਆ ਸੀ ਕਿ ਦੇਸ਼ ਧਰੋਹੀ ਗਤੀਵਿਧੀਆਂ ਵਿੱਚ ਮੱਧ ਪ੍ਰਦੇਸ਼ ਤੋਂ ਮਦਦ ਮੁਹੱਈਆ ਕਰਵਾਈ ਜਾ ਰਹੀ ਸੀ।

ਇਸ ਇਨਪੁਟ ਦੇ ਅਧਾਰ 'ਤੇ ਏ.ਟੀ.ਐੱਸ. ਨੇ ਆਪਣਾ ਜਾਲ ਵਿਛਾਉਂਦੇ ਹੋਏ ਹੁਣ ਤੱਕ 11 ਵਿਅਕਤੀਆਂ ਨੂੰ ਦਬੋਚਿਆ ਹੈ। ਹੈਰਾਨੀ ਦੀ ਗੱਲ ਹੈ ਕਿ ਇਹ ਸਭ ਦੇ ਸਭ ਹਿੰਦੂ ਹਨ ਜੋ ਕਿ ਦੇਸ਼ ਭਗਤੀ ਦਾ ਨਾਟਕ ਵੀ ਕਰਦੇ ਰਹੇ ਹਨ। ਇਹਨਾਂ ਵਿੱਚੋਂ ਇੱਕ ਵੀ ਮੁਸਲਮਾਨ ਨਹੀਂ ਹੈ। ਜੇਕਰ ਇਤਫ਼ਾਕ ਵਸ ਕੋਈ ਇੱਕ-ਅੱਧਾ ਵਿਅਕਤੀ ਵੀ ਮੁਸਲਮਾਨ ਹੁੰਦਾ ਤਾਂ ਹਿੰਦੂਵਾਦੀ ਮੀਡੀਆ ਦਾ ਵਿਹਾਰ ਹੋਰ ਤਰ੍ਹਾਂ ਦਾ ਹੁੰਦਾ। ਮਤਲਬ ਸਾਫ਼ ਹੈ ਕਿ ਸਮੇਤ ਮੀਡੀਆ ਦੇਸ਼ ਭਗਤੀ ਦੇ ਨਾਂਅ 'ਤੇ ਗੁੰਡਾਗਰਦੀ ਕਰਨ ਵਾ.ਲੇ ਸਭ ਆਗੂ ਦੇਸ਼ ਨੂੰ ਵੇਚਣ ਵੇ.ਲੇ ਇੱਕ ਸੁਰ ਹੁੰਦੇ ਹਨ।

# ਅਵਾਰਾ ਪਸ਼ੂਆਂ ਦੀ ਸਮੱਸਿਆ ਤੋਂ ਸਮਾਜ ਦੇ ਲੋਕ ਚਿੰਤਤ



ਪ੍ਰਮੋਦ ਧੀਰ
91-98550-31081

ਪੰਜਾਬ ਵਿੱਚ ਅਵਾਰਾ ਪਸ਼ੂਆਂ ਦੀ ਸਮੱਸਿਆ ਗੰਭੀਰ ਬਣਦੀ ਜਾ ਰਹੀ ਹੈ। ਇਹਨਾਂ ਅਵਾਰਾ ਪਸ਼ੂਆਂ ਕਾਰਨ ਪੰਜਾਬ ਵਿੱਚ ਮਨੁੱਖੀ ਜਾਨਾਂ ਜਾਣ ਦਾ ਰੁਝਾਨ ਦਿਨੋਂ ਦਿਨ ਵੱਧ ਰਿਹਾ ਹੈ। ਜਿਸ ਕਾਰਨ ਪੂਰੇ ਸਮਾਜ ਵਿੱਚ ਡਰ ਦੀ ਭਾਵਨਾ ਪੈਦਾ ਹੋ ਗਈ ਹੈ। ਅੱਜ ਕਲ੍ਹ ਹਰ ਇੱਕ ਵਿਅਕਤੀ ਅਵਾਰਾ ਪਸ਼ੂਆ ਤੋਂ ਬਹੁਤ ਪ੍ਰੇਸ਼ਾਨ ਹੈ। ਅਵਾਰਾ ਪਸ਼ੂ ਅਕਸਰ ਹੀ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਹਨ ਤੇ ਇਹਨਾਂ ਅਵਾਰਾ ਢੱਠਿਆਂ ਦੇ ਪਿੰਡਾਂ ਅਤੇ ਕਸਬਿਆਂ ਦੀਆਂ ਗਲੀਆਂ ਵਿਚ ਹਰਲ-ਹਰਲ ਘੁੰਮਣ ਨਾਲ ਜਿੱਥੇ ਹਰ ਕੋਈ ਭੈਅਭੀਤ ਜਿਹਾ ਰਹਿੰਦਾ ਹੈ, ਉੱਥੇ ਛੋਟੇ ਬੱਚੇ ਤੇ ਬਜ਼ੁਰਗ ਜ਼ਿਆਦਾ ਖੌਫਜਦਾ ਹੋ ਰਹੇ ਹਨ ਅਤੇ ਕਈ ਵਾਰ ਬੱਚਿਆਂ ਦਾ ਸ਼ਾਮ ਵੇਲੇ ਖੇਡਣਾ ਮੁਸ਼ਕਲ ਹੋਇਆ ਪਿਆ ਹੈ, ਉਧਰ ਦੂਸਰੇ ਪਾਸੇ ਨਿੱਤ ਆਉਂਦੀਆਂ ਦਿਲ ਕੰਬਾਊ ਖਬਰਾਂ ਕਿ ਹਲਕਾਏ 'ਤੇ ਅਵਾਰਾ ਕੁੱਤਿਆਂ ਦੇ ਵੱਡਣ ਨਾਲ ਅਤੇ ਅਵਾਰਾ ਪਸ਼ੂਆਂ ਦੇ ਹਮਲਿਆਂ ਨਾਲ ਹੁੰਦੀਆਂ ਮੌਤਾਂ ਅਤੇ ਕਈਆਂ ਦੇ ਜਖਮੀ ਹੋਣ ਸਬੰਧੀ ਸੁਣ ਕੇ ਦਿਲ ਕੰਬ ਉਠਦਾ ਹੈ, ਪਰ ਇਹਨਾਂ ਦੁਰਘਟਨਾਵਾਂ ਦੇ ਬਾਵਜੂਦ ਇਸ ਸਮੱਸਿਆ ਤੋਂ ਨਿਜ਼ਾਤ ਦਿਵਾਉਣ ਲਈ ਕੋਈ ਵੀ ਠੋਸ ਹੱਲ ਨਹੀਂ ਕੱਢ ਰਿਹਾ। ਅੱਜ ਕੱਲ ਅਵਾਰਾ ਪਸ਼ੂਆਂ ਦੀ ਭਰਮਾਰ ਦਿਨੋਂ ਦਿਨ ਵਧ ਰਹੀ ਹੈ।

ਅਵਾਰਾ ਪਸ਼ੂ ਕਿਸਾਨਾਂ ਦੇ ਖੇਤਾਂ ਵਿੱਚ ਚਲੇ ਜਾਂਦੇ ਹਨ ਜਿੱਥੇ ਉਹ ਕਿਸਾਨਾ ਦੀ ਪੁੱਤਾਂ ਵਾਂਗੂ ਪਾਲੀ ਫ਼ਸਲ ਦਾ ਭਾਰੀ ਨੁਕਸਾਨ ਕਰਦੇ ਹਨ। ਕਿਸਾਨ ਆਪਣੀਆ ਫ਼ਸਲਾ ਬਚਾਉਣ ਲਈ ਸਿਆਲਾਂ ਦੀਆਂ ਠੰਢੀਆ ਰਾਤਾਂ ਨੂੰ ਆਪਣੀ ਫਸਲ ਦੀ ਰਾਖੀ ਕਰਦੇ ਹਨ ਤਾਂ ਜੋ ਅਵਾਰਾ ਪਸ਼ੂਆਂ ਤੋਂ ਫਸਲ ਦੇ ਨੁਕਸਾਨ ਨੂੰ ਬਚਾਇਆ ਜਾ ਸਕੇ। ਪਰ ਇਸ ਮੁਸ਼ਕਿਲ ਦਾ ਕੋਈ ਠੋਸ ਹੱਲ ਨਹੀਂ ਨਿਕਲ ਰਿਹਾ ਤੇ ਅਵਾਰਾ ਪਸ਼ੂਆ ਦੀ ਗਿਣਤੀ ਦਿਨੋਂ ਦਿਨ ਵੱਧ ਰਹੀ ਹੈ। ਹੁਣ ਇਹ ਪਸ਼ੂ ਬਜ਼ਾਰਾ, ਭੀੜ-ਭੜੱਕੇ ਵਾਲੀਆਂ ਥਾਵਾਂ, ਗਲੀਆ, ਮੁਹੱਲਿਆਂ ਵਿੱਚ ਵੀ ਅਵਾਰਾ ਘੁੰਮ ਰਹੇ ਹਨ। ਜਿਸ ਕਾਰਨ ਛੋਟੇ ਬੱਚਿਆਂ,ਬਜੁਰਗਾਂ,ਔਰਤਾਂ ਆਦਿ ਨੂੰ ਘਰੋਂ ਬਾਹਰ ਨਿਕਲਣ ਵਿੱਚ ਸਮੱਸਿਆ ਆਉਂਦੀ ਹੈ ਤੇ ਇਹਨਾਂ ਤੋਂ ਸੱਟ ਫੇਟ ਦਾ ਡਰ ਹਮੇਸ਼ਾ ਬਣਿਆ ਰਹਿੰਦਾ ਹੈ।





ਪਿਛਲੇ ਸਾਲ ਸਾਡਾ ਗੁਆਂਢੀ ਮਹਿੰਦਰ ਪਾਲ ਜੋ ਕਿ ਸਟੇਟ ਬੈਂਕ ਆਫ ਪਟਿਆਲਾ ਜੈਤੋ ਵਿਖੇ ਕੈਸ਼ੀਅਰ ਲੱਗਾ ਸੀ ਆਪਣੇ ਸਕੂਟਰ ਤੇ ਘਰ ਆ ਰਿਹਾ ਸੀ ਤਾਂ ਅਚਾਨਕ ਅਵਾਰਾ ਢੱਠੇ ਨੇ ਚੱਕ ਕੇ ਮਾਰਿਆ ਇਨ੍ਹੀਂ ਭਿਆਨਕ ਸੱਟ ਲੱਗੀ ਕਿ ਉਸ ਨੌਜਵਾਨ ਦੀ ਮੌਤ ਹੋ ਗਈ। ਇਸੇ ਤਰਾਂ ਕੁਝ ਕੁ ਮਹੀਨੇ ਪਹਿਲਾਂ ਜੈਤੋ ਵਿਖੇ ਹੀ ਮੇਰੀਆਂ ਅੱਖਾਂ ਸਾਹਮਣੇ ਬਾਜ਼ਾਰ ਵਿੱਚ ਇੱਕ ਅਵਾਰਾ ਢੱਠੇ ਨੇ ਤੁਰੇ ਜਾਂਦੇ ਨੌਜਵਾਨ ਨੂੰ ਪਿਛੋਂ ਦੀ ਸਿੰਘਾਂ ਤੇ ਚੁੱਕ ਲਿਆ ਤੇ 50-60 ਗਜ ਦੂਰ ਚਲਾ ਕੇ ਮਾਰਿਆ ਬਾਅਦ ਵਿੱਚ ਉਸਦੇ ਪੇਟ ਤੇ ਲੱਤ ਰੱਖਣ ਲੱਗਾ ਤਾਂ ਨੇੜਲੇ ਦੁਕਾਨਦਾਰਾਂ ਨੇ ਢੱਠੇ ਦੇ ਮੂੰਹ ਤੇ ਅੱਖਾਂ ਤੇ ਪਾਣੀ ਪਾ ਕੇ,ਸੋਟੀਆਂ ਆਦਿ ਮਾਰ ਕੇ ਉਸ ਨੌਜਵਾਨ ਦੀ ਜਾਣ ਬਚਾਈ ਪਰ ਫਿਰ ਵੀ ਉਸ ਨੌਜਵਾਨ ਦੇ ਕਈ ਸੱਟਾਂ ਲੱਗ ਚੁੱਕੀਆਂ ਸਨ। ਹਰ ਰੋਜ਼ ਇਸ ਤਰਾਂ ਦੀਆਂ ਹੋਰ ਵੀ ਹਜ਼ਾਰਾਂ ਦੁਰਘਟਨਾਵਾਂ ਇਨ੍ਹਾਂ ਆਵਾਰਾ ਪਸ਼ੁਆਂ ਕਾਰਨ ਵਾਪਰ ਰਹੀਆਂ ਹਨ। ਅੱਜ ਕੱਲ ਲੋਕ ਘਰੋਂ ਨਿਕਲਣ ਤੋਂ ਵੀ ਡਰਦੇ ਹਨ ਕਿ ਪਤਾ ਨਹੀਂ ਕਦੋਂ ਕੋਈ ਆਵਾਰਾ ਪਸ਼ੂ ਸਾਡਾ ਨੁਕਸਾਨ ਨਾ ਕਰ ਦੇਵੇ। ਡਰਦੇ ਮਾਰੇ ਲੋਕ ਆਪਣੇ ਘਰਾਂ ਦੇ ਦਰਵਾਜੇ ਵੀ ਬੰਦ ਰੱਖਦੇ ਹਨ। ਅਵਾਰਾ ਪਸ਼ੁਆਂ ਦੇ ਡਰੋਂ ਲੋਕਾਂ ਨੇ ਗਲੀਆਂ ਵਿੱਚ ਬੈਠ ਕੇ ਦੁੱਖ ਸੁੱਖ ਸਾਂਝੇ ਕਰਨੇ ਵੀ ਘਟਾ ਦਿੱਤੇ ਹਨ। ਸਾਡੇ ਸਮਾਜ ਦੇ ਲੋਕਾਂ ਵੱਲੋਂ ਇਸ ਸਮੱਸਿਆ ਦੇ ਸਥਾਈ ਹੱਲ ਲਈ ਕੀ ਕੀਤਾ ਜਾ ਰਿਹਾ ਹੈ।

ਅਸੀ ਕੀ ਕਰ ਰਹੇ ਹਾਂ - ਪੁਰਾਣੇ ਸਮਿਆਂ ਵਿੱਚ ਬਲਦਾਂ ਨਾਲ ਖੇਤੀ ਕੀਤੀ ਜਾਂਦੀ ਸੀ ਤੇ ਵੱਛੇ ਵਾਲੀ ਗਾਂ ਦਾ ਸਤਿਕਾਰ ਕੀਤਾ ਜਾਦਾ ਸੀ। ਮਸ਼ੀਨੀ ਯੁਗ ਆਉਣ ਨਾਲ ਗਾਂ ਦੀ ਮੂਲੋਂ ਕਦਰ ਘਟ ਗਈ ਦੂਸਰਾ ਦੇਸੀ ਗਾਂ ਦਾ ਦੁੱਧ ਵਲੈਤੀ ਗਾਂ ਦੇ ਦੁੱਧ ਮੁਕਾਬਲੇ ਬਹੁਤ ਘੱਟ ਹੁੰਦਾ ਹੈ। ਇਹੀ ਕਾਰਨ ਹੈ ਕਿ ਲੋਕ ਫੰਡਰ ਗਾਂ ਨੂੰ ਸੋਟੀ ਮਾਰ ਕੇ ਘਰੋਂ ਕੱਢ ਦਿੰਦੇ ਹਨ। ਗਾਂ ਨਾਲ ਧਾਰਮਿਕ ਭਾਵਨਾਵਾ ਜੁੜੀਆ ਹੋਣ ਕਾਰਨ, ਇਹ ਲੋਕਾਂ ਦੀ ਜਾਨ ਦਾ ਖਤਰਾ ਬਣਦੀਆ ਹਨ। ਇਹਨਾਂ ਗਊਆਂ ਦੀ ਸਾਂਭ-ਸੰਭਾਲ ਲਈ ਬਣਾਈਆ ਗਊਸ਼ਾਲਾ ਵਿੱਚ ਵੀ ਜ਼ਿਆਦਾਤਰ ਉਹੀ ਪਸ਼ੂ ਰੱਖੇ ਜਾਂਦੇ ਹਨ ਜੋ ਦੁੱਧ ਦਿੰਦੇ ਹਨ, ਅਵਾਰਾ ਪਸ਼ੂਆ ਨੂੰ ਦਰ-ਨਿਕਾਰ ਕਰ ਦਿੱਤਾ ਜਾਂਦਾ ਹੈ। ਅਵਾਰਾ ਪਸ਼ੂਆਂ ਦੀ ਸਾਂਭ-ਸੰਭਾਲ ਲਈ ਸਾਡਾ ਸਿਸਟਮ ਪੂਰੀ ਤਰ੍ਹਾਂ ਫੇਲ ਹੀ ਨਜ਼ਰ ਆ ਰਿਹਾ ਹੈ। ਪਰ ਲੋੜ ਹੈ ਇਸ ਸਮੱਸਿਆ ਨੂੰ ਛੇਤੀ ਤੋਂ ਛੇਤੀ ਦੂਰ ਕਰਨ ਦੀ ਤਾਂ ਜੋ ਹਰ ਰੋਜ਼ ਹੁੰਦੇ ਸੜਕ ਹਾਦਸੇ ਰੁਕ ਸਕਣ, ਮਨੁੱਖੀ ਕੀਮਤੀ ਜਾਨਾ ਬਚਾਈਆ ਜਾ ਸਕਣ ਤੇ ਕਿਸਾਨਾਂ ਦੀਆਂ ਫ਼ਸਲਾਂ ਦੇ ਹੋ ਰਹੇ ਨੁਕਸਾਨ ਨੂੰ ਰੋਕਿਆ ਜਾ ਸਕੇ।

ਇਸ ਭਿਆਨਕ ਸਮੱਸਿਆ ਨੂੰ ਰੋਕਣਾ ਸਮੇਂ ਦੀ ਮੁੱਖ ਲੋੜ ਹੈ। ਇਹਨਾਂ ਅਵਾਰਾ ਪਸ਼ੂਆਂ ਦੀ ਬਣੀ ਸਮਾਜ ਲਈ ਚੁਣੌਤੀ ਸਬੰਧੀ ਆਮ ਲੋਕਾਂ ਨੂੰ ਹੀ ਅੱਗੇ ਆਉਣਾ ਪਵੇਗਾ ਤੇ ਇਸਦੇ ਹੱਲ ਲਈ ਬਦਲਵੇਂ ਤਰੀਕੇ ਲੱਭਣੇ ਪੈਣਗੇ । ਆਖਰ ਕਦੋਂ ਤੱਕ ਅਸੀ ਇਸ ਸਮੱਸਿਆ ਅੱਗੇ ਗੋਡੇ ਟੇਕ ਕੇ ਬੈਠੇ ਰਹਾਂਗੇ, ਹੁਣ ਵੇਲਾ ਆ ਗਿਆ ਹੈ ਇਸ ਸਮੱਸਿਆ ਤੋਂ ਜਲਦੀ ਨਿਜਾਤ ਪਾਉਣ ਦਾ, ਨਹੀਂ ਤਾਂ ਇਸਦੇ ਆਉਣ ਵਾਲੇ ਸਮੇਂ ਵਿੱਚ ਸਮਾਜ ਨੂੰ ਭਿਆਨਕ ਨਤੀਜੇ ਭੁਗਤਣੇ ਪੈਣਗੇ।

(ਸਫਾ 6 ਦੀ ਬਾਕੀ)

# ਗੁਰਬਾਣੀ ਦੇ ਚਾਨਣ ਵਿੱਚ ਬੇਗਮਪੁਰਾ ਸ਼ਹਿਰ ਦੀ ਵਿਆਖਿਆ

ਹਲੇਮੀ ਰਾਜੁ ਜੀਉ" ਕਿਹਾ ਹੈ ਜਿਸ ਅਨੁਸਾਰ ਹੁਣ ਮਿਹਰਬਾਨ ਅਕਾਲ ਪੁਰਖ ਦਾ ਹੁਕਮ ਹੋ ਗਿਆ ਹੈ ਕਿ ਕੋਈ ਕਿਸੇ 'ਤੇ ਪ੍ਰਬਲ ਹੋ, ਉਸ ਨੂੰ ਦੁੱਖ ਨਹੀਂ ਦੇ ਸਕੇਗਾ। ਸਾਰੀ ਪਰਜਾ ਸੁਖ ਨਾਲ ਵਸੇਗੀ ਕਿਉਂਕਿ ਹੁਣ ਨਰਮੀ ਵਾਲਾ ਰਾਜ ਹੋ ਗਿਆ ਹੈ। ਇਹ ਬਾਣੀ ਦਾ ਅਧਿਆਤਮਕ ਪੱਖ ਅਤੇ ਇਸ ਦੇ ਅਰਥ ਕਰਦਿਆਂ "ਬੇਗਮਪੁਰਾ" ਨੂੰ ਆਤਮਕ ਅਵਸਥਾ-ਰੂਪ ਸ਼ਹਿਰ ਦੇ ਅਰਥਾਂ ਵਿੱਚ ਲਿਆ ਗਿਆ ਹੈ। ਮਨੁੱਖ ਨੇ ਹਰ ਤਰ੍ਹਾਂ ਦੀਆਂ ਅੜਚਣਾਂ ਨੂੰ ਦੂਰ ਕਰ, ਇਸ ਅਵਸਥਾ 'ਤੇ ਪਹੁੰਚਣਾ ਹੈ। ਇਹ ਤੱਥ ਧਿਆਨ ਯੋਗ ਹੈ ਕਿ ਗੁਰੂ ਸਾਹਿਬਾਨ ਨੇ ਬਾਣੀ ਵਿੱਚ ਕੋਈ ਵੀ ਅਜਿਹਾ ਸੰਕਲਪ ਜਾਂ ਸਿਧਾਂਤ ਦਰਜ ਨਹੀਂ ਕੀਤਾ ਜਿਸ ਨੂੰ ਅਮਲ ਵਿੱਚ ਨਹੀਂ ਲਿਆਂਦਾ ਜਾ ਸਕਦਾ ਕਿਉਂਕਿ ਅਮਲਾਂ ਤੋਂ ਬਿਨਾ ਸਿਧਾਂਤ ਬੇਕਾਰ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਖੇ ਅਜਿਹੇ ਹੀ ਹਮ ਸ਼ਹਿਰੀਆਂ ਦੀ ਪਵਿਤ੍ਰ ਰਚਨਾ ਦਰਜ ਹੈ ਜੋ ਆਤਮਕ ਅਵਸਥਾ ਕਰਕੇ, ਸਾਰੇ ਹਮ ਸ਼ਹਿਰੀ ਅਵੱਸਥਾ ਦੇ ਮਾਲਕ ਸਨ। ਅਸਲੀ ਸ਼ਹਿਰ ਗੁਰੂ ਗ੍ਰੰਥ ਸਾਹਿਬ ਅਤੇ ਉੱਚ ਅਵਸੱਥਾ ਦੇ ਵਾਸੀ ਰੱਬੀ ਭਗਤ ਅਤੇ ਗੁਰੂ ਬਰਾਬਰ ਵਾਸੀ ਹਨ। ਹਾਂ ਜੇ ਕਿਤੇ ਦੇਵਨੇਤ ਨਾਲ ਐਸੀ ਅਵੱਸਥਾ ਵਾਲੇ ਮਾਈਆਂ-ਭਾਈਆਂ ਕੋਲ ਦੁਨਿਆਵੀ ਰਾਜ ਆ ਜਾਵੇ ਤਾਂ ਪਰਜਾ ਦਾ ਭਲਾ ਹੋ ਸਕਦਾ ਹੈ। ਬੀਜ ਨਾਸ ਨਹੀਂ ਸਗੋਂ ਸੰਸਾਰ ਦੇ ਕੋਨੇ ਕੋਨੇ ਵਿੱਚ ਅਜਿਹੀ ਅਵੱਸਥਾ ਵਾਲੇ ਲੋਕ ਉਪਲਬਦ ਹੋਣ ਕਰਕੇ, ਇਸ ਸ਼ਬਦ ਵਿਚਲਾ ਸਿਧਾਂਤ ਸਾਨੂੰ ਸਾਰੀ ਦੁਨੀਆਂ ਨਾਲ ਜੋੜਦਾ ਹੈ। ਇਸ ਅਵੱਸਥਾ ਦੇ ਵਾਸੀ ਦੁਨਿਆਵੀ ਮੋਹ ਮਾਇਆ ਤੋਂ ਨਿਰਲੇਪ ਹੁੰਦੇ ਹਨ। ਜੇ ਅਸੀਂ ਵੀ ਐਸੇ ਬੇਗਮਪੁਰੇ ਦੇ ਵਾਸੀ ਬਣ ਜਾਈਏ ਤਾਂ ਸਾਡੇ ਵਿੱਚੋਂ ਬਦਨੀਤ ਬ੍ਰਾਹਮਣਾਂ ਦੀ ਪੈਦਾ ਕੀਤੀ, ਊਚ-ਨੀਚ, ਜਾਤ-ਪਾਤ ਅਤੇ ਛੂਆ-ਛਾਤ ਖਤਮ ਹੋ ਸਕਦੀ ਹੈ।

ਅਸੀਂ ਸਾਰੇ ਜੀਵ ਚਮੜੀ ਵਾਲੇ ਹੋਣ ਕਰਕੇ ਖਲਾਸ ਚਮਾਰ ਹਾਂ। ਚਮਾਰ ਕੋਈ ਨੀਵੀਂ ਜਾਤੀ ਨਹੀਂ ਸਗੋਂ ਸਾਰੇ ਚੰਮ ਤੋਂ ਪੈਦਾ ਹੋਣ ਕਰਕੇ ਸਰੀਰਕ ਤੌਰ 'ਤੇ ਚਮਾਰ ਹੀ ਹਨ। ਦੁਨਿਆਵੀ ਚਿੰਤਾ, ਫਿਕਰਾਂ ਅਤੇ ਵਹਿਮਾਂ ਭਰਮਾਂ ਤੋਂ ਮੁਕਤ ਹੋ ਕੇ ਹੀ ਬੇ-ਗਮਪੁਰੇ ਦੇ ਵਾਸੀ ਬਣਿਆ ਜਾ ਸਕਦਾ ਹੈ। ਗੁਰੂ ਬਾਬਾ ਜੀ ਵੀ ਇਹ ਹੀ ਉਪਦੇਸ਼ ਦਿੰਦੇ ਹਨ ਕਿ-ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥(੧੨੯੯) ਅਤੇ ਸਭ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥(੬੭੧) ਬਾਬਾ ਰਵਿਦਾਸ ਜਿਸ ਸਮਾਜ ਵਿੱਚ ਪਲੇ, ਵੱਡੇ ਹੋਏ, ਉਸ ਸਮਾਜ ਵਿੱਚ ਸਮਾਜਕ ਗਤੀਸ਼ੀਲਤਾ ਦੀ ਆਗਿਆ ਨਹੀਂ ਸੀ। ਮਨੁੱਖ ਦਾ ਇੱਕ ਵਰਣ ਤੋਂ ਦੂਸਰੇ ਵਿੱਚ ਪ੍ਰਵੇਸ਼, ਆਪਣਾ ਕਿੱਤਾ ਤਿਆਗ ਕੋਈ ਦੂਸਰਾ ਅਪਨਾਉਣਾ, ਸਿੱਖਿਆ ਪ੍ਰਾਪਤ ਕਰਨਾ, ਇਨ੍ਹਾਂ ਸਭ ਦੀ ਮਨਾਹੀ ਸੀ। ਇਸ ਸਮਾਜ ਵਿੱਚ ਤਾਂ ਮਨੁੱਖ ਦੇ ਰਹਿਣ ਦੀ ਥਾਂ ਵੀ ਉਸ ਦੇ ਵਰਣ ਅਨੁਸਾਰ ਨਿਸਚਿਤ ਕੀਤੀ ਹੋਈ ਸੀ ਅਤੇ ਹੈ। ਇੱਥੋਂ ਤੱਕ ਕਿ ਕਿਸੇ ਬ੍ਰਾਹਮਣ ਕਥਿਤ ਉੱਚ ਜਾਤੀ ਵਾਲੇ ਉੱਤੇ ਕਿਸੇ ਦਲਿਤ ਕਹੇ ਜਾਣ ਵਾਲੇ ਦਾ ਪਰਛਾਵਾਂ ਪੈਣਾ ਵੀ ਗੁਨਾਹ ਮੰਨਿਆਂ ਜਾਂਦਾ ਸੀ ਤੇ ਕਈ ਥਾਂ ਭਾਰਤ ਵਿੱਚ ਅੱਜ ਵੀ ਹੈ। ਜੀਵਨ ਹਰ ਤਰ੍ਹਾਂ ਦੇ ਅੰਦੇਸ਼ਿਆਂ, ਦੁੱਖਾਂ-ਤਕਲੀਫਾਂ ਨਾਲ ਭਰਿਆ ਪਿਆ ਹੈ। ਭਗਤ ਬਾਬਾ ਰਵਿਦਾਸ ਜੀ ਇਸ ਸਮਾਜਕ ਅਵਸਥਾ ਤੋਂ ਪੂਰੀ ਤਰ੍ਹਾਂ ਚੇਤੰਨ ਹੋ, ਦਲਿਤ ਚੇਤਨਾ ਦਾ ਹੀ ਪ੍ਰਗਟਾਵਾ ਕਰਦੇ ਹਨ ਕਿ-ਕਹਿ ਰਵਿਦਾਸ ਖਲਾਸ ਚਮਾਰਾ..॥ ਸੋ ਇਸ ਉੱਪ੍ਰੋਕਤ ਸ਼ਬਦ ਵਿੱਚ ਸਭ ਪ੍ਰਕਾਰ ਦੀਆਂ ਬੰਦਸ਼ਾਂ ਤੋਂ ਛੁਟਕਾਰਾ, ਦਲਿਤ ਚੇਤਨਾ ਵੱਲ ਸੰਕੇਤਕ ਹੈ।

ਬਾਬਾ ਜੀ ਨੇ ਉਨ੍ਹਾਂ ਦੁਸ਼ਵਾਰੀਆਂ, ਸਮਾਜਕ ਨਾ-ਬਰਾਬਰੀ, ਦੁੱਖਾਂ-ਤਕਲੀਫਾਂ, ਸਮਾਜਕ ਗ਼ੁਲਾਮੀ, ਸਮਾਜਕ ਗਤੀਹੀਣਤਾ ਦੀ ਗੱਲ ਕੀਤੀ ਜਿਨ੍ਹਾਂ ਨੂੰ ਬੇਗਮਪੁਰੇ ਵਿੱਚ ਕੋਈ ਥਾਂ ਨਹੀਂ। ਇਸ ਤੋਂ ਪਤਾ ਚੱਲਦਾ ਹੈ ਕਿ ਰਾਜਸੀ ਅਤੇ ਧਾਰਮਿਕ ਸ਼ਕਤੀਆਂ ਦਾ ਨਪਾਕ ਗੱਠਜੋੜ ਜਿਸ ਦੀ ਬੁਨਿਆਦ ਝੂਠ ਅਤੇ ਲੁੱਟ-ਖਸੁੱਟ 'ਤੇ ਟਿਕੀ ਹੋਈ ਜੋ "ਬੇਗਮਪੁਰਾ" ਦੇ ਅਮਲ ਵਿੱਚ ਸਭ ਤੋਂ ਵੱਡਾ ਰੋੜਾ ਹੈ। ਅੱਜ ਵੀ ਭਾਵੇਂ ਭਾਰਤੀ ਸੰਵਿਧਾਨ ਵਿੱਚ ਪੱਛੜੀਆਂ ਜਾਤਾਂ ਅਤੇ ਕਬੀਲਿਆਂ ਲਈ ਹੱਕ ਰਾਖਵੇਂ ਕਰ ਦਿੱਤੇ ਗਏ ਅਤੇ ਸੰਵਿਧਾਨ ਦੀ ਨਿਗਾਹ ਵਿੱਚ ਸਾਰੇ ਬਰਾਬਰ ਸ਼ਹਿਰੀ ਹਨ ਪਰ ਜੋ ਕੁੱਝ ਭਾਰਤ ਵਿੱਚ ਵਾਪਰਦਾ ਰਿਹਾ, ਪਿਛਲੇ ਦਿਨੀਂ ਵਾਪਰਿਆ, ਉਸ ਦਾ ਕਾਰਨ ਰਾਜ-ਸ਼ਕਤੀ ਅਤੇ ਕਟੜ ਹਿੰਦੂਤਵ ਸ਼ਕਤੀਆਂ ਦਾ ਮਨੁੱਖਤਾ ਵਿਰੋਧੀ ਨਪਾਕ ਗੱਠਜੋੜ ਹੈ, ਜਿਸ ਨੂੰ ਬੇਗਮਪੁਰੇ ਦੇ ਸੂਝਵਾਨ, ਸੱਚੇ-ਸੁੱਚੇ, ਨਿਡੱਰ, ਨਿਧੱੜਕ, ਜਾਤ-ਪਾਤ ਰਹਿਤ, ਸਭ ਨੂੰ ਬਰਾਬਰ ਸਮਝਣ ਤੇ ਹੱਕ ਦੇਣ ਵਾਲੇ ਕ੍ਰਾਂਤੀਕਾਰੀ ਵਾਸੀ ਹੀ ਸਮਝ ਸਕਦੇ ਹਨ। ਐਸੀ ਕ੍ਰਾਂਤੀਕਾਰੀ ਅਵੱਸਥਾ ਦਾ ਬੇਖੌਫ ਜਿਕਰ ਹੀ ਬਾਬਾ ਰਵਿਦਾਸ ਜੀ ਨੇ, ਇਸ ਸ਼ਬਦੀ ਪੈਗਾਮ ਵਿੱਚ ਕੀਤਾ ਹੈ ਪਰ ਅੱਜ ਬਾਬਾ ਜੀ ਦੇ ਬਹੁਤੇ ਅਨੁਯਾਈ ਵੀ ਇਸ ਤੋਂ ਖਿੜਕਦੇ ਜਾ ਰਹੇ ਹਨ, ਨੂੰ ਸਮਝਣ ਦੀ ਅਤਿਅੰਤ ਲੋੜ ਹੈ।

# ਹਵਾ ਦੀ ਸ਼ੁਧਤਾ ਨੂੰ ਬਚਾਉਣ ਦੀ ਲੋੜ



ਮੇਜਰ ਸਿੰਘ ਨਾਭਾ
91-94635-53962

ਚੰਗੀ ਸਿਹਤ ਲਈ ਸਵੱਛ ਵਾਤਾਵਰਣ ਦਾ ਹੋਣਾ ਜਰੂਰੀ ਹੈ। ਕਿਸੇ ਨੇ ਠੀਕ ਹੀ ਕਿਹਾ ਹੈ ਕਿ ਇਕ ਤੰਦਰੁਸਤ ਸਰੀਰ ਵਿਚ ਹੀ ਇਕ ਤੰਦਰੁਸਤ ਮਨ ਹੁੰਦਾ ਹੈ। ਇਸ ਲਈ ਮਨ ਦੀ ਅਵਸਥਾ ਸਰੀਰ ਉਪਰ ਨਿਰਭਰ ਕਰਦੀ ਹੈ। ਸਾਡੇ ਸਮਾਜ ਨੂੰ ਸਹੀ ਸੇਧ ਦੇਣ ਲਈ ਤੰਦਰੁਸਤ ਮਨਾਂ ਦੀ ਲੋੜ ਹੈ। ਸੋ ਸਰੀਰ ਦੀ ਤੰਦਰੁਸਤੀ ਦਾ ਮਹੱਤਵਪੂਰਨ ਰੋਲ ਹੈ। ਇਸ ਲਈ ਸਰੀਰ ਦੀ ਤੰਦਰੁਸਤੀ ਦਾ ਖਿਆਲ ਕੁਝ ਤਾਂ ਨਿੱਜੀ ਤੌਰ ਤੇ, ਕੁਝ ਸਮਾਜ ਅਤੇ ਕੁਝ ਸਰਕਾਰ ਦੇ ਹੱਥ ਹੈ। ਸਰੀਰ ਦੀ ਤੰਦਰੁਸਤੀ ਲਈ ਅਜੋਕੇ ਸਮੇਂ 'ਚ ਪ੍ਰਭਾਵਿਤ ਕਰਨ ਵਾਲੇ ਤੱਤਾਂ ਦੀ ਹੀ ਗੱਲ ਕਰਦੇ ਹਾਂ। ਇਹਨਾਂ ਵਿਚੋਂ ਪ੍ਰਦੂਸ਼ਿਤ ਵਾਤਾਵਰਣ ਦੀ ਗੱਲ ਕਰੀਏ ਤਾਂ ਇਸ ਵਿਚ ਹਵਾ, ਪਾਣੀ, ਮਿੱਟੀ, ਆਵਾਜ਼ ਆਦਿ ਪ੍ਰਮੁੱਖ ਤੌਰ 'ਤੇ ਸ਼ਾਮਿਲ ਹਨ। ਮਨੁੱਖ ਨੂੰ ਜੀਵਤ ਰੱਖਣ ਲਈ ਹਵਾ ਦਾ ਪ੍ਰਮੁੱਖ ਰੋਲ ਹੈ। ਮਨੁੱਖ ਹਵਾ ਵਿਚੋਂ ਆਕਸੀਜਨ ਗੈਸ ਨੂੰ ਸਾਹ ਰਾਹੀਂ ਅੰਦਰ ਲਿਜਾਂਦਾ ਹੈ ਤਾਂ ਇਹ ਫੇਫੜਿਆ 'ਚੋਂ ਹੁੰਦੀ ਹੋਈ ਸਾਡੇ ਖ਼ੂਨ ਨੂੰ ਸਾਫ ਕਰਨ 'ਚ ਮਦਦ ਕਰਦੀ ਹੋਈ ਕਾਰਬਨਡਾਈਆਕਸਾਈਡ ਦੇ ਰੂਪ ਵਿਚ ਬਾਹਰ ਨਿਕਲਦੀ ਹੈ। ਸਾਡੇ ਵਾਯੂ ਮੰਡਲ ਅੰਦਰ ਆਕਸੀਜਨ 21 ਫੀਸਦੀ, ਨਾਈਟ੍ਰੋਜਨ 78 ਫੀਸਦੀ ਅਤੇ 1 ਫੀਸਦੀ 'ਚ ਬਾਕੀ ਦੂਜੀਆਂ ਗੈਸਾਂ ਸ਼ਾਮਿਲ ਹਨ। ਸ਼ੁੱਧ ਹਵਾ ਨੂੰ ਬਹੁਤ ਸਾਰੇ ਤੱਕ ਪ੍ਰਭਾਵਿਤ ਕਰ ਰਹੇ ਹਨ। ਇਸ ਵਿਚ ਮਿੱਟੀ ਦੇ ਕਣ ਅਤੇ ਜਲਣ ਕ੍ਰਿਆ ਨਾਲ ਨਿਕਲਣ ਵਾਲੇ ਧੂੰਏਂ ਦੇ ਜ਼ਹਿਰੀਲੇ ਤੱਤ ਵੱਡੀ ਪੱਧਰ ਤੇ ਨਜ਼ਰ ਆ ਰਹੇ ਹਨ। ਪਿੰਡਾਂ ਵਿਚ ਆਮ ਤੌਰ ਤੇ ਖੇਤਾਂ ਵਿਚ ਝੋਨੇ ਅਤੇ ਕਣਕ ਦੀ ਨਾੜ ਨੂੰ ਅੱਗ ਲਗਾ ਕੇ ਵਾਤਾਵਰਣ ਨੂੰ ਵੱਡੇ ਪੱਧਰ ਤੇ ਪ੍ਰਦੂਸ਼ਿਤ ਕੀਤਾ ਜਾਂਦਾ ਹੈ। ਇਹਨਾਂ ਦਿਨਾਂ ਵਿਚ ਬਹੁਤ ਸਾਰੇ ਲੋਕ ਅੱਖਾਂ, ਨੱਕ, ਗਲੇ ਅਤੇ ਸਾਹ ਦੀਆਂ ਬਿਮਾਰੀਆਂ ਨਾਲ ਜਕੜੇ ਜਾਂਦੇ ਹਨ। ਭਾਵੇਂ ਕਿ ਪ੍ਰਸ਼ਾਸ਼ਨ ਸਮੇਂ ਸਮੇਂ ਸਿਰ ਕਿਸਾਨਾਂ ਨੂੰ ਨਾੜ ਸਾੜਨ ਤੋਂ ਚਿਤਾਵਨੀ ਦੇਂਦਾ ਰਹਿੰਦਾ ਹੈ ਪਰ ਉਲੰਘਣਾ ਕਰਨ ਵਾਲਿਆਂ ਵਿਰੁੱਧ ਨਾਂ ਤਾਂ ਪ੍ਰਦੂਸ਼ਨ ਕੰਟਰੋਲ ਬੋਰਡ ਅਤੇ ਨਾ ਹੀ ਪੁਲਿਸ ਕੋਈ ਕਾਰਵਾਈ ਕਰਦੀ ਹੈ ਜਿਸ ਨਾਲ ਇਹ ਵਰਤਾਰਾ ਲਗਾਤਾਰ ਜਾਰੀ ਹੈ। ਅਗਰ ਪ੍ਰਸ਼ਾਸ਼ਨ ਚਾਹੇ ਤਾਂ ਸਭ ਕੁਝ ਹੋ ਸਕਦਾ ਹੈ ਜਿਵੇਂ ਕਿ ਪਿਛਲੇ ਸਾਲ ਤੋਂ ਅਗਾਉਂ ਝੋਨੇ ਦੀ ਫਸਲ ਲਾਉਣ 'ਤੇ ਪਾਬੰਦੀ ਨੇ ਪੂਰੇ ਪੰਜਾਬ ਵਿਚ ਆਪਣਾ ਰੰਗ ਦਿਖਾਇਆ। ਅਸੀਂ ਹਰੇਕ ਸਾਲ ਕਣਕ ਦੀ ਵਾਢੀ ਸਮੇਂ ਵੱਡੇ ਪੱਧਰ ਤੇ ਅੱਗ ਲੱਗਣ ਦੀਆਂ ਘਟਨਾਵਾਂ ਵੇਖਦੇ ਹਾਂ। ਲੱਖਾਂ ਰੁਪਏ ਦੀਆਂ ਫਸਲਾਂ ਅਤੇ ਦਰੱਖਤਾਂ ਦੇ ਸੜਨ ਦਾ ਕਾਰਨ ਮਨੁੱਖੀ ਅਣਗਹਿਲੀ ਕਰਕੇ ਆਮ ਹੀ ਹੁੰਦਾ ਹੈ। ਇਸੇ ਤਰ੍ਹਾਂ ਆਮ ਰਸਤਿਆਂ ਅਤੇ ਮੁੱਖ ਸੜਕਾਂ ਦੇ ਕਿਨਾਰਿਆਂ ਨੇੜੇ ਖੇਤਾਂ 'ਚ ਲਾਈਆਂ ਅੱਗਾਂ ਦੇ ਸੰਘਣੇ ਧੂੰਏਂ ਕਾਰਨ ਜਿੱਥੇ ਸੜਕਾਂ ਤੋਂ ਲੰਘਣਾ ਤਾਂ ਔਖਾ ਹੁੰਦਾ ਹੀ ਹੈ ਕਈ ਦੁਰਘਟਨਾਵਾਂ ਹੋਣ ਕਾਰਨ ਜਾਨਾਂ ਦਾ ਨੁਕਸਾਨ ਵੀ ਹੁੰਦਾ ਹੈ। ਇਸ ਅਗਜ਼ਨੀ



ਵਰਤਾਰੇ ਵਿਚ ਅਨੇਕਾਂ ਜੀਵ ਜੰਤੂ, ਹਰੇ ਭਰੇ ਸੜਕਾਂ ਦੇ ਕਿਨਾਰੇ ਖੜ੍ਹੇ ਦਰੱਖਤ ਅੱਗ ਦੀ ਭੇਂਟ ਚੜ੍ਹ ਜਾਂਦੇ ਹਨ। ਕਈ ਵਾਰੀ ਮਾੜੀ ਜਿਹੜੀ ਅਣਗਹਿਲੀ ਕਾਰਨ ਵੱਡੇ ਹਾਦਸੇ ਵਾਪਰਨ 'ਚ ਦੇਰ ਨਹੀਂ ਹੁੰਦੀ। ਭੋਪਾਲ ਗੈਸ ਕਾਂਡ ਦਾ ਦੁਖਾਂਤ ਅਸੀਂ ਅਜੇ ਤੀਕ ਨਹੀਂ ਭੁੱਲ ਸਕੇ ਫਿਰ ਵੀ ਅਸੀਂ ਆਪਣੇ ਫਰਜ਼ਾਂ ਨੂੰ ਤਨਦੇਹੀ ਨਾਲ ਨਿਭਾਉਣ ਦੀ ਥਾਂ ਲਾਪਰਵਾਹੀ ਵਰਤਣ ਤੋਂ ਸੰਕੋਚ ਨਹੀਂ ਕਰਦੇ। ਇਹ ਗੱਲ ਮੈਨੂੰ ਉਸ ਸਮੇਂ ਸੱਚ ਲੱਗੀ ਜਦੋਂ ਮੈਂ ਅਤੇ ਮੇਰਾ ਸਾਥੀ ਅਧਿਆਪਕ ਸਾਡੇ ਸ਼ਹਿਰ ਦੇ ਬਾਹਰ ਲੱਗੇ ਗੈਸ ਪਲਾਂਟ ਮੂਹਰਲੀ ਸੜਕ ਤੋਂ ਰੋਜ਼ਾਨਾ ਦੀ ਤਰ੍ਹਾਂ ਲੰਘ ਰਹੇ ਸੀ। ਮੈਨੂੰ ਪਤਾ ਸੀ ਕਿ ਡਿਪਟੀ ਕਮਿਸ਼ਨਰ ਸਾਹਿਬ ਨੇ ਪਲਾਂਟ ਦੇ ਦੁਆਲੇ 500 ਗਜ਼ ਦੇ ਘੇਰੇ ਅੰਦਰ ਖੇਤਾਂ 'ਚ ਅੱਗ ਲਾਉਣ ਤੇ ਪਾਬੰਦੀ ਲਾਈ ਹੋਈ ਹੈ। ਵੈਸੇ ਤਾਂ ਪਲਾਂਟ ਦੇ ਬਾਹਰ ਵੀ ਕਈ ਥਾਂ ਬੋਰਡਾਂ ਤੇ ਕਿਸੇ ਵੀ ਕਿਸਮ ਦੀ ਅੱਗ ਬਾਲਣ ਤੇ ਮਨਾਹੀ ਬਾਰੇ ਲਿਖਿਆ ਹੋਇਆ ਹੈ।

ਅਸੀਂ ਪਲਾਂਟ ਦੀ ਚਾਰਦੀਵਾਰੀ ਦੇ ਬਿਲਕੁਲ ਨਜ਼ਦੀਕ ਕਣਕ ਦੀ ਨਾੜ ਨੂੰ ਇਕ ਵਿਅਕਤੀ ਵੱਲੋਂ ਅੱਗ ਲਾਉਂਦੇ ਦੇਖਿਆ। ਜਦੋਂ ਅਸੀਂ ਇਸ ਦੀ ਰਿਪੋਰਟ ਗੇਟ ਮੂਹਰੇ ਖੜ੍ਹੇ ਸਕਿਉਰਟੀ ਕਰਮਚਾਰੀ ਨੂੰ ਦਿੱਤੀ ਤਾਂ ਉਸ ਦਾ ਅੱਗੋਂ ਜਵਾਬ "ਚਲੋ ਛੱਡੋ, ਕਾਹਨੂੰ ਚੱਕਰਾਂ 'ਚ ਪੈਣਾ" ਸੁਣਿਆ। ਅਸੀਂ ਉਸ ਦੇ ਅਜਿਹੇ ਜਵਾਬ ਨੂੰ ਸੁਣ ਕੇ ਨੇੜੇ ਖੜ੍ਹੇ ਸਕਿਉਰਟੀ ਇੰਚਾਰਜ ਨੂੰ ਇਹ ਗੱਲ ਦੱਸੀ ਤਾਂ ਉਸ ਨੇ ਕਾਰਵਾਈ ਕਰਨ ਦਾ ਵਿਸ਼ਵਾਸ਼ ਤਾਂ ਦਿਵਾਇਆ ਸ਼ਾਇਦ ਕਾਰਵਾਈ ਨਹੀਂ ਕੀਤੀ ਹੋਵੇਗੀ। ਸਕਿਉਰਟੀ ਕਰਮਚਾਰੀਆਂ ਦੀ ਸੋਚ ਜਦੋਂ ਐਸੀ ਹੋਵੇਗੀ ਤਾਂ ਭੁਪਾਲ ਵਰਗੇ ਗੈਸ ਕਾਂਡ ਵਾਪਰਨਾ ਕੋਈ ਅਸੰਭਵ ਗੱਲ ਨਹੀਂ।

ਇਸੇ ਤਰ੍ਹਾਂ ਬਹੁਤ ਤਰ੍ਹਾਂ ਦੀਆ ਜ਼ਹਿਰੀਲੀਆਂ ਗੈਸਾਂ ਫੈਕ-ਟਰੀਆਂ ਆਦਿ 'ਚ ਉਤਪਾਦਾਂ ਨੂੰ ਬਨਾਉਣ ਸਮੇਂ ਨਿਕਲਦੀਆਂ ਹਨ। ਇਸੇ ਤਰ੍ਹਾਂ ਵਹੀਕਲਾਂ ਦੀ ਗੱਲ ਕਰੀਏ ਤਾਂ ਬਹੁਤੇ ਵਹੀਕਲ ਪ੍ਰਦੂਸ਼ਨ ਕੰਟਰੋਲ ਬੋਰਡ ਦੇ ਅਨੁਸਾਰ ਧੂੰਏਂ ਦੇ ਮਿਆਰ ਤੋਂ ਕਿਤੇ ਵੱਧ ਧੂੰਆਂ ਛੱਡਦੇ ਹੋਏ ਪ੍ਰਦੂਸ਼ਨ ਰਹਿਤ ਸਰਟੀਫਿਕੇਟ ਬਨਾਉਣ 'ਚ ਅਸਾਨੀ ਨਾਲ ਕਾਮਯਾਬ ਹੋ ਜਾਂਦੇ ਹਨ ਕਿਉਂਕਿ ਪ੍ਰਦੂਸ਼ਨ ਚੈਕ ਕਰਨ ਵਾਲੇ ਕੇਂਦਰ ਬਿਨਾਂ ਕਿਸੇ ਡਰ, ਝਿਜਕ ਦੇ ਪੈਸੇ ਖਾਤਰ ਸਰਟੀਫਿਕੇਟ ਹਰੇਕ ਨੂੰ ਜਾਰੀ ਕਰ ਦਿੰਦੇ ਹਨ। ਮੇਰਾ ਪੱਕਾ ਵਿਸ਼ਵਾਸ਼ ਹੈ ਕਿ ਕਿਸੇ ਵੀ ਪ੍ਰਦੂਸ਼ਨ ਕੰਟਰੋਲ ਕੇਂਦਰ ਵੱਲੋਂ ਕਦੇ ਕਿਸੇ ਵਹੀਕਲ ਨੂੰ ਧੂੰਆਂ ਜ਼ਿਆਦਾ ਮਾਰਨ ਤੇ ਪ੍ਰਦੂਸ਼ਨ ਸਰਟੀਫਿਕੇਟ ਜਾਰੀ ਕਰਨ ਤੋਂ ਨਾਂਹ ਨਹੀਂ ਕੀਤੀ ਹੋਣੀ। ਟ੍ਰੈਫਿਕ ਨਿਯਮਾਂ ਦੀ ਉਲੰਘਣਾਂ ਕਰਕੇ ਜਦੋਂ ਕਿਸੇ ਵੀ ਵਹੀਕਲ ਉੱਪਰ ਵਾਧੂ ਭਾਰ ਲੱਦਿਆ ਜਾਂਦਾ ਹੈ ਤਾਂ ਸੁਭਾਵਿਕ ਹੀ ਇੰਜਣ ਦਾ ਵੱਧ ਜ਼ੋਰ ਲੱਗਣ ਕਾਰਨ ਵਹੀਕਲ ਧੂੰਆਂ ਮਾਰੇਗਾ। ਇਸ ਤਰ੍ਹਾਂ ਇਹੋ ਜਿਹੇ ਕਿਸਮ ਦੇ ਵਾਹਨ ਵਾਤਾਵਰਨ ਨੂੰ ਪਲੀਤ ਕਰਨ ਵਿਚ ਸਹਾਈ ਹੁੰਦੇ ਹਨ।

ਲੁਧਿਆਣੇ ਵਰਗੇ ਸ਼ਹਿਰਾਂ ਅੰਦਰ ਥਾਂ ਥਾਂ ਉੱਚੇ ਪੁਲਾਂ ਤੋਂ ਲੰਘਦੇ ਵਾਹਨ ਏਨਾ ਧੂੰਆਂ ਮਾਰ ਰਹੇ ਹਨ ਕਿ ਆਲੇ ਦੁਆਲੇ ਦੇ ਲੋਕਾਂ ਦੀ ਸਿਹਤ ਦੀ ਕਿਸੇ ਨੂੰ ਵੀ ਪ੍ਰਵਾਹ ਨਹੀਂ। ਸਾਡਾ ਸਿਹਤ ਮਹਿਕਮਾ ਵੀ ਇਸ ਵਿਸ਼ੇ ਬਾਰੇ ਚੁੱਪ ਹੀ ਬੈਠਾ ਹੈ। ਸਿਹਤ ਦੇ ਦੁਸ਼ਮਣ ਅੰਸ਼ਾਂ ਲਈ ਸਖਤ ਕਾਨੂੰਨ ਬਨਾਉਣ ਅਤੇ ਸਖਤੀ ਨਾਲ ਹੀ ਲਾਗੂ ਕਰਨ ਦੀ ਲੋੜ ਹੈ। ਪ੍ਰਦੂਸ਼ਨ ਕੰਟਰੋਲ ਬੋਰਡ ਨੂੰ ਵੀ ਕਾਗਜ਼ੀ ਕਾਰਵਾਈਆਂ ਤੋਂ ਉਪਰ ਉੱਠ ਕੇ ਸਵੱਛ ਵਾਤਾਵਰਨ ਨੂੰ ਕਾਇਮ ਰੱਖਣ ਲਈ ਆਪਣੀ ਵਚਨਵੱਧਤਾ ਨੂੰ ਅਸਲੀ ਰੂਪ 'ਚ ਲਾਗੂ ਕਰਕੇ ਦਿਖਾਉਣਾ ਚਾਹੀਦਾ ਹੈ ਜਿਵੇਂ ਕਿ ਬਾਹਰਲੇ ਦੇਸ਼ਾਂ ਅੰਦਰ ਇਸ ਮਸਲੇ ਨੂੰ ਪਹਿਲ ਦੇ ਆਧਾਰ ਤੇ ਲਿਆ ਜਾ ਰਿਹਾ ਹੈ।

# ਲੋਕ ਮਾਨਸ ਦੇ ਮਨੋਭਾਵਾਂ ਦਾ ਪ੍ਰਗਟਾਵਾ-ਲੋਕ ਗੀਤ



ਸਤਨਾਮ ਸਿੰਘ ਕੈਂਥ (ਲੈਕਚਰਾਰ)
91-99880-47124

ਲੋਕ-ਗੀਤ, ਲੋਕ ਮਾਨਸ ਦੇ ਮਨੋਭਾਵਾਂ ਦਾ ਅਜਿਹਾ ਪ੍ਰਗਟਾਵਾ ਹਨ ਜੋ ਸੁੱਤੇ-ਸਿੱਧ ਲੋਕ ਹਿਰਦਿਆਂ ਵਿੱਚੋਂ ਝਰਨਿਆਂ ਦੀ ਤਰਾਂ ਵਗਦੇ ਹੋਏ ਪੀੜੀ-ਦਰ-ਪੀੜੀ ਅੱਗੇ ਪਹੁੰਚਦੇ ਹਨ। ਇਹ ਕਿਸੇ ਕੌਮ ਦਾ ਅਣਵੰਡਿਆ ਕੀਮਤੀ ਸਰਮਾਇਆ ਹੁੰਦੇ ਹਨ।ਅਸਲ ਵਿੱਚ ਲੋਕ-ਗੀਤ ਲੋਕ-ਸੱਭਿਆਚਾਰ ਦਾ ਹੀ ਪ੍ਰਕਾਸ਼ ਹਨ। ਕਿਸੇ ਸੱਭਿਆਚਾਰ ਦੀ ਜਿਤਨੀ ਬਹੁਰੰਗੀ ਤੇ ਵੰਨ-ਸੁਵੰਨੀ ਝਾਂਕੀ ਲੋਕ-ਗੀਤਾਂ ਵਿੱਚ ਵੇਖਣ ਨੂੰ ਮਿਲਦੀ ਹੈ, ਉਹ ਸਾਹਿਤ ਦੇ ਕਿਸੇ ਵੀ ਹੋਰ ਸਾਹਿਤ-ਰੂਪ ਵਿੱਚ ਆਪਣਾ ਪ੍ਰਗਟਾਉ ਨਹੀਂ ਲੱਭ ਸਕਦੀ।ਇਨਸਾਨ ਦੇ ਜੰਮਣ ਤੋਂ ਲੈ ਕੇ ਮਰਨ ਤੱਕ ਸ਼ਾਇਦ ਹੀ ਸਾਡੀ ਰਹਿਣੀ-ਬਹਿਣੀ ਦਾ ਕੋਈ ਅਜਿਹਾ ਮੌਕਾ ਹੋਵੇ ਜਿਸ ਸੰਬੰਧੀ ਲੋਕ-ਗੀਤ ਆਪਣਾ ਸਾਥ ਨਾ ਪਾਲਦੇ ਹੋਣ। ਖੁਸ਼ੀ-ਗ਼ਮੀ, ਜੰਮਣ-ਮਰਨ, ਮੇਲ-ਵਿਛੋੜੇ, ਰੁੱਤਾਂ-ਥਿੱਤਾਂ, ਦਿਨਾ-ਤਿਉਹਾਰਾਂ, ਰੀਤੀ-ਰਿਵਾਜਾਂ ਤੇ ਹੋਰ ਸਮਜਿਕ ਕਾਰਾਂ-ਵਿਹਾਰਾਂ ਵਿੱਚ ਲੋਕ ਗੀਤ ਮਨੁੱਖ ਦੇ ਅੰਗ-ਸੰਗ ਰਹਿੰਦੇ ਹਨ। ਇਸ ਕਰਕੇ ਹੀ ਇਹਨਾਂ ਨੂੰ ਲੋਕ -ਸੱਭਿਆਚਾਰ ਦਾ ਜਖ਼ੀਰਾ ਮੰਨਿਆ ਜਾਂਦਾ ਹੈ।

ਮੁੱਢਲੇ ਸਮੇਂ ਵਿੱਚ ਲੋਕ ਗੀਤਾਂ ਦੀ ਸਿਰਜਣਾ ਨਾਚ ਅਤੇ ਸੰਗੀਤ ਵਰਗੀਆਂ ਕਲਾਵਾਂ ਨਾਲ ਸਾਂਝੇ ਰੂਪ ਵਿੱਚ ਹੋਈ। ਮਨੁੱਖ ਆਪਣੇ ਜਜ਼ਬਿਆਂ, ਹਾਸਿਆਂ-ਰੋਸਿਆਂ, ਤੰਗੀਆਂ-ਤੁਰਸ਼ੀਆਂ,ਰੀਝਾਂ ਆਦਿ ਨੂੰ ਪ੍ਰਗਟਾਉਣ ਲਈ ਲੋਕ ਗੀਤਾਂ ਨੂੰ ਹੀ ਮਾਧਿਅਮ ਬਣਾਉਦਾ ਰਿਹਾ ਹੈ।ਬੇਸ਼ਕ ਲੋਕ ਗੀਤ ਕਿਸੇ ਵਿਅਕਤੀ ਵਿਸ਼ੇਸ਼ ਦੀ ਰਚਨਾ ਮੰਨੇ ਜਾਂਦੇ ਰਹੇ ਹਨ ਪਰੰਤੂ ਲੋਕ ਮਨਾਂ ਦੀ ਤਰਜ਼ਮਾਨੀ ਕਰਨ ਕਰਕੇ ਇਸਦੇ ਕਰਤਾ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ।ਇਸ ਲਈ ਲੋਕ ਗੀਤਾਂ ਦੀ ਸਿਰਜਣਾ ਪਿੱਛੇ ਸਮੁੱਚੀ ਜਾਤੀ ਦਾ ਲੋਕ ਅਨੁਭਵ ਤੇ ਵਤੀਰਾ ਕਾਰਜਸ਼ੀਲ ਹੁੰਦਾ ਹੈ ਜਿਸ ਕਰਕੇ ਇਹ ਸਮੁੱਚੀ ਜਾਤੀ ਦੀ ਸਿਰਜਣਾ ਅਖਵਾਉਂਦੇ ਹਨ।

ਪੰਜਾਬ ਦੀਆਂ ਸੁਆਣੀਆਂ ਤੇ ਮਰਦਾ ਵਲੋਂ ਰਚੇ ਗਏ ਲੋਕ-ਗੀਤਾਂ ਦੀ ਵਿਸ਼ੇ ਪੱਖੋ ਵਰਗ ਵੰਡ ਇਸ ਤਰ੍ਹਾ ਕੀਤੀ ਜਾ ਸਕਦੀ ਹੈ - ਸੂਰਮਗਤੀ ਦੇ ਗੀਤ, ਪ੍ਰੀਤ ਕਥਾਵਾਂ, ਰਾਜਨੀਤਿਕ, ਸਮਾਜਿਕ ਤੇ ਆਰਥਿਕ ਪੱਖ, ਸੰਸਕਾਰ, ਪੂਜਾ-ਪਾਠ, ਦਿਨ-ਦਿਹਾਰ,ਰੁੱਤਾਂ-ਥਿੱਤਾਂ, ਪਿਆਰ-ਗੀਤ, ਵਿਛੋੜਾ, ਜਨਮ, ਵਿਆਹ, ਮਰਨ, ਪੇਕਾ ਘਰ, ਸਹੁਰਾ ਘਰ, ਹਾਰ-ਸ਼ਿੰਗਾਰ, ਰੁੱਖ, ਪੰਛੀ, ਫ਼ਸਲਾਂ, ਪਸੂ ਆਦਿ ਸੰਬੰਧੀ ਲੋਕ-ਗੀਤ। ਇਸੇ ਤਰਾਂ ਹੀ ਰੂਪਕ ਵੰਨਗੀਆਂ ਦੇ ਲਿਹਾਜ਼ ਨਾਲ ਲੋਕ-ਗੀਤਾਂ ਦੇ ਵੱਖ-ਵੱਖ ਰੂਪ ਮਿਲਦੇ ਹਨ - ਲੰਮੇ ਗੌਣ, ਸੁਹਾਗ, ਘੋੜੀਆਂ, ਸਿੱਠਣੀਆਂ, ਟੱਪਾ, ਬੋਲੀ, ਮਾਹੀਆ, ਢੋਲਾ, ਅਲਾਹੁਣੀ, ਵੈਣ(ਕੀਰਨਾ), ਛੰਦ ਪਰਾਗਾ, ਪੱਤਲ, ਥਾਲ, ਕਿੱਕਲੀ, ਹੇਅਰਾ, ਲੋਰੀਆਂ, ਮੰਗਲ -ਗੀਤ ਆਦਿ। ਅਸਲ ਵਿੱਚ ਪੰਜਾਬੀ ਲੋਕ-ਗੀਤਾਂ ਦਾ ਘੇਰਾ ਬਹੁਤ ਵਿਸ਼ਾਲ ਹੈ।

ਇਸ ਵਿੱਚ ਪੰਜਾਬ ਦੇ ਲੋਕ ਨਾਇਕਾਂ, ਪ੍ਰੀਤ-ਨਾਇਕਾਂ, ਦੇਵੀ-ਦੇਵਤਿਆਂ, ਸੰਸਕਾਰਾਂ (ਪੁੱਤਰ ਜਨਮ, ਤੇਰਵਾਂ, ਤੜਾਗੀ, ਧਮਾਣ, ਨਾਮਕਰਨ, ਜਨੇਊ, ਮੁੰਡਣ, ਕੁੜਮਾਈ, ਵਿਆਹ, ਵੱਟਣਾ ਖਾਰਾ, ਸਾਹੇ ਬੰਨ੍ਹਣਾ, ਸਿਠਣੀਆਂ, ਸੁਹਾਗ, ਲਾਵਾਂ, ਬੇਦੀ, ਡੋਲੀ, ਖੱਟ, ਪਾਣੀ ਵਾਰਨਾ, ਮੁਕਲਾਵਾ, ਵੈਣ, ਕੀਰਣੇ, ਵਰ੍ਹੇ-ਗੰਢ, ਵਰੀਣਾ) ਰੁੱਤਾਂ (ਬਸੰਤ, ਸਾਵੇ, ਤੀਆਂ, ਝੂਲੇ, ਪੀਘਾਂ, ਰੱਖੜੀ, ਸੰਗਰਾਂਦ, ਹੋਲੀ, ਵਿਸਾਖੀ ) ਰਾਮ ਨੌਮੀ, ਦੇਵੀਆਂ ਦੀਆਂ ਭੇਟਾਂ, ਭਜਨ, ਆਰਤੀਆਂ, ਜਾਗੋ, ਆਹਰ ਦੇ ਗੀਤ (ਕਣਕ ਕੱਟਣ, ਕੋਹਲੂ ਚੱਲਣ, ਚੱਕੀ ਪੀਸਣ, ਚਰਖਾ ਕੱਤਣ, ਪਾਣੀ ਭਰਨ ਆਦਿ)।

ਪਿਆਰ ਗੀਤਾਂ ਵਿੱਚ ਮਾਹੀਆ, ਟੱਪੇ, ਬੋਲੀਆਂ, ਜਿਦੂੰਆ ਤੋਂ ਇਲਾਵਾ ਚਿੱਠੀ, ਢੋਲਾ, ਦੋਹੜੇ, ਕਾਫ਼ੀਆਂ, ਸੱਦਾ, ਝੋਕਾਂ, ਬਿਰਹੜੇ ਆਦਿ ਸ਼ਾਮਲ ਹਨ। ਲੋਕ-ਗੀਤਾਂ ਦੇ ਇਹਨਾਂ ਰੂਪਾ ਤੋਂ ਇਲਾਵਾਂ ਡਾ: ਕਰਨੈਲ ਸਿੰਘ ਥਿੰਦ ਨੇ ਪੇਸ਼ਾਵਾਰ ਜਾਤੀਆਂ ਦੇ ਲੋਕ-ਗੀਤਾਂ ਵਿੱਚ ਤੇਲੀ, ਆਜੜੀ, ਧੋਬੀ, ਸਪੇਰੇ, ਨਾਥ, ਮਿਰਾਸੀ, ਭੰਡ, ਗੁੱਜਰ, ਘੁਮਿਆਰ ਆਦਿ ਦੇ ਲੋਕ-ਗੀਤਾਂ ਨੂੰ ਵੀ ਪੰਜਾਬੀ ਕਿਰਸਾਣੀ ਜੀਵਨ ਦੇ ਲੋਕ-ਗੀਤਾਂ ਵਿਚ ਸ਼ਾਮਲ ਕੀਤਾ ਹੈ।



ਪੰਜਾਬੀ ਲੋਕ-ਗੀਤਾਂ ਵਿੱਚ ਪੰਜਾਬੀਆਂ ਦੀ ਸੂਰਮਗਤੀ ਨੂੰ ਭਾਵੇਂ ਸਿੱਧਾ ਕਾਵਿ ਪ੍ਰਗਟਾਵਾ ਤਾਂ ਨਹੀਂ ਮਿਲਿਆ ਪਰ ਪੰਜਾਬੀਆਂ ਦੇ ਲੋਕ-ਮਨਾਂ ਵਿੱਚ ਵਸਦੇ ਲੋਕ-ਨਾਇਕਾਂ ਦੇ ਕਾਰਨਾਮਿਆਂ ਅਤੇ ਲੋਕ-ਪ੍ਰਵਾਨਗੀ ਦੇ ਅਨੇਕਾਂ ਵੇਰਵਿਆਂ ਨੂੰ ਲੋਕ-ਗੀਤਕਾਰਾਂ ਨੇ ਸੁੱਤੇ-ਸਿਧ ਪਰਵਾਨ ਕਰ ਲਿਆ ਹੈ। ਲੋਕ-ਗੀਤਾਂ ਵਿੱਚ ਸਾਡੇ ਲੋਕ ਨਾਇਕਾਂ ਰਾਜਾ ਰਸਾਲੂ, ਦੁੱਲਾ ਭੱਟੀ, ਜੱਗਾ ਜੱਟ, ਸੁੱਚਾ ਸੂਰਮਾ, ਜਿਉਣਾ ਮੌੜ, ਭਗਤ ਸਿੰਘ ਆਦਿ ਦੀਆਂ ਜੀਵਨ-ਗਥਾਵਾਂ ਦੇ ਉਹਨਾਂ ਪੱਖਾਂ ਨੂੰ ਅਚੇਤ ਰੂਪ ਵਿੱਚ ਹੀ ਜ਼ਬਾਨ ਮਿਲ ਗਈ ਹੈ ਜਿਨ੍ਹਾਂ ਨੂੰ ਲੋਕ-ਮਨ ਨੇ ਆਪਣੇ ਹਿਰਦੇ ਨਾਲ ਲਾਇਆ ਹੈ।

ਮਿਸਾਲ ਵਜੋਂ ਸਾਂਦਲ ਬਾਰ ਦੇ ਦੁੱਲੇ ਭੱਟੀ ਦੀ ਲੋਕ-ਪ੍ਰਸਿਧੀ ਬਾਰੇ ਨਿਮਨ-ਲਿਖਤ ਲੋਕ-ਗੀਤ ਤਾਂ ਸਮੁੱਚੇ ਪੰਜਾਬ ਵਿੱਚ ਅਮਰ ਹੋ ਗਿਆ ਹੈ:

ਸੁੰਦਰ ਮੁੰਦਰੀਏ ਹੋ
ਤੇਰਾ ਕੌਣ ਵਿਚਾਰਾ ਹੋ
ਦੁੱਲਾ ਭੱਟੀ ਵਾਲਾ ਹੋ
ਦੁੱਲੇ ਦੀ ਧੀ ਵਿਆਹੀ ਹੋ
ਸੇਰ ਸ਼ੱਕਰ ਆਈ ਹੋ
ਕੁੜੀ ਦੇ ਬੋਝੇ ਪਾਈ ਹੋ

ਪੰਜਾਬੀ ਲੋਕ-ਗੀਤਾਂ ਦਾ ਇੱਕ ਵਡੇਰਾ ਭਾਗ ਜਨਮ ਤੋਂ ਲੈ ਕੇ ਮੌਤ ਤੱਕ ਦੀਆ ਅਨੇਕਾ ਘਟਨਾਵਾਂ ਨੂੰ ਉਹਨਾ ਦੇ ਸਮਾਜਿਕ ਪ੍ਰਸੰਗ ਵਿੱਚ ਪੇਸ਼ ਕਰਨ ਦੇ ਨਾਲ-ਨਾਲ ਪੰਜਾਬੀ ਭਾਈਚਾਰੇ ਦੇ ਸਚਿਆਰੇ ਜੀਵਨ ਤੇ ਸਾਕਾਦਾਰੀਆਂ ਦੇ ਮਿਲ ਵਰਤਣ ਦੀ ਬਹੁਰੰਗੀ ਝਲਕ ਪੇਸ਼ ਕਰਦਾ ਹੈ। ਇਹਨਾਂ ਵਿੱਚ ਜਿੱਥੇ ਸਮੂਹਿਕ ਭਾਈਚਾਰਕ ਜੀਵਨ ਦੀ ਝਾਕੀ ਪ੍ਰਸਤੁਤ ਹੁੰਦੀ ਹੈ ਉੱਥੇ ਪੰਜਾਬੀ ਰਹਿਤ-ਬਹਿਤ ਦੇ ਅਨੇਕਾ ਪੱਖਾ ਨੂੰ ਜ਼ੁਬਾਨ ਮਿਲਦੀ ਹੈ ਜਿਵੇਂ:

ਵੇ ਪਿੱਪਲਾ ਤੂ ਆਪ ਵੱਡਾ
ਪਰਿਵਾਰ ਵੱਡਾ
ਪੱਤਿਆ ਨੇ ਛਹਿਬਰ ਲਾਈ,
ਵੇ ਡਾਣਿਆ ਤੋਂ ਬਾਝ ਤੈਨੂੰ
ਸਰਦਾ ਨਾਹੀ।
ਪੱਤਿਆ ਨੇ ਛਹਿਬਰ ਲਾਈ

ਕਿਰਸਾਣੀ ਸਮਾਜ ਵਿੱਚ ਵੀ ਵਰ-ਘਰ ਦੀ ਚੋਣ ਸਮੇਂ ਵੀ ਇਸ ਗੱਲ ਨੂੰ ਪਹਿਲ ਦਿੱਤੀ ਜਾਂਦੀ ਹੈ ਕਿ ਪਰਿਵਾਰ ਜਾ ਖਾਨਦਾਨ ਕਿਤਨਾ ਕੁ ਵੱਡਾ ਹੈ। ਪੰਜਾਬ ਦੇ ਸੁਹਾਗ ਗੀਤਾਂ ਵਿੱਚ ਅਨੇਕਾਂ ਥਾਈਂ ਅਜਿਹੇ ਪਰਿਵਾਰ ਦੀ ਕਲਪਨਾ ਕੀਤੀ ਗਈ ਹੈ :

ਦੇਈਂ ਵੇ ਬਾਬਲਾ ਉਸ ਘਰੇ ਜਿੱਥੇ ਸੱਸ ਭਲੀ, ਸਹੁਰਾ ਪ੍ਰਧਾਨ ਹੋਵੇ।
ਡਾਹ ਬਹਿੰਦੀ ਪੀੜ੍ਹਾ ਸਾਹਮਣੇ ਮੱਥੇ ਕਦੀ ਨਾ ਵੱਟ ਹੋਵੇ।
ਬਾਬਲ ਤੇਰਾ ਪੁੰਨ ਹੋਵੇ, ਤੇਰਾ ਹੋਵੇ ਵੱਡੜਾ ਜੱਸ ਬਾਬਲ ਤੇਰਾ ਪੁੰਨ ਹੋਵੇ।

ਪੰਜਾਬੀ ਲੋਕ-ਗੀਤਾਂ ਨੇ ਇੱਥੋਂ ਦੇ ਧਰਮ ਅਤੇ ਸਦਾਚਾਰ ਨਾਲ ਵੀ ਆਪਣੀ ਅਟੁੱਟ ਸਾਂਝ ਦਾ ਸਬੂਤ ਦਿੱਤਾ ਹੈ। ਵਿਸ਼ੇਸ਼ ਤੇ ਵਿਲੱਖਣ ਖ਼ੂਬੀ ਇਹ ਹੈ ਕਿ ਨਾ ਤਾਂ ਇਸ ਜ਼ਰਖੇਜ਼ ਧਰਤੀ ਵਿੱਚੋਂ ਉਪਜਿਆ ਧਰਮ ਹੀ ਗੁੰਝਲਦਾਰ ਹੈ ਅਤੇ ਨਾ ਹੀ ਇੱਥੋਂ ਦੀਆਂ ਲੋਕ-ਗੀਤ ਸਿਰਜਣਾ ਗੁੰਝਲਦਾਰ ਹਨ। ਪੰਜਾਬ ਦੇ ਲੋਕ-ਗੀਤ ਰਚਣਹਾਰਿਆਂ ਨੇ ਜੇਕਰ ਇੱਕ ਪਾਸੇ ਬਹਾਦਰ ਲੋਕ-ਨਾਇਕਾਂ, ਪ੍ਰੀਤ-ਪਾਤਰਾਂ, ਭਗਤੀਵਾਨਾ ਅਤੇ ਸ਼ਕਤੀਵਾਨਾਂ ਨੂੰ ਨਵੇਂ ਨਕਸ਼ ਪਰਦਾਨ ਕੀਤੇ ਹਨ ਤਾਂ ਦੂਸਰੇ ਪਾਸੇ ਇੱਥੋਂ ਉਪਜੇ ਧਰਮ ਅਤੇ ਸਦਾਚਾਰ ਨੂੰ ਵੀ ਬੜਾ ਸਹਿਵਨ ਹੀ ਆਪਣਾ ਅੰਗ ਬਣਾ ਲਿਆ ਹੈ ਜਿਵੇਂ:

ਧਰਤੀ ਜੇਡ ਗਰੀਬ ਨਾ ਕੋਈ,
ਇੰਦਰ ਜੇਡ ਨਾ ਦਾਤਾ।
ਬ੍ਰਹਮਾ ਜੇਡ ਪੰਡਤ ਨਾ ਕੋਈ
ਸੀਤਾ ਜੇਡ ਨਾ ਮਾਤਾ।

ਪੰਜਾਬੀ ਲੋਕ ਗੀਤਾਂ ਦਾ ਖ਼ਜ਼ਾਨਾ ਇੰਨਾ ਭਰਪੂਰ ਹੈ ਕਿ ਇਹ ਆਪਣੇ ਅੰਦਰ ਹਰ ਰਿਸ਼ਤੇ ਦੇ ਆਪਸੀ ਪਿਆਰ, ਮਨ ਮੁਟਾਵ, ਪਿਆਰ ਭਰੀ ਨੋਕ-ਝੋਕ ਆਦਿ ਨੂੰ ਸਮੋਈ ਬੈਠੇ ਹਨ। ਫਿਰ ਚਾਹੇ ਉਹ ਮਾਂ-ਧੀ ਦੇ ਪਵਿੱਤਰ ਰਿਸ਼ਤੇ ਵਿਚਲਾ ਪਿਆਰ ਹੋਵੇ ਜਾਂ ਫਿਰ ਦਿਉਰ-ਭਰਜਾਈ, ਨਨਾਣ-ਭਰਜਾਈ ਦੇ ਰਿਸ਼ਤੇ ਵਿਚਲੀ ਆਪਸੀ ਨੋਕ-ਝੋਕ।ਮਾਂ-ਧੀ ਦਾ ਰਿਸ਼ਤਾ ਜੋ ਸਭ ਤੋਂ ਵੱਧ ਮੋਹ ਵਾਲਾ ਰਿਸ਼ਤਾ ਹੈ, ਉਸ ਦਾ ਵਰਣਨ ਲੋਕ ਗੀਤਾਂ ਵਿੱਚ ਆਮ ਦੇਖਣ ਨੂੰ ਮਿਲਦਾ ਹੈ।

ਮਾਵਾਂ ਤੇ ਧੀਆਂ ਦੀ ਦੋਸਤੀ ਨੀਂ ਮਾਏ
ਕੋਈ ਟੁੱਟਦੀ, ਏ ਕਹਿਰਾਂ ਦੇ ਨਾਲ
ਕਣਕਾਂ ਨਿੱਸਰੀਆਂ,
ਧੀਆਂ ਕਿਉਂ ਵਿਸਰੀਆਂ ਨੀਂ ਮਾਏੜ

ਸਾਡੇ ਪੰਜਾਬੀ ਲੋਕ ਗੀਤਾਂ ਵਿੱਚ ਦਿਉਰ-ਭਰਜਾਈ ਦੇ ਰਿਸ਼ਤੇ ਦਾ ਵਰਨਣ ਆਮ ਆਉਂਦਾ ਹੈ। ਪੰਜਾਬੀ ਸੱਭਿਆਚਾਰ ਵਿੱਚ ਵੱਡੀ ਭਰਜਾਈ ਨੂੰ ਮਾਂ ਦਾ ਦਰਜਾ ਦਿੱਤਾ ਜਾਂਦਾ ਹੈ ਅਤੇ ਭਰਜਾਈ ਵੀ ਛੋਟੇ ਦਿਉਰ ਨੂੰ ਪੁੱਤਾਂ ਵਾਂਗ ਪਿਆਰ ਕਰਦੀ ਹੈ। ਦਿਉਰ ਦੇ ਵਿਆਹ ਤੋਂ ਬਾਅਦ ਇਸ ਦਿਉਰ-ਭਰਜਾਈ ਦੇ ਰਿਸ਼ਤੇ ਵਿੱਚ ਕਈ ਵਾਰ ਨੋਕ-ਝੋਕ ਵੀ ਵੇਖਣ ਨੂੰ ਮਿਲਦੀ ਹੈ ਜਿਸ ਦਾ ਵਰਨਣ ਸਾਡੇ ਲੋਕ ਗੀਤ ਕਰਦੇ ਹਨ:

ਲਿਆ ਦਿਉਰਾ ਤੈਨੂੰ ਅੱਡ ਕਰ ਦੇਵਾ
ਦੇ ਕੇ ਸੇਰ ਕੁ ਆਟਾ
ਵੇ ਨਿੱਤ ਕੌਣ ਲੜੇ
ਕੌਣ ਪਟਾਵੇ ਝਾਟਾ
ਵੇ ਨਿੱਤ ਕੌਣ ਲੜੇ।

ਇਸ ਪ੍ਰਕਾਰ ਲੋਕ ਗੀਤ ਆਪਣੇ ਅੰਦਰ ਜ਼ਿੰਦਗੀ ਦੇ ਹਰ ਰੰਗ ਨੂੰ ਸਮੋਈ ਬੈਠੇ ਹਨ।ਪਰ ਦੁੱਖ ਇਸ ਗੱਲ ਦਾ ਹੈ ਕਿ ਅਸੀਂ ਵਰਤਮਾਨ ਪਦਾਰਥਵਾਦੀ ਯੁੱਗ ਵਿੱਚ ਆਪਣੇ ਇਸ ਮਹਾਨ ਵਿਰਸੇ ਤੋਂ ਬੇਮੁਖ ਹੁੰਦੇ ਜਾ ਰਹੇ ਹਾਂ।

ਵਰਤਮਾਨ ਸਮੇਂ ਦੇ ਗਾਇਕਾਂ ਨੇ ਇਸ ਮਹਾਨ ਖ਼ਜ਼ਾਨੇ ਨੂੰ ਮਿੱਟੀ ਵਿੱਚ ਮਿਲਾ ਕੇ ਰੱਖ ਦਿੱਤਾ ਹੈ। ਅੱਜ ਲੋੜ ਹੈ ਇਸ ਲੋਪ ਹੋ ਰਹੇ ਵਿਰਸੇ ਨੂੰ ਸੰਭਾਲਣ ਦੀ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਮਹਾਨ ਸੱਭਿਆਚਾਰ ਨਾਲ ਜੋੜਨ ਦੀ।

# ਯੁੱਗ ਪੁਰਸ਼ ਕਾਂਸ਼ੀ ਰਾਮ ਅਤੇ ਉਹਨਾਂ ਦਾ ਕ੍ਰਿਸ਼ਮਾ



- ਫਤਿਹਜੰਗ ਸਿੰਘ
9872670278

ਹਜ਼ਾਰੋਂ ਸਾਲ ਨਰਗਿਸ ਆਪਣੀ ਬੇਨੂਰੀ ਪੇ ਰੋਤੀ ਹੈ,
ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।

ਲੋਕੀ ਆਉਂਦੇ ਹਨ ਤੁਰ ਜਾਂਦੇ ਹਨ। ਮਹਾਤਮਾ, ਸੰਤ ਗੁਰੂ ਵੀ ਆਉਂਦੇ ਤੇ ਚਲੇ ਜਾਂਦੇ ਹਨ। ਪਰ ਜਾਣ ਤੋਂ ਬਾਅਦ ਲੋਕਾਂ ਦੇ ਦਿਲਾਂ ਤੇ ਉਹੀ ਰਾਜ ਕਰਦੇ ਹਨ, ਜਿਨ੍ਹਾਂ ਨੇ ਆਪਣਾ ਜੀਵਨ ਆਪਣੇ ਲਈ ਨਹੀਂ ਦੂਜਿਆਂ ਲਈ ਜੀਵਿਆ ਹੋਵੇ। ਇਤਿਹਾਸ ਇਹਨਾਂ ਹੀ ਮਰਜੀਵੜਿਆਂ ਦਾ ਹੁੰਦਾ ਹੈ। ਇਹੀ ਯੁੱਗ ਪੁਰਸ਼ ਹੁੰਦੇ ਹਨ। ਇਹੀ ਲੋਕ ਹਨ ਜੋ ਕਦੇ ਕਦੇ ਪੈਦਾ ਹੁੰਦੇ ਹਨ। ਇਹੀ ਲੋਕ ਹਨ ਜਿਨ੍ਹਾਂ ਦੀ ਗੱਲ ਪ੍ਰਸਿੱਧ ਸ਼ਾਇਰ ਡਾ. ਸਰ ਮੁਹੰਮਦ ਇਕਬਾਲ ਨੇ ਉਪਰੋਕਤ ਸ਼ੇਅਰ ਵਿਚ ਕਹੀ ਹੈ।

ਬਾਬਾ ਸਾਹਿਬ ਦੇ ਜਾਣ ਤੋਂ ਬਾਅਦ ਦਲਿਤ ਸਮਾਜ ਵਿਚ ਪਿਆ ਖੱਪਾ ਇਕ ਦਹਾਕੇ ਬਾਅਦ ਹੀ ਕਾਂਸ਼ੀ ਰਾਮ ਨੇ ਭਰਨ ਦਾ ਬੀੜਾ ਚੁੱਕ ਲਿਆ। ਉਸ ਵੇਲੇ ਕਿਸੇ ਨੂੰ ਚਿੱਤ ਚੇਤੇ ਵੀ ਨਹੀਂ ਸੀ ਕਿ ਇੱਡਾ ਵੱਡਾ ਸੁਪਨਾ ਲੈਣ ਵਾਲਾ ਇਹ ਇਕ ਮਾਮੂਲੀ ਇਨਸਾਨ ਇੰਨਾ ਕੁਝ ਕਰ ਸਕਣ ਦੀ ਸਮਰੱਥਾ ਰੱਖਦਾ ਹੈ। ਪਰ ਸਮੇਂ ਨੇ ਵੇਖਿਆ ਕਿ ਇਹੀ ਇਨਸਾਨ ਆਪਣੀ ਵਧੀਆ ਨੌਕਰੀ ਦਾ ਤਿਆਗ ਕਰਕੇ, ਦਰਵੇਸ਼ਾਂ ਵਾਲੇ ਭੇਸ ਵਿਚ ਸੜਕਾਂ, ਗਲੀਆਂ ਤੇ ਮੁਹੱਲਿਆਂ ਵਿਚ ਘੁੰਮ ਕੇ ਲੋਕਾਂ ਨੂੰ ਸਮਝਾਉਂਦਿਆਂ-ਬੁਝਾਉਂਦਿਆਂ, ਤਿਆਰ ਕਰਦਿਆਂ ਸੱਚੀ ਇਕ ਦਿਨ ਇਕ ਯੁੱਗ ਪਲਟਾਊ ਸ਼ਖਸੀਅਤ ਹੋ ਨਿੱਬੜਿਆ। ਜਿਸ ਤੋਂ ਸਦੀਆਂ ਤੋਂ ਸਥਾਪਤ ਕਹਿੰਦੇ ਕਹਾਉਂਦੇ ਖਾਨਦਾਨੀ ਸਿਆਸਤਦਾਨ, ਪੂੰਜੀਪਤੀ ਤੇ ਆਗੂ ਭੈਅ ਖਾਣ ਲੱਗੇ। ਸਾਰਿਆਂ ਨੂੰ ਇਸ ਗੱਲ ਦੀ ਬੜੀ ਹੈਰਾਨੀ ਹੋਈ ਕਿ ਇਹ ਕੌਣ ਹੈ ਜੋ ਸਦੀਆਂ ਤੋਂ ਲਤਾੜੇ, ਨਪੀੜੇ, ਲੁੱਟੇ-ਖਸੁੱਟੇ, ਬਚੇ-ਖੁਚੇ, ਰੇਂਗਦੇ ਕੀੜੇ, ਅੱਧੇ-ਅਧੂਰੇ, ਜਾਨਵਰ ਸਮਾਨ 'ਮਨੁੱਖਾਂ' ਨੂੰ ਰਾਜਗੱਦੀ ਤੇ ਬਿਠਾਉਣਾ ਚਾਹੁੰਦਾ ਹੈ। ਸਾਰੀ ਮਾਇਆ ਇਕੱਠੀ ਹੋ ਗਈ, ਜਾਤ ਹੰਕਾਰੀ ਇਕੱਠੇ ਹੋ ਗਏ, ਸਿਆਸਤ ਇਕੱਠੀ ਹੋ ਗਈ ਪਰ ਇਸ ਖਾਲੀ ਹੱਥ, ਖਾਲੀ ਜੇਬ, ਦਿਨ ਰਾਤ ਸਾਇਕਲ ਜਾਂ ਪੈਦਲ ਤੁਰਦੇ ਇਨਸਾਨ ਦੇ ਪੈਦਾ ਕੀਤੇ ਤੂਫਾਨ ਅੱਗੇ ਇਹ ਕੱਖ ਕੰਡੇ ਵਾਂਗ ਉਡਦੇ ਨਜ਼ਰ ਆਉਣ ਲੱਗੇ।

ਸਾਲ 1934 ਦਾ ਵਰ੍ਹਾ ਸੀ ਜਦੋਂ ਬਾਬਾ ਸਾਹਿਬ ਦਾ ਸੰਘਰਸ਼ ਜ਼ੋਰਾਂ ਨਾਲ ਚੱਲ ਰਿਹਾ ਸੀ। 1932 ਵਿਚ ਹੋਏ ਪੂਨਾ ਪੈਕਟ ਤੋਂ ਬਾਅਦ ਗੌਰਮਿੰਟ ਆਫ਼ ਇੰਡੀਆ ਐਕਟ 1935 ਹੋਂਦ ਵਿਚ ਆਉਣ ਜਾ ਰਿਹਾ ਸੀ, ਜਿਸ ਅਧੀਨ ਸਦੀਆਂ ਤੋਂ ਮਾਰਿਆਂ ਨੂੰ ਕੁਝ ਸਹੂਲਤਾਂ ਮਿਲਣੀਆਂ ਸ਼ੁਰੂ ਹੋਣੀਆਂ ਸਨ। ਇਸੇ ਵਰ੍ਹੇ ਦੇ ਮਾਰਚ ਮਹੀਨੇ ਦੀ 15 ਤਰੀਕ ਨੂੰ ਰੋਪੜ ਜ਼ਿਲ੍ਹੇ ਦੇ ਪਿੰਡ ਖ਼ੁਆਸਪੁਰ ਵਿਚ ਮਾਤਾ ਬਿਸ਼ਨ ਦੇਵੀ ਅਤੇ ਪਿਤਾ ਸ. ਹਰੀ ਸਿੰਘ ਦੇ ਘਰ ਜਿਸ ਬਾਲਕ ਨੇ ਜਨਮ ਲਿਆ, ਉਹ ਹੀ ਸਮਾਂ ਪਾ ਕੇ ਕਾਂਸ਼ੀ ਰਾਮ ਨਾਮੀ ਦਲਿਤ ਜੀਵਨ ਵਿਚ ਇਕ ਮਹਾਨ ਰਾਜਨੀਤੀਵਾਨ ਬਣਿਆ ਤੇ ਬਾਬਾ ਸਾਹਿਬ ਤੋਂ ਬਾਅਦ ਦਲਿਤਾਂ ਦਾ ਦੂਜਾ ਮਸੀਹਾ ਬਣਿਆ।

ਰੋਪੜ ਸਰਕਾਰੀ ਕਾਲਜ ਤੋਂ ਬੀ. ਐਸ. ਸੀ. ਪਾਸ ਕਰਕੇ, ਬਾਬਾ ਸਾਹਿਬ ਦੀ ਮੁਢਲੀ ਕਰਮਭੂਮੀ ਮਹਾਰਾਸ਼ਟਰ, ਪੂਨੇ ਵਿਚ ਆਰਡੀਨੈਂਸ ਫੈਕਟਰੀ ਵਿਚ ਸਾਇੰਸਦਾਨ ਦੇ ਅਹੁਦੇ ਤੇ ਜਾ ਲੱਗੇ। ਉਥੇ ਕੰਮ ਕਰਦਿਆਂ ਪਹਿਲੀ ਵਾਰੀ ਡਾ. ਅੰਬੇਡਕਰ ਦਾ ਨਾਂ ਸੁਣਿਆ। ਇਹ ਵਕਤ ਦੀਆਂ ਸਰਕਾਰਾਂ ਅਤੇ ਉਹਨਾਂ ਪਿੱਛੇ ਕੰਮ ਕਰ ਰਹੀ ਬਿਮਾਰ ਮਾਨਸਿਕਤਾ ਸੀ ਕਿ ਦਲਿਤਾਂ ਲਈ ਮਰ ਮਿਟ ਕੇ ਪ੍ਰਾਪਤੀਆਂ ਕਰਨ ਵਾਲੇ ਦਾ ਨਾਂ, ਸਕੂਲਾਂ ਕਾਲਜਾਂ ਵਿਚੋਂ ਗੁਜ਼ਰਦਿਆਂ ਨੌਕਰੀ ਪ੍ਰਾਪਤ ਕਰਨ ਤੱਕ ਪਹੁੰਚੇ ਇਕ ਦਲਿਤ ਤੱਕ ਨਹੀਂ ਪਹੁੰਚਣ ਦਿੱਤਾ। ਪਰ ਇਹ ਹੋ ਕੇ ਰਿਹਾ। ਕਾਂਸ਼ੀ ਰਾਮ ਨੇ ਬਾਬਾ ਸਾਹਿਬ ਦਾ ਨਾਂ ਸੁਣਿਆ, ਇਕ ਜਗਿਆਸਾ ਉੱਠੀ ਤੇ ਵਧਦੀ ਹੀ ਚਲੀ ਗਈ। ਬਾਬਾ ਸਾਹਿਬ ਦੀਆਂ ਲਿਖਤਾਂ ਦੇ ਸਮੁੰਦਰ ਵਿਚ ਗੋਤੇ ਲਾਏ। ਫਿਰ ਇਕ ਦਿਨ ਅਜਿਹੀ ਰਚਨਾ ਹੱਥ ਆ ਗਈ, ਜਿਸ ਨੇ ਕਾਂਸ਼ੀ ਰਾਮ ਦੀ ਇਕ ਸਾਇੰਸਦਾਨ ਤੋਂ ਕਾਇਆ ਕਲਪ ਕਰਕੇ ਦਲਿਤਾਂ ਦੀ ਇਕ ਪੂਰੀ ਸੂਚੀ ਸੰਸਥਾ ਦਾ ਨੀਂਹ ਪੱਥਰ ਰੱਖ ਦਿੱਤਾ। ਇਹ ਇਨਕਲਾਬੀ ਕਿਤਾਬ 'ਜਾਤਪਾਤ ਦਾ ਬੀਜਨਾਸ਼' ਇਕ ਯੁੱਗ ਪਲਟਾਊ ਰਚਨਾ ਹੋ ਨਿੱਬੜੀ। ਕਾਂਸ਼ੀ ਰਾਮ ਨੇ ਇਹੀ ਕਿਤਾਬ ਲਗਾਤਾਰ ਛੇ ਵਾਰੀ ਪੜ੍ਹੀ ਤੇ ਬੱਸ ਇਕ ਵੱਖਰਾ ਹੀ ਮਨੁੱਖ ਬਣ ਉਭਰੇ।

ਨੌਕਰੀ ਛੱਡ ਦਿੱਤੀ, ਵਿਆਹ ਦੀਆਂ ਤਿਆਰੀਆਂ ਸਨ, ਮੰਗਣੀ ਛੱਡ ਦਿੱਤੀ, ਘਰ-ਬਾਰ ਤਿਆਗ ਦਿੱਤਾ, ਸੁਖ ਆਰਾਮ ਤਿਆਗ ਦਿੱਤੇ ਤੇ ਸਦੀਆਂ ਤੋਂ ਲਤਾੜਿਆਂ ਲਈ ਕੰਮ ਕਰਨ ਖਾਤਰ ਬਾਬਾ ਸਾਹਿਬ ਦਾ, ਜੋਤੀਬਾ ਫੂਲੇ, ਸ਼ਾਹੂ ਜੀ ਮਹਾਰਾਜ ਦਾ, ਨਰਾਇਣਾ ਗੁਰੂ ਤੇ ਪੇਰੀਅਰ ਵਾਲਾ ਰਾਹ ਫੜ੍ਹ ਲਿਆ। ਆਪਣੇ ਆਪ ਨੂੰ ਵਾਅਦਾ ਕੀਤਾ ਕਿ ਵਿਆਹ ਨਹੀਂ ਕਰਵਾਵਾਂਗਾ, ਜਾਇਦਾਦ ਨਹੀਂ ਬਣਾਵਾਂਗਾ, ਘਰ-ਬਾਰ ਨਹੀਂ ਬਣਾਵਾਂਗਾ। ਅੱਜ ਤੋਂ ਬਾਅਦ ਸਾਰਾ ਦੇਸ਼ ਮੇਰਾ ਘਰ ਹੈ, ਇਹ ਵਕਤ ਦੇ ਮਾਰੇ ਤੇ ਲਤਾੜੇ ਹੋਏ ਹੀ ਮੇਰਾ ਪਰਿਵਾਰ ਹਨ, ਜਿਹਨਾਂ ਲਈ ਮੈਂ ਜੀਣਾ ਹੈ ਤੇ ਮਰਨਾ ਹੈ। ਇਸ ਤਰ੍ਹਾਂ ਦੀ ਭਾਵਨਾ ਵਾਲੀ 24 ਸਫਿਆਂ ਦੀ ਚਿੱਠੀ ਆਪਣੀ ਮਾਂ ਨੂੰ ਲਿਖ ਕੇ ਮਾਂ-ਬਾਪ, ਘਰ-ਬਾਰ ਤੋਂ ਆਖਰੀ ਅਲਵਿਦਾ ਲੈ ਲਈ ਅਤੇ ਮੈਦਾਨ ਵਿਚ ਨਿੱਘਰ ਪਏ।

ਉਹਨਾਂ ਦੀ ਸੋਚ, ਉਹਨਾਂ ਦੀ ਘਾਲਣਾ ਨੇ ਰੰਗ ਪਕੜਨਾ ਸ਼ੁਰੂ ਕੀਤਾ। ਬਾਬਾ ਸਾਹਿਬ ਆਪਣੇ ਅਖੀਰਲੇ ਵਰ੍ਹਿਆਂ ਵਿਚ ਆਪਣੇ ਸਮਾਜ ਦੇ ਪੜ੍ਹੇ-ਲਿਖੇ ਨੌਕਰੀਆਂ ਕਰ ਰਹੇ ਲੋਕਾਂ ਤੋਂ ਬਹੁਤ ਨਿਰਾਸ਼ ਹੋਏ ਸਨ। ਉਹਨਾਂ ਦਾ ਕਹਿਣਾ ਸੀ ਕਿ "ਇਹਨਾਂ ਲੋਕਾਂ ਨੇ ਮੈਨੂੰ ਧੋਖਾ ਦਿੱਤਾ ਹੈ। ਮੈਂ ਸੋਚਦਾ ਸੀ ਇਹ ਪੜ੍ਹ-ਲਿਖ ਕੇ ਸਮਾਜ ਲਈ, ਆਪਣੇ ਲੋਕਾਂ ਲਈ ਵੀ ਕੁਝ ਸੋਚਣਗੇ ਪਰ ਇਹ ਤਾਂ ਆਪਣੀ ਹੀ ਰੋਟੀ ਰੋਜ਼ੀ ਦੇ ਚੱਕਰਾਂ ਵਿਚ ਉਲਝ ਗਏ ਹਨ।" ਕਾਂਸ਼ੀ ਰਾਮ ਨੇ ਇਹਨਾਂ ਹੀ ਲੋਕਾਂ ਨੂੰ ਆਪਣੇ ਸੰਘਰਸ਼ ਦੀ ਪੌੜੀ ਦਾ ਪਹਿਲਾ ਡੰਡਾ ਬਣਾਇਆ। 6 ਦਸੰਬਰ 1978 ਨੂੰ ਪੜ੍ਹੇ-ਲਿਖੇ ਲੋਕਾਂ ਦੀ ਸਰਬ ਭਾਰਤੀ ਸੰਸਥਾ ਬਣਾਈ ਜਿਸ ਦਾ ਨਾਂ ਬਾਮਸੇਫ ਰੱਖਿਆ। ਇਸ ਵਿਚ ਐਸ. ਸੀ., ਐਸ. ਟੀ., ਬੈਕਵਾਰਡ ਤੇ ਧਾਰਮਿਕ ਘੱਟ ਗਿਣਤੀਆਂ ਦੇ ਨੌਕਰੀ ਪੇਸ਼ਾ ਲੋਕ ਸੰਗਠਿਤ ਕੀਤੇ। ਇਸ ਸੰਸਥਾ ਦੀ ਇਹ ਖ਼ੂਬੀ ਸੀ ਕਿ ਇਸਦਾ ਮੈਂਬਰ ਸੰਸਥਾ ਨੂੰ ਆਪਣੇ ਦਫ਼ਤਰ ਦੇ ਕੰਮਾਂ ਲਈ ਨਹੀਂ ਸਗੋਂ ਸਮਾਜਿਕ ਕੰਮਾਂ ਲਈ ਵਰਤਦਾ ਸੀ। ਸਾਰੇ ਦੇਸ਼ ਵਿਚ, ਬਹੁਤਾ ਕਰਕੇ ਮਹਾਰਾਸ਼ਟਰ ਅਤੇ ਉੱਤਰੀ ਭਾਰਤ ਵਿਚ ਇਸਦੇ ਲੱਗਭੱਗ ਦੋ ਲੱਖ ਮੈਂਬਰ ਤਿਆਰ ਕੀਤੇ ਗਏ। ਇਹ ਉਹੀ ਲੋਕੀ ਸਨ, ਜਿਹਨਾਂ ਨੂੰ ਕਾਂਸ਼ੀ ਰਾਮ ਨੇ ਝੰਜੋੜਿਆ ਸੀ ਤੇ ਇਹ ਅਹਿਸਾਸ ਕਰਵਾਇਆ ਸੀ ਕਿ 'ਤੁਸੀਂ ਆਪਣੇ ਸਮਾਜ ਦੇ ਨਾਂ ਤੇ ਰਾਖਵੇਂਕਰਨ ਦੇ ਨਾਂ ਤੇ ਪੜ੍ਹਾਈ ਜਾਂ ਨੌਕਰੀ ਵਿਚ ਕਿਤੇ ਨਾ ਕਿਤੇ ਕੋਈ ਲਾਭ ਲਿਆ ਹੈ, ਜਿਸਦੇ ਇਵਜ਼ ਵਿਚ ਹੁਣ ਤੁਹਾਨੂੰ ਆਪਣੇ ਸਮਾਜ ਲਈ ਜ਼ਰੂਰ ਕੁਝ ਕਰਨਾ ਚਾਹੀਦਾ ਹੈ।' ਉਹਨਾਂ ਦਾ ਕਹਿਣਾ ਸੀ ਕਿ ਮੈਨੂੰ ਤਿੰਨ ਚੀਜ਼ਾਂ ਚਾਹੀਦੀਆਂ ਹਨ, ਦਿਮਾਗ, ਸਮਾਂ ਅਤੇ ਪੈਸਾ। ਇਹਨਾਂ ਵਿਚੋਂ ਜਿੰਨੀਆਂ ਵੀ ਜਿੰਨੀ ਮਾਤਰਾ ਵਿਚ ਕੋਈ ਦੇ ਸਕਦਾ ਹੈ ਦਿਓ। ਮੈਂ ਇਨ੍ਹਾਂ ਨਾਲ ਇਕ ਜ਼ਬਰਦਸਤ ਲਹਿਰ ਤਿਆਰ ਕਰਕੇ ਦੇਵਾਂਗਾ, ਜਿਸ ਨੇ ਸਾਡੇ ਪੱਛੜੇ ਸਮਾਜ ਦੀ ਕਾਇਆ ਕਲਪ ਕਰਨੀ ਹੈ। ਬਾਮਸੇਫ ਨੂੰ ਉਹਨਾਂ ਨੇ 'ਅਲਾਦੀਨ ਦਾ ਚਿਰਾਗ' ਦਾ ਨਾਂ ਦਿੱਤਾ, ਜਿਸਨੂੰ ਰਗੜਨ ਨਾਲ ਕਿਸੇ ਵੀ ਸਮੱਸਿਆ ਦਾ ਹੱਲ ਨਿਕਲ ਸਕੇਗਾ। ਜਦੋਂ ਬਾਮਸੇਫ ਨੂੰ ਕਾਂਸ਼ੀ ਰਾਮ ਵਿਚ ਅਤੇ ਕਾਂਸ਼ੀ ਰਾਮ ਨੂੰ ਬਾਮਸੇਫ ਵਿਚ ਵਿਸ਼ਵਾਸ ਹੋ ਗਿਆ ਤਾਂ ਉਨ੍ਹਾਂ ਨੇ ਅਲਾਦੀਨ ਦੇ ਚਿਰਾਗ ਨੂੰ ਰਗੜਿਆ ਤਾਂ ਡੀ. ਐਸ. ਫੋਰ (ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸੰਮਤੀ) ਦੀ ਸੰਸਥਾ ਰਾਸ਼ਟਰੀ ਪੱਧਰ ਦੀ ਦੂਜੀ ਦਲਿਤ ਜਥੇਬੰਦੀ ਹੋਂਦ ਵਿਚ ਆ ਗਈ। ਇਹ ਅਲਾਦੀਨ ਦੇ ਚਿਰਾਗ ਦਾ ਹੀ ਕਮਾਲ ਹੋ ਸਕਦਾ ਸੀ, ਨਹੀਂ ਤਾਂ ਇੱਡੀ ਵੱਡੀ ਸੰਸਥਾ ਰਾਤੋ ਰਾਤ ਕਿਵੇਂ ਹੋਂਦ ਵਿਚ ਆ ਸਕਦੀ ਸੀ? ਕਾਂਸ਼ੀ ਰਾਮ ਨੇ ਬਾਮਸੇਫ ਮੈਂਬਰਾਂ ਨੂੰ ਸਮਝਾਇਆ ਅਤੇ ਕਿਹਾ ਕਿ ਤੁਸੀਂ ਸਾਰੇ ਨੌਕਰੀ ਪੇਸ਼ਾ ਲੋਕ ਹੋ, ਤੁਹਾਡੇ ਸਿਰ ਤੇ ਸਿਵਲ ਸਰਵਿਸ ਰੂਲ ਦੀ ਤਲਵਾਰ ਲਟਕਦੀ ਹੈ, ਜਿਸ ਕਰਕੇ ਤੁਸੀਂ ਆਪਣੇ ਸਮਾਜ ਦੇ ਹਿੱਤ ਵਿਚ ਕੀਤੀ ਗਈ ਐਜੀਟੇਸ਼ਨ ਵਿਚ ਹਿੱਸਾ ਨਹੀਂ ਲੈ ਸਕੋਗੇ। ਪਰ ਸਾਨੂੰ ਸੰਘਰਸ਼ ਤੋਂ ਬਿਨਾਂ ਕੋਈ ਪ੍ਰਾਪਤੀ ਨਹੀਂ ਹੋਣੀ। ਸਾਨੂੰ ਹੜਤਾਲਾਂ ਵੀ ਕਰਨੀਆਂ ਪੈਣੀਆਂ ਹਨ, ਜੇਲ੍ਹਾਂ 'ਚ ਵੀ ਜਾਣਾ ਪੈ ਸਕਦਾ ਹੈ।

ਸੋ ਸਾਰੇ ਮੈਂਬਰ ਆਪਣੇ ਆਪਣੇ ਘਰਾਂ ਵਿਚ ਆਪਣੇ ਮਾਂ-ਬਾਪ, ਭੈਣ-ਭਰਾ ਤੇ ਹੋਰ ਬਜ਼ੁਰਗਾਂ ਨੂੰ ਇਸ ਕੰਮ ਲਈ ਤਿਆਰ ਕਰੋ। ਤਿਆਰ ਕੀ ਕਰਨਾ ਸੀ ਬਾਮਸੇਫ ਤੋਂ ਸਾਰੇ ਵਾਕਫ਼ ਹੋ ਚੁੱਕੇ ਸਨ ਤੇ ਸਭ ਸਾਥ ਦੇਣ ਲਈ ਉਤਾਵਲੇ ਸਨ। ਬਜ਼ੁਰਗਾਂ ਨੂੰ ਅਤੇ ਔਰਤਾਂ ਨੂੰ ਦੱਸਿਆ ਗਿਆ ਕਿ ਜੇ ਤੁਹਾਨੂੰ ਜੇਲ੍ਹ ਵੀ ਜਾਣਾ ਪਿਆ ਤਾਂ ਘਬਰਾਉਣ ਦੀ ਕੋਈ ਲੋੜ ਨਹੀਂ। ਤੁਹਾਨੂੰ ਖਾਣ ਪੀਣ, ਨਹਾਉਣ ਧੋਣ, ਦਵਾਈ ਦਾਰੂ ਦੀ ਉਥੇ ਕੋਈ ਕਮੀ ਨਹੀਂ ਹੋਵੇਗੀ, ਕੋਈ ਮਾਰੇ ਕੁੱਟੇਗਾ ਨਹੀਂ, ਪੜ੍ਹਨ ਲਈ ਅਖ਼ਬਾਰਾਂ ਵੀ ਮਿਲਣਗੀਆਂ। ਫਿਰ ਕੀ ਸੀ ਹਰ ਕੋਈ ਜੇਲ੍ਹ ਜਾਣ ਲਈ ਤਿਆਰ ਹੋ ਗਿਆ। ਇਕ ਉਹ ਪੜਾਅ ਵੀ ਆਇਆ ਜਦੋਂ ਕਿ ਰੋਪੜ ਤੋਂ ਜੇਲ੍ਹ ਜਾਣ ਵਾਲੇ ਜਥਿਆਂ ਵਿਚ ਸੱਪਾਂ ਵਾਲਿਆਂ, ਰਿੱਛਾਂ ਵਾਲਿਆਂ, ਬਾਂਦਰਾਂ ਵਾਲਿਆਂ ਦੇ ਜਥੇ ਵੀ ਆ ਸ਼ਾਮਲ ਹੋਏ, ਜਿਹਨਾਂ ਤੋਂ ਜੇਲ੍ਹ ਵਾਲੇ ਵੀ ਘਬਰਾ ਗਏ ਅਤੇ ਆਪਣੇ ਜਾਨਵਰ ਬਾਹਰ ਰੱਖਣ ਲਈ ਮਿੰਨਤਾਂ ਤਰਲੇ ਕਰਦੇ ਦੇਖੇ ਗਏ। ਇਹ ਕਾਂਸ਼ੀ ਰਾਮ ਦਾ ਹੀ ਕਮਾਲ ਸੀ ਕਿ ਉਹਨਾਂ ਨੇ ਬਾਮਸੇਫ ਤੋਂ ਠੀਕ ਤਿੰਨ ਸਾਲ ਬਾਅਦ 6 ਦਸੰਬਰ 1081 ਨੂੰ ਡੀ. ਐਸ. ਫੋਰ ਵਰਗੀ ਸੰਘਰਸ਼ਮਈ ਜਥੇਬੰਦੀ ਬਣਾ ਕੇ ਹਾਕਮ ਸ਼੍ਰੇਣੀ ਨੂੰ ਗਹਿਰੀ ਸੋਚਾਂ ਵਿਚ ਪਾ ਦਿੱਤਾ ਤੇ ਉਸਦੀ ਨੀਂਦ ਹਰਾਮ ਕਰ ਦਿੱਤੀ।

ਦਲਿਤ ਸਮਾਜ ਦਾ ਦਿਮਾਗ (ਬਾਮਸੇਫ) ਤਿਆਰ ਹੋਣ ਉਪਰੰਤ, ਸੰਘਰਸ਼ ਕਰਨ ਲਈ ਬਾਹਵਾਂ (ਡੀ. ਐਸ. ਫੋਰ) ਬਣਾਉਣ ਉਪਰੰਤ ਉਹਨਾਂ ਨੇ ਕਿਹਾ ਇਹ ਸਭ ਕੁਝ ਅਸੀਂ ਸਿਆਸੀ ਤਾਕਤ ਪ੍ਰਾਪਤ ਕਰਨ ਲਈ ਕਰ ਰਹੇ ਹਾਂ ਕਿਉਂਕਿ ਸਿਆਸੀ ਤਾਕਤ ਹਾਸਲ ਕੀਤੇ ਬਿਨਾਂ ਅਸੀਂ ਆਪਣੇ ਸਮਾਜ ਦੀਆਂ ਅਣਗਿਣਤ ਸਮੱਸਿਆਵਾਂ ਦਾ ਖਾਤਮਾ ਨਹੀਂ ਕਰ ਸਕਦੇ। ਫਿਰ ਸਿਆਸੀ ਤਾਕਤ ਹਾਸਲ ਕਰਨ ਲਈ ਸਿਆਸਤ ਵਿਚ ਕਿਉਂ ਨਾ ਕੁੱਦਿਆ ਜਾਵੇ? ਜਿਨ੍ਹਾਂ ਦੇ ਹਾਮੀ ਭਰਨ ਤੇ ਡੀ. ਐਸ. ਫੋਰ ਦੇ ਮਾਧਿਅਮ ਤੋਂ ਹੀ ਸਿਆਸਤ ਵਿਚ ਛਾਲ ਮਾਰ ਦਿੱਤੀ। ਇਹ ਸਿਆਸਤ ਦਾ ਮੁਢਲਾ ਪੜਾਅ ਸੀ ਤੇ ਕਾਂਸ਼ੀ ਰਾਮ ਨੇ ਕੀਤਾ ਕਿ ਵੇਖੋ ਸਾਡੀ ਲੜਾਈ ਭਾਵੇਂ ਹਰ ਪਾਸਿਉਂ ਤਾਕਤਵਰ ਲੋਕਾਂ ਨਾਲ ਹੈ ਪਰ ਘਬਰਾਉਣ ਦੀ ਲੋੜ ਨਹੀਂ। ਇਹ ਵੋਟ ਦਾ ਰਾਜ ਹੈ, ਜਿਸ ਦੀਆਂ ਵੋਟਾਂ ਵੱਧ ਉਸਦਾ ਰਾਜ ਹੋਣਾ ਚਾਹੀਦਾ ਹੈ। ਅਸੀਂ ਇਹ ਰਾਜ ਲਿਆਕੇ ਰਹਾਂਗੇ। ਸਾਨੂੰ ਬੜੇ ਹਿਸਾਬ-ਕਿਤਾਬ ਨਾਲ ਸੋਚ-ਸਮਝ ਕੇ ਚੱਲਣਾ ਪਵੇਗਾ। ਅਸੀਂ ਪਹਿਲੇ ਪੜਾਅ ਤੇ ਕਿਸੇ ਵੱਡੀ ਸਿਆਸੀ ਪਾਰਟੀ ਨੂੰ ਹਰਾਉਣ ਦੀ ਸਥਿਤੀ ਵਿਚ ਹੋਵਾਂਗੇ, ਫਿਰ ਅਗਲੇ ਪੜਾਅ ਤੇ ਕਿਸੇ ਸਿਆਸੀ ਪਾਰਟੀ ਦੇ ਸਹਿਯੋਗ ਨਾਲ ਕੁਝ ਹੱਦ ਤੱਕ ਜਿੱਤਣ ਵਾਲੀ ਪਾਰਟੀ ਬਣਾਂਗੇ ਤੇ ਅਖੀਰਲੇ ਪੜਾਅ ਤੇ ਅਸੀਂ ਇਕੱਲਿਆਂ ਹੀ ਜਿੱਤਣ ਦੀ ਸਥਿਤੀ ਵਿਚ ਪੁੱਜ ਜਾਵਾਂਗੇ। ਕਾਂਸ਼ੀ ਰਾਮ ਦਾ ਕ੍ਰਿਸ਼ਮਾ ਕੰਮ ਕਰਦਾ ਰਿਹਾ, ਉਹਨਾਂ ਵਿਚ ਲੋਕਾਂ ਦਾ ਵਿਸ਼ਵਾਸ ਦ੍ਰਿੜ੍ਹ ਹੁੰਦਾ ਗਿਆ ਤੇ ਕਾਂਸ਼ੀ ਰਾਮ ਦੇ ਪੈਰ ਹੋਰ ਮਜ਼ਬੂਤ ਹੁੰਦੇ ਗਏ।

ਕਾਂਸ਼ੀ ਰਾਮ ਦੀਆਂ ਸਧਾਰਨ ਪਰ ਮਹੱਤਵਪੂਰਨ ਗੱਲਾਂ ਆਮ ਲੋਕਾਂ ਦੀ ਝੱਟ ਸਮਝ ਪੈ ਜਾਂਦੀਆਂ। ਉਹਨਾਂ ਨੇ ਸਮਝਾਇਆ ਕਿ ਦੇਸ਼ ਵਿਚ 10-15 ਫੀਸਦੀ ਕਥਿਤ ਉੱਚ ਜਾਤੀ ਲੋਕ ਆਪਣੀਆਂ ਕੁਚਾਲਾਂ ਨਾਲ ਬਾਕੀ ਦੇ 85-90 ਫੀਸਦੀ ਲੋਕਾਂ ਦਾ ਸ਼ੋਸ਼ਣ ਕਰ ਰਹੇ ਹਨ ਅਤੇ ਉਹਨਾਂ 'ਤੇ ਰਾਜ ਕਰ ਰਹੇ ਹਨ ਜਦੋਂ ਕਿ ਰਾਜ ਬਹੁਗਿਣਤੀ (85 ਫੀਸਦੀ) ਵਾਲਿਆਂ ਦਾ ਹੋਣਾ ਚਾਹੀਦਾ ਹੈ। ਇਹ ਗੱਲ ਲੋਕਾਂ ਦੀ ਸਮਝ ਪੈ ਗਈ।ਉਹਨਾਂ ਦੱਸਿਆ ਕਿ ਸਭ ਵੱਡੀਆਂ ਪਾਰਟੀਆਂ 'ਸਾਂਪਨਾਥ' ਤੇ 'ਨਾਗਨਾਥ' ਹਨ ਜੋ ਆਮ ਲੋਕਾਂ ਨੂੰ ਡੱਸਦੀਆਂ ਹਨ, ਦਲਿਤ ਸਮਾਜ ਨੂੰ ਡੱਸਦੀਆਂ ਹਨ। ਇਸੇ ਲਈ ਦੇਸ਼ ਦੀ ਸਮੁੱਚੀ ਉਨਤੀ ਨਹੀਂ ਹੋ ਰਹੀ, ਸਿਰਫ਼ ਉਹਨਾਂ 15 ਫੀਸਦੀ ਲੋਕਾਂ ਦੀ ਹੀ ਤਰੱਕੀ ਹੋ ਰਹੀ ਹੈ। ਲੋਕਾਂ ਨੇ ਗੱਲ ਸਮਝੀ ਤਾਂ ਰਾਜਨੀਤਿਕ ਪਿੜ ਵਿਚ ਖਲਬਲੀ ਮੱਚ ਗਈ। ਦੇਸ਼ ਦੇ ਸਭ ਤੋਂ ਵੱਡੇ ਸੂਬੇ ਦੀ ਮੁੱਖ ਮੰਤਰੀ ਦੀ ਕੁਰਸੀ ਇਕ ਦਲਿਤ ਔਰਤ ਮਾਇਆਵਤੀ ਨੇ ਮੱਲ ਲਈ। ਪਰ ਲੜਾਈ ਡਾਢਿਆਂ ਨਾਲ ਸੀ।



ਕਾਂਸ਼ੀ ਰਾਮ ਕਹਿੰਦੇ ਸਨ ਸਾਡਾ ਅਸਲ ਪੜਾਅ ਦਿੱਲੀ ਹੈ, ਇਸੇ ਲਈ ਦਿੱਲੀ ਦੇ ਤਖਤ 'ਤੇ ਕਬਜ਼ੇ ਦੀ ਭਾਵਨਾ ਅੱਜ ਦਲਿਤ ਸਮਾਜ ਲਗਾਈ ਬੈਠਾ ਹੈ। ਉਹ ਕਹਿੰਦੇ ਸਨ ਕਿ ਸੱਤਾ ਪ੍ਰਾਪਤੀ ਤੱਕ ਸਾਡੀ ਇਹ ਰਣਨੀਤੀ ਹੈ ਕਿ ਕੋਈ ਵੀ ਇਕ ਪਾਰਟੀ ਤਾਕਤ ਵਿਚ ਨਾ ਆਵੇ ਅਤੇ ਸਾਡੇ ਸਹਾਰੇ ਬਿਨਾਂ ਵੀ ਕੋਈ ਪਾਰਟੀ ਤਾਕਤ ਵਿਚ ਨਾ ਆਵੇ। ਉਹਨਾਂ ਦੇ ਆਖੇ ਬੋਲ ਅੱਖਰ-ਅੱਖਰ ਸੱਚ ਹੁੰਦੇ ਰਹੇ। ਉਹ ਕਹਿੰਦੇ ਸਨ ਕਿ ਅਸੀਂ ਮਜਬੂਰ, ਲਾਚਾਰ ਸਰਕਾਰਾਂ ਚਾਹੁੰਦੇ ਹਾਂ, ਜਦੋਂ ਤੱਕ ਕਿ ਅਸੀਂ ਆਪ ਸੱਤਾ ਵਿਚ ਨਹੀਂ ਆਉਂਦੇ। ਉਹ ਕਹਿੰਦੇ ਸਨ ਬਾਬਾ ਸਾਹਿਬ ਡਾ. ਅੰਬੇਡਕਰ ਦੀ ਪੂਜਾ ਨਹੀਂ ਉਸਦੀ ਸੋਚ ਨੂੰ ਅਪਨਾਓ। ਉਹ ਉਸਦੀ ਸੋਚ 'ਤੇ ਪਹਿਰਾ ਦਿੰਦੇ ਰਹੇ ਅਤੇ ਉਸਦੀ ਸੋਚ ਨੂੰ ਅਪਨਾਉਣ ਲਈ ਪ੍ਰੇਰਦਿਆਂ, ਦਲਿਤ ਸਮਾਜ ਲਈ ਵੱਡੇ ਪੂਰਨੇ ਪਾਉਂਦਿਆਂ, ਵੱਡੇ ਸੁਪਨੇ ਦਿਖਾਉਂਦਿਆਂ, ਸਫਲਤਾ ਦੀਆਂ ਪੌੜੀਆਂ ਚੜ੍ਹਦੇ-ਉਤਰਦੇ ਅੰਤ 9 ਅਕਤੂਬਰ 2006 ਨੂੰ ਸਦੀਵੀ ਵਿਛੋੜਾ ਦੇ ਗਏ।

ਆਪਣੇ ਸਮਾਜ ਨੂੰ ਇਕੋ ਨਾਅਰਾ ਦਿੱਤਾ ਕਿ ਹਾਲੇ ਅਸੀਂ ਟਿਕਟ ਬਣਾਉਣੀ ਸਿੱਖਾਂਗੇ। ਜਿਸ ਸਮਾਜ ਨੂੰ ਸਿਆਸਤ ਦਾ ਊੜਾ ਐੜਾ ਨਹੀਂ ਸੀ ਪਤਾ ਕਾਂਸ਼ੀ ਰਾਮ ਨੇ ਉਸਨੂੰ ਬੱਚਿਆਂ ਵਾਂਗ ਸਮਝਾਇਆ ਕਿ ਕਿਵੇਂ ਟਿਕਟ ਬਣਾਉਣੀ ਹੈ ਤੇ ਕਿਵੇਂ ਦੇਣੀ ਹੈ, ਕਿਵੇਂ ਚੋਣ ਲੜਨੀ ਹੈ, ਕਿਵੇਂ ਪਾਰਟੀ ਰਜਿਸਟਰਡ ਹੁੰਦੀ ਹੈ, ਸੂਬਾ ਜਾਂ ਦੇਸ਼ ਪੱਧਰ ਦੀ ਮਾਨਤਾ ਪ੍ਰਾਪਤ ਪਾਰਟੀ ਬਣਾਉਣ ਲਈ ਕਿੰਨੀਆਂ ਵੋਟਾਂ ਦੀ ਲੋੜ ਹੁੰਦੀ ਹੈ, ਜ਼ਮਾਨਤ ਜ਼ਬਤ ਕੀ ਹੁੰਦੀ ਹੈ, ਕਿਵੇਂ ਦੂਜੀਆਂ ਪਾਰਟੀਆਂ ਨਾਲ ਮੁੱਠਭੇੜ ਕਰਨੀ ਹੈ, ਕਿਵੇਂ ਸਮਝੌਤੇ ਕਰਨੇ ਹਨ; ਇਹ ਨੁਕਤੇ ਕਾਂਸ਼ੀ ਰਾਮ ਨੇ ਕਲਾਸਾਂ ਲਾ ਲਾ ਕੇ ਸਮਾਜ ਨੂੰ ਸਮਝਾਏ।

ਪਹਿਲੀ ਚੋਣ 1982 ਵਿਚ ਹਰਿਆਣਾ ਤੋਂ ਸ਼ੁਰੂ ਕੀਤੀ ਗਈ। ਉਸਦੇ ਵਿਸ਼ਲੇਸ਼ਣ ਕੀਤੇ ਗਏ ਅਤੇ ਅੱਗੋਂ ਲਈ ਇਹਨਾਂ ਦੇ ਆਧਾਰ 'ਤੇ ਪੈਂਤੜੇ ਅਖਤਿਆਰ ਕੀਤੇ ਗਏ। ਇੱਡੇ ਅੰਤਾਂ ਦੇ ਪੱਛੜੇ ਸਮਾਜ ਲਈ ਇਹ ਕੰਮ ਵੀ ਉਨਾ ਹੀ ਅੰਤਾਂ ਦਾ ਔਖਾ ਸੀ ਪਰ ਕਾਂਸ਼ੀ ਰਾਮ ਨੇ ਬਾਬਾ ਸਾਹਿਬ ਦੇ ਇਹ ਸੁਨਹਿਰੀ ਅੱਖਰ ਲੋਕਾਂ ਦੇ ਦਿਲਾਂ ਵਿਚ ਵਸਾ ਦਿੱਤੇ ਕਿ "ਆਪਣੀਆਂ ਦੀਵਾਰਾਂ ਤੇ ਲਿਖ ਲਓ ਕਿ ਤੁਸੀਂ ਇਸ ਦੇਸ਼ ਦੇ ਹੁਕਮਰਾਨ ਬਣਨਾ ਹੈ।" ਪਹਿਲੇ ਪੜਾਅ ਤੇ ਭਾਵੇਂ ਕੋਈ ਸੀਟ ਨਹੀਂ ਮਿਲੀ ਪਰ ਮੀਡੀਏ ਨੇ ਇਕ ਗੱਲ ਮੰਨੀ ਕਿ ਕੋਈ ਵੀ ਉਮੀਦਵਾਰ ਲੱਭ ਲੋਭ ਦੇਣ ਦੇ ਬਾਵਜੂਦ ਵਿਕਿਆ ਨਹੀਂ ਸੀ।

ਕਾਂਸ਼ੀ ਰਾਮ ਨੇ ਕੱਚੇ ਇਮਤਿਹਾਨ, ਤਿਮਾਹੀ ਅਤੇ ਛਿਮਾਹੀ ਇਮਤਿਹਾਨ ਲੈ ਲੈ ਕੇ ਸਮਾਜ ਨੂੰ ਪੱਕੇ ਸਾਲਾਨਾ ਇਮਤਿਹਾਨਾਂ ਲਈ ਤਿਆਰ ਕਰ ਲਿਆ। ਬਕਾਇਦਾ ਬਾਬਾ ਸਾਹਿਬ ਦੇ ਜਨਮ ਦਿਨ 14 ਅਪ੍ਰੈਲ 1984 ਨੂੰ ਇਕ ਪੂਰੀ-ਸੂਰੀ ਰਾਜਨੀਤਿਕ ਪਾਰਟੀ ਦਾ ਐਲਾਨ ਕਰ ਦਿੱਤਾ ਗਿਆ, ਜਿਸਦਾ ਨਾਂ 'ਬਹੁਜਨ ਸਮਾਜ ਪਾਰਟੀ' ਰੱਖਿਆ। ਇਹ ਕਾਂਸ਼ੀ ਰਾਮ ਦਾ ਹੀ ਕ੍ਰਿਸ਼ਮਾ ਸੀ ਕਿ ਜਿਹਨਾਂ ਪੜ੍ਹੇ-ਲਿਖੇ ਲੋਕਾਂ ਨੇ ਬਾਬਾ ਸਾਹਿਬ ਨੂੰ ਰੋਣ ਲਾ ਦਿੱਤਾ ਸੀ, ਕਾਂਸ਼ੀ ਰਾਮ ਨੇ ਉਹਨਾਂ ਲੋਕਾਂ ਨੂੰ ਸੰਗਠਿਤ ਕਰਕੇ ਉਹਨਾਂ ਤੋਂ ਹੀ ਸੰਘਰਸ਼ ਕਰਵਾ ਕੇ ਅਖੀਰ ਉਨ੍ਹਾਂ ਤੋਂ ਹੀ ਰਾਜਨੀਤਿਕ ਪਾਰਟੀ ਵੀ ਤਿਆਰ ਕਰਵਾ ਲਈ। ਸੰਘਰਸ਼ ਉਹਨਾਂ ਸਿਰਫ਼ ਕਰਵਾਇਆ ਨਹੀਂ ਆਪ ਵੀ ਨਾਲ ਹੀ ਸੰਘਰਸ਼ ਵਿਚ ਸ਼ਾਮਲ ਹੁੰਦੇ। ਦਿੱਲੀ ਤੋਂ ਜੰਮੂ-ਕਸ਼ਮੀਰ ਤੱਕ ਚਾਰ ਹਜ਼ਾਰ ਕਿਲੋਮੀਟਰ ਦਾ ਸਫ਼ਰ ਆਪਣੇ ਟੋਲੇ ਨਾਲ ਆਪ ਵੀ ਨਾਲ ਸਾਈਕਲ ਚਲਾ ਕੇ ਪੂਰਾ ਕੀਤਾ। ਸਾਇਕਲ ਚਲਾ-ਚਲਾ ਕੇ ਪਿੱਛੇ ਜ਼ਖਮ ਬਣ ਗਏ ਸਨ ਪਰ ਉਹ ਚਲਦੇ ਤੇ ਚਲਦੇ ਗਏ, ਕੋਈ ਤੂਫਾਨ ਉਹਨਾਂ ਦਾ ਰਾਹ ਨਾ ਰੋਕ ਸਕਿਆ।

ਹੁਣ ਕਾਂਸ਼ੀ ਰਾਮ ਨੇ ਲੋਕਾਂ ਨੂੰ ਸਮਝਾਉਣਾ ਸ਼ੁਰੂ

ਕੁਰਸੀ ਜ਼ਿਆਦਾ ਦੇਰ ਨਾ ਰਹੀ। ਕਾਂਸ਼ੀ ਰਾਮ ਦਾ ਕ੍ਰਿਸ਼ਮਾ ਫਿਰ ਕੰਮ ਕਰ ਗਿਆ ਤੇ ਮਾਇਆਵਤੀ ਨੇ ਫਿਰ ਕੁਰਸੀ ਜਾ ਮੱਲੀ। ਕੁਝ ਦੇਰ ਬਾਅਦ ਫਿਰ ਖੁਸ ਗਈ। ਪਰ ਹੁਣ ਦਲਿਤ ਸਮਾਜ ਵਿਚ ਰਾਜ ਕਰਨ ਦੀ ਜਾਗ ਲੱਗ ਚੁੱਕੀ ਸੀ। ਜਾਬਰਾਂ ਨਾਲ ਬਰਾਬਰ ਦੀ ਲੜਾਈ ਲੜਨ ਜੋਗਾ ਸਮਾਜ ਕਾਂਸ਼ੀ ਰਾਮ ਨੇ ਤਿਆਰ ਕਰ ਲਿਆ ਸੀ। ਢਹਿੰਦਾ ਤੇ ਉੱਠਦਾ ਰਿਹਾ ਤੇ ਪੂਰਾ ਮੁਕਾਬਲਾ ਕਰਦਾ ਰਿਹਾ।

ਫਿਰ ਉਸਨੇ ਇਕ ਦਿਨ ਪੱਕੇ ਪੈਰੀਂ ਮਜ਼ਬੂਤ ਹੋ ਕੇ ਦਲਿਤ ਔਰਤ ਨੂੰ ਕੁਰਸੀ 'ਤੇ ਬਿਠਾ ਦਿੱਤਾ। ਵਿਰੋਧੀ ਸੋਚਦੇ ਰਹਿ ਗਏ, ਘਾੜਤਾਂ ਘੜਦੇ ਰਹਿ ਗਏ। ਪਰ ਸੱਤਾ ਪ੍ਰਾਪਤ ਦੀ ਅਜਿਹੀ ਜਾਗ ਕਾਂਸ਼ੀ ਰਾਮ ਨੇ ਲਗਾਈ ਕਿ ਫਿਰ ਅੱਖਾਂ ਦੇਸ਼ ਦੀ ਸਭ ਤੋਂ ਵੱਡੀ ਕੁਰਸੀ ਤੇ ਲਾਉਣ ਦੀ ਸਮਰੱਥਾ ਦਲਿਤ ਸਮਾਜ ਨੇ ਪੈਦਾ ਕਰ ਲਈ ਹੈ।

ਕਾਂਸ਼ੀ ਰਾਮ ਕਹਿੰਦੇ ਸਨ ਸਾਡਾ ਅਸਲ ਪੜਾਅ ਦਿੱਲੀ ਹੈ, ਇਸੇ ਲਈ ਦਿੱਲੀ ਦੇ ਤਖਤ 'ਤੇ ਕਬਜ਼ੇ ਦੀ ਭਾਵਨਾ ਅੱਜ ਦਲਿਤ ਸਮਾਜ ਲਗਾਈ ਬੈਠਾ ਹੈ। ਉਹ ਕਹਿੰਦੇ ਸਨ ਕਿ ਸੱਤਾ ਪ੍ਰਾਪਤੀ ਤੱਕ ਸਾਡੀ ਇਹ ਰਣਨੀਤੀ ਹੈ ਕਿ ਕੋਈ ਵੀ ਇਕ ਪਾਰਟੀ ਤਾਕਤ ਵਿਚ ਨਾ ਆਵੇ ਅਤੇ ਸਾਡੇ ਸਹਾਰੇ ਬਿਨਾਂ ਵੀ ਕੋਈ ਪਾਰਟੀ ਤਾਕਤ ਵਿਚ ਨਾ ਆਵੇ। ਉਹਨਾਂ ਦੇ ਆਖੇ ਬੋਲ ਅੱਖਰ-ਅੱਖਰ ਸੱਚ ਹੁੰਦੇ ਰਹੇ।

ਉਹ ਕਹਿੰਦੇ ਸਨ ਕਿ ਅਸੀਂ ਮਜਬੂਰ, ਲਾਚਾਰ ਸਰਕਾਰਾਂ ਚਾਹੁੰਦੇ ਹਾਂ, ਜਦੋਂ ਤੱਕ ਕਿ ਅਸੀਂ ਆਪ ਸੱਤਾ ਵਿਚ ਨਹੀਂ ਆਉਂਦੇ। ਉਹ ਕਹਿੰਦੇ ਸਨ ਬਾਬਾ ਸਾਹਿਬ ਡਾ. ਅੰਬੇਡਕਰ ਦੀ ਪੂਜਾ ਨਹੀਂ ਉਸਦੀ ਸੋਚ ਨੂੰ ਅਪਣਾਓ। ਉਹ ਉਸਦੀ ਸੋਚ 'ਤੇ ਪਹਿਰਾ ਦਿੰਦੇ ਰਹੇ ਅਤੇ ਉਸਦੀ ਸੋਚ ਨੂੰ ਅਪਣਾਉਣ ਲਈ ਪ੍ਰੇਰਦਿਆਂ, ਦਲਿਤ ਸਮਾਜ ਲਈ ਵੱਡੇ ਪੂਰਨੇ ਪਾਉਂਦਿਆਂ, ਵੱਡੇ ਸੁਪਨੇ ਦਿਖਾਉਂਦਿਆਂ, ਸਫਲਤਾ ਦੀਆਂ ਪੌੜੀਆਂ ਚੜ੍ਹਦੇ-ਉਤਰਦੇ ਅੰਤ 9 ਅਕਤੂਬਰ 2006 ਨੂੰ ਸਦੀਵੀ ਵਿਛੋੜਾ ਦੇ ਗਏ। ਪਰ ਇਕ ਸਦੀਵੀ ਮਿਸ਼ਾਲ ਜਗਦੀ ਛੱਡ ਗਏ, ਜਿਸਨੂੰ ਕੋਈ ਜਾਬਰ ਤੋਂ ਜਾਬਰ ਤੂਫਾਨ ਵੀ ਨਹੀਂ ਬੁਝਾ ਸਕੇਗਾ।

# ਦਲਿਤਾਂ ਦੇ ਵਿਕਾਸ ਅਤੇ ਸਮਾਜਿਕ ਵਿਤਕਰੇ ਖਿਲਾਫ ਚਲਾਏ ਅਭਿਆਨ ਲਈ ਸਦਾ ਯਾਦ ਕੀਤਾ ਜਾਵੇਗਾ ਸਾਹਿਬ ਕਾਂਸ਼ੀ ਰਾਮ ਨੂੰ



ਕੁਲਦੀਪ ਚੰਦ
91-9417563054

ਸੰਸਾਰ ਦੇ ਕਈ ਦੇਸ਼ਾਂ ਵਿੱਚ ਨਸਲ, ਰੰਗ, ਧਰਮ, ਜਾਤ ਆਦਿ ਦੇ ਅਧਾਰ ਤੇ ਲੰਬਾ ਸਮਾਂ ਵਿਤਕਰਾ ਤੇ ਭੇਦਭਾਵ ਹੁੰਦਾ ਰਿਹਾ ਹੈ। ਸਾਡੇ ਦੇਸ਼ ਭਾਰਤ ਵਿੱਚ ਵੀ ਸਦੀਆਂ ਤੱਕ ਜਾਤ ਅਧਾਰਤ ਭੇਦਭਾਵ ਕਾਇਮ ਰਿਹਾ ਹੈ। ਸਾਡਾ ਦੇਸ਼ ਲੰਬਾ ਸਮਾਂ ਵਿਦੇਸ਼ੀਆਂ ਦਾ ਗੁਲਾਮ ਰਿਹਾ ਹੈ ਪਰੰਤੂ ਦੇਸ਼ ਵਿੱਚ ਰਹਿਣ ਵਾਲੇ ਇੱਕ ਵਿਸ਼ੇਸ਼ ਵਰਣ ਦੇ ਲੋਕ ਅਪਣੇ ਹੀ ਦੇਸ਼ ਦੇ ਲੋਕਾਂ ਦੇ ਗੁਲਾਮ ਰਹੇ ਹਨ। ਇਸ ਵਰਣ ਵਿਵਸਥਾ ਅਤੇ ਜਾਤ ਅਧਾਰਤ ਵਿਤਕਰੇ ਖਿਲਾਫ ਸਮੇਂ ਸਮੇਂ ਤੇ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਰਹਿਵਰਾਂ ਨੇ ਅਵਾਜ਼ ਉਠਾਈ ਹੈ ਅਤੇ ਇਸ ਸਮਾਜਿਕ ਢਾਂਚੇ ਨੂੰ ਬਦਲਣ ਲਈ ਮੁਹਿੰਮ ਚਲਾਈ ਹੈ। ਇਨ੍ਹਾਂ ਰਹਿਬਰਾਂ ਵਿੱਚ ਦਲਿਤ ਆਗੂ ਅਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਬਾਬੂ ਕਾਂਸ਼ੀ ਰਾਮ ਜਿਨ੍ਹਾਂ ਨੂੰ ਸਾਹਿਬ ਅਤੇ ਮਾਨਿਆਵਾਰ ਕਾਂਸ਼ੀ ਰਾਮ ਵੀ ਕਿਹਾ ਜਾਂਦਾ ਦਾ ਨਾਮ ਵੀ ਸ਼ਾਮਲ ਹੈ। ਬਾਬੂ ਕਾਂਸ਼ੀ ਰਾਮ ਮੈਮੋਰੀਅਲ ਟਰਸਟ ਦੇ ਚੇਅਰਮੈਨ ਅਤੇ ਬਾਬੂ ਕਾਂਸ਼ੀ ਰਾਮ ਦੀ ਭੈਣ ਸਵਰਨ ਕੌਰ ਅਤੇ ਭਾਣਜੇ ਰਵਿੰਦਰ ਸਿੰਘ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਬਾਬੂ ਕਾਂਸ਼ੀ ਰਾਮ ਦਾ ਜਨਮ 15 ਮਾਰਚ 1934 ਨੂੰ ਉਨ੍ਹਾਂ ਦੇ ਨਾਨਕੇ ਘਰ ਨੰਗਲ-ਚੰਡੀਗੜ੍ਹ ਮੁੱਖ ਮਾਰਗ ਤੇ ਇਤਿਹਾਸਕ ਕਸਬਾ ਬੂੰਗਾ ਸਾਹਿਬ ਕੋਲ ਪੈਂਦੇ ਪਿੰਡ ਪ੍ਰਿਥੀਪੁਰ ਵਿੱਚ ਹੋਇਆ। ਬਾਬੂ ਕਾਂਸ਼ੀ ਰਾਮ ਅਪਣੇ ਮਾਤਾ ਸਵਰਗੀ ਬਿਸ਼ਨ ਕੌਰ ਅਤੇ ਪਿਤਾ ਹਰੀ ਸਿੰਘ ਦੇ 7 ਬੱਚਿਆਂ ਵਿਚੋਂ ਸਭਤੋਂ ਵੱਡੇ ਸਨ। ਸਵਰਗੀ ਬਾਬੂ ਕਾਂਸ਼ੀ ਰਾਮ ਦਾ ਪਰਿਵਾਰ ਰੂਪਨਗਰ ਜਿਲ੍ਹੇ ਦੇ ਪਿੰਡ ਖੁਆਸਪੁਰਾ ਵਿੱਚ ਰਹਿੰਦਾ ਸੀ ਅਤੇ ਬਾਬੂ ਜੀ ਦੇ ਪਰਿਵਾਰ ਦੇ ਬਾਕੀ ਮੈਂਬਰਾਂ ਦੇ ਨਾਮ ਸਿੱਖ ਧਰਮ ਨਾਲ ਸਬੰਧਿਤ ਰੱਖਦੇ ਸਨ ਪ੍ਰੰਤੂ ਬਾਬੂ ਜੀ ਦਾ ਜਨਮ ਨਾਨਕੇ ਪਿੰਡ ਹੋਣ ਕਾਰਨ ਉਨ੍ਹਾਂ ਦਾ ਨਾਮ ਕਾਂਸ਼ੀ ਰਾਮ ਰੱਖਿਆ ਗਿਆ। ਉਨ੍ਹਾਂ ਦੇ ਨਾਨਾ ਜੀ ਦਾ ਨਾਮ ਸਾਹਿਬ ਦਿਤਾ ਸੀ ਅਤੇ ਉਨ੍ਹਾਂ ਦਾ ਬਾਬੂ ਜੀ ਦੇ ਜਨਮ ਤੋਂ ਪਹਿਲਾਂ ਹੀ ਸਵਰਗਵਾਸ ਹੋ ਚੁੱਕਾ ਸੀ। ਬਾਬੂ ਜੀ ਦੀ ਨਾਨੀ ਦਾ ਨਾਮ ਪ੍ਰਸਿੰਨੀ ਦੇਵੀ ਸੀ ਅਤੇ ਬਾਬੂ ਜੀ ਦੇ ਨਾਨਕੇ ਪਰਿਵਾਰ ਵਿੱਚ ਹੋਰ ਕੋਈ ਮਾਮਾ ਨਾਂ ਹੋਣ ਕਾਰਨ ਬਾਬੂ ਜੀ ਦਾ ਅਪਣੀ ਨਾਨੀ ਨਾਲ ਬਹੁਤ ਗੂੜ੍ਹਾ ਪਿਆਰ ਸੀ ਜਿਸ ਕਰਕੇ ਬਾਬੂ ਜੀ ਅਕਸਰ ਨਾਨਕੇ ਪਿੰਡ ਜਾਂਦੇ ਰਹਿੰਦੇ ਸਨ। ਨਾਨਕੇ ਪਿੰਡ ਨਾਲ ਪਿਆਰ ਕਾਰਨ ਹੀ ਬਾਬੂ ਜੀ ਨੇ ਆਪਣਾ ਮਕਾਨ ਵੀ ਨਾਨਕੇ ਪਿੰਡ ਵਿੱਚ ਹੀ ਬਣਾਇਆ ਸੀ। ਬਾਬੂ ਕਾਂਸ਼ੀ ਰਾਮ ਰਵਿਦਾਸੀਆ ਜਾਤ ਨਾਲ ਸਬੰਧ ਰੱਖਦੇ ਸਨ ਜੋਕਿ ਕਈ ਹੋਰ ਜਾਤਾਂ ਵਾਂਗ ਹੀ ਸਦੀਆਂ ਤੋਂ ਅਛੂਤ ਰਹੀ ਹੈ ਅਤੇ ਕਈ ਦੂਜੇ ਵਰਗਾਂ ਦੇ ਲੋਕ ਇਸ ਵਰਗ ਦੇ ਲੋਕਾਂ ਨੂੰ ਛੂਹਣਾ ਵੀ ਪਾਪ ਮੰਨਦੇ ਸਨ। ਬਾਬੂ ਕਾਂਸ਼ੀ ਰਾਮ ਅਪਣੇ ਸਾਰੇ ਭੈਣ ਭਰਾਵਾਂ ਵਿਚੋਂ ਸਭ ਨਾਲੋਂ ਵੱਧ ਪੜੇ ਲਿਖੇ ਸਨ। ਬਾਬੂ ਕਾਂਸ਼ੀ ਰਾਮ ਨੇ ਮੁਢਲੀ ਪੜਾਈ ਪਿੰਡ ਤੋਂ ਲੈਣ ਉਪਰੰਤ ਸਰਕਾਰੀ ਕਾਲਜ ਰੋਪੜ੍ਹ ਤੋਂ ਵਿਗਿਆਨ ਵਿੱਚ ਗ੍ਰੈਜੂਏਸਨ ਕੀਤੀ। ਬਾਬੂ ਕਾਂਸ਼ੀ ਰਾਮ ਨੇ ਲੱਖਾਂ ਅਛੂਤਾਂ ਵਾਂਗ ਅਛੂਤਾਂ ਨਾਂਲ ਹੋ ਰਹੇ ਗੈਰ ਮਨੁਖੀ ਵਿਤਕਰੇ ਨੂੰ ਅਪਣੇ ਅੱਖੀਂ ਵੇਖਿਆਂ ਅਤੇ ਕਈ ਵਾਰ ਆਪ ਹੰਢਾਇਆ। ਬਾਬੂ ਜੀ ਨੇ ਬਚਪਨ ਵਿੱਚ ਹੀ ਇਸ ਸਮਾਜਿਕ ਬੁਰਾਈ ਦਾ ਵਿਰੋਧ ਕਰਨਾ ਸ਼ੁਰੂ ਕਰ ਦਿਤਾ। 1958 ਵਿੱਚ ਬਾਬੂ ਕਾਂਸ਼ੀ ਰਾਮ ਨੇ ਰੱਖਿਆ ਉਤਪਾਦਨ ਵਿਭਾਗ ਵਿੱਚ ਸਹਾਇਕ ਵਿਗਿਆਨਕ ਦੇ ਤੋਰ ਤੇ ਨੌਕਰੀ ਸ਼ੁਰੂ ਕੀਤੀ। 1965 ਵਿੱਚ ਉਨ੍ਹਾਂ ਨੇ ਅਪਣੇ ਅਦਾਰੇ ਵਿੱਚ ਇੱਕ ਹੋਰ ਸਟਾਫ ਮੈਂਬਰ ਦੀਨਾ ਭਾਨ ਜੋਕਿ ਅਛੂਤ ਸੀ ਦੇ ਨਾਲ ਡਾਕਟਰ ਅੰਬੇਡਕਰ ਦੇ ਜਨਮ ਦਿਵਸ ਸਬੰਧੀ ਛੁੱਟੀ ਨਾਂ ਹੋਣ ਕਾਰਨ ਰੋਸ ਪ੍ਰਦਰਸ਼ਨ ਕੀਤਾ। ਬਾਬੂ ਜੀ ਨੇ ਦੀਨਾ ਭਾਨ ਨਾਲ ਮਿਲਕੇ ਸੰਘਰਸ ਕਰਕੇ ਤੇ ਲੰਬੀ ਲੜਾਈ ਲੜਕੇ ਇਸ ਕੰਪਨੀ ਵਿੱਚ ਬਾਬਾ ਸਾਹਿਬ ਦੇ ਜਨਮ ਦਿਵਸ ਅਤੇ ਬੁੱਧ ਜਯੰਤੀ ਦੀ ਬੰਦ ਕੀਤੀ ਗਈ ਛੁੱਟੀ ਮੁੜ੍ਹ ਸ਼ੁਰੂ ਕਰਵਾਈ। ਬਾਬੂ ਜੀ ਨੇ ਇਸਤੋਂ ਬਾਦ 1971 ਵਿੱਚ ਨੌਕਰੀ ਤੋਂ ਤਿਆਗ ਪੱਤਰ ਦੇ ਦਿਤਾ ਅਤੇ ਅਪਣੇ ਸਾਥੀ ਦੀਨਾ ਭਾਨ ਨਾਲ ਮਿਲਕੇ ਅਨੁਸੂਚਿਤ ਜਾਤਾਂ, ਅਨੁਸੂਚਿਤ ਜਨਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗਾਂ ਨਾਲ ਸਬੰਧਿਤ ਕਰਮਚਾਰੀਆਂ ਦੀ ਭਲਾਈ ਲਈ ਸੰਸਥਾ ਦੀ ਸਥਾਪਨਾ ਕੀਤੀ। ਬਾਬੂ ਜੀ ਨੇ ਅਪਣੀ ਨੋਕਰੀ ਦੌਰਾਨ ਦਲਿਤ ਰਹਿਵਰਾਂ ਵਲੋਂ ਕੀਤੇ ਗਏ ਸੰਘਰਸ ਨੂੰ ਪੜਿਆ ਅਤੇ ਸਮਝਿਆ। ਡਾਕਟਰ ਭੀਮ ਰਾਓ ਅੰਬੇਡਕਰ ਤੋਂ ਬਾਅਦ ਉਹਨਾਂ ਨੇ ਦੇਸ਼ ਦੇ ਦਲਿਤਾਂ ਨੂੰ ਸਹੀ ਅਰਥਾਂ ਵਿੱਚ ਏਕੇ ਦੇ ਸੂਤਰ ਵਿੱਚ ਬੰਨਣ ਦਾ ਸੁਪਨਾ ਸੱਚ ਕਰ ਦਿਖਾਇਆ। ਇਸਤੋਂ ਬਾਦ ਬਾਬੂ ਜੀ ਨੇ ਅਪਣਾ ਸਾਰਾ ਜੀਵਨ ਸਮਾਜ ਦੇ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਲਗਾ ਦਿਤਾ। ਬਾਬੂ ਜੀ ਨੇ ਅਪਣੇ ਸੰਘਰਸ਼ ਵਿੱਚ ਘੱਟ ਗਿਣਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ ਸ਼ਾਮਿਲ ਕਰਕੇ ਇੱਕ ਵੱਡੀ ਤਾਕਤ ਬਣਾਈ। ਬਾਬੂ ਜੀ ਨੇ ਦਲਿਤਾਂ ਨੂੰ ਇਸ ਦੇਸ਼ ਦੇ ਮੁਢਲੇ ਵਾਸੀ ਕਹਿਕੇ ਆਦਿ ਦਾ ਨਾਮ ਦਿਤਾ। ਬਾਬੂ ਕਾਂਸ਼ੀ ਰਾਮ ਨੇ ਮੋਜੂਦਾ ਦਲਿਤ ਲੀਡਰਸ਼ਿਪ ਨੂੰ ਨਕਾਰਦਿਆਂ ਕਿਹਾ ਕਿ ਪੂਨਾ ਪੈਕਟ ਜੋਕਿ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਮਹਾਤਮਾ ਗਾਂਧੀ ਵਿਚਕਾਰ ਇੱਕ ਸਮਝੋਤਾ ਸੀ ਨੇ ਸਿਰਫ ਚਮਚੇ ਹੀ ਪੈਦਾ ਕੀਤੇ ਹਨ। ਉਹ ਅਕਸਰ ਪੂਨਾ ਪੈਕਟ ਦੀ ਵਿਰੋਧਤਾ ਕਰਦਿਆਂ ਕਹਿੰਦੇ ਸਨ ਕਿ ਇਸ ਸਮਝੋਤੇ ਕਾਰਨ ਪੀ ਐਮ ਰਾਮਸੇ ਮੈਕਡੋਨਲਡ ਦੇ ਕਮਿਊਨਲ ਐਵਾਰਡ ਦੁਆਰਾ ਦੱਸੇ ਗਏ ਵੱਖਰੇ ਵੋਟ ਦੇ ਅਧਿਕਾਰ ਤੋਂ ਸਦੀਆਂ ਤੋਂ ਲਿਤਾੜੇ ਵਰਗਾਂ ਨੂੰ ਬਾਂਝੇ ਰਹਿਣਾ ਪਿਆ ਹੈ। ਬਾਬੂ ਜੀ ਨੇ ਇਸ ਸਬੰਧੀ ਅਪਣੀ ਕਿਤਾਬ ਚਮਚਾ ਯੁੱਗ ਵਿੱਚ ਵਿਸਥਾਰ ਵਿੱਚ ਵਰਣਨ ਕੀਤਾ ਹੈ। ਬਾਬੂ ਜੀ ਨੇ ਦਲਿਤ ਕਰਮਚਾਰੀਆਂ ਨੂੰ ਸੰਗਠਿਤ ਕੀਤਾ ਅਤੇ ਉਚੱ ਜਾਤਿ ਦੇ ਕਰਮਚਾਰੀਆਂ ਅਤੇ ਲੋਕਾਂ ਵਲੋਂ ਕੀਤੇ ਜਾ ਰਹੇ ਅਤਿਆਚਾਰਾਂ ਦਾ ਸੰਘਰਸ਼ਮਈ ਵਿਰੋਧ ਕਰਨ ਲਈ ਤਿਆਰ ਕੀਤਾ। ਬਾਬੂ ਜੀ ਨੇ ਦਲਿਤ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਅਪਣੇ ਕੁੱਝ ਸਾਥੀਆਂ ਨਾਲ ਸਾਇਕਲ ਯਾਤਰਾ ਕੀਤੀ ਅਤੇ ਜਾਗਰੂਕਤਾ ਅਭਿਆਨ ਚਲਾਇਆ। ਬਾਬੂ ਜੀ ਨੇ 06 ਦਸੰਬਰ, 1978 ਨੂੰ ਬੈਕਵਰਡ ਐਂਡ ਮਨਾਰਟੀਜ਼ ਕਮਿਊਨਿਟੀ ਇੰਪਲਾਇਜ਼ ਫੈਡਰੇਸ਼ਨ ਬਾਮਸੇਫ ਨਾਮ ਦਾ ਕਰਮਚਾਰੀ ਸੰਗਠਨ ਬਣਾਇਆ ਅਤੇ 6 ਦਸੰਬਰ 1981 ਨੂੰ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸਮਿਤੀ ਡੀ ਐਸ-4 ਨਾਮ ਦਾ ਸੰਗਠਨ ਤਿਆਰ ਕੀਤਾ। ਬਾਬ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਵਸ ਮੌਕੇ 14 ਅਪ੍ਰੈਲ 1984 ਨੂੰ ਬਾਬੂ ਜੀ ਨੇ ਰਾਜਨੀਤਿਕ ਪਾਰਟੀ ਬਹੁਜਨ ਸਮਾਜ ਪਾਰਟੀ (ਬੀ ਐਸ ਪੀ) ਬਣਾ ਦਿਤੀ ਅਤੇ ਦੇਸ਼ ਦੀ ਸੱਤਾ ਤੇ ਕਾਬਜ ਹੋਣ ਦਾ ਐਲਾਨ ਕਰ ਦਿਤਾ। ਬਾਬੂ ਜੀ ਦੁਆਰਾ 6000 ਜਾਤਾਂ ਨੂੰ ਇੱਕ ਪਲੇਟਫਾਰਮ ਤੇ ਲਿਆਉਣ ਅਤੇ 85 ਫਿਸਦੀ ਵਰਗ ਦੇ ਲੋਕਾਂ ਨੂੰ ਬਹੁਜ਼ਨ ਸਮਝਣ ਦੇ ਤਜ਼ਰਬੇ ਨਾਲ ਬੀ ਐਸ ਪੀ ਰਾਸ਼ਟਰੀ ਪਾਰਟੀ ਬਣ ਗਈ ਅਤੇ ਪਿਛਲੇ ਕਈ ਸਾਲਾਂ ਤੋਂ ਚਲਦੀਆਂ ਰਾਜਨੀਤਿਕ ਪਾਰਟੀਆਂ ਨੂੰ ਪਿੱਛੇ ਛੱਡਕੇ ਤੀਜੇ ਨੰਬਰ ਤੇ ਪਹੁੰਚ ਗਈ। 1989 ਦੀਆਂ ਲੋਕ ਸਭਾ ਚੋਣਾਂ ਵਿੱਚ ਬਾਬੂ ਕਾਂਸ਼ੀ ਰਾਮ ਦੀ ਅਗਵਾਈ ਵਿੱਚ ਬੀ ਐਸ ਪੀ ਨੇ ਦੇਸ਼ ਵਿੱਚ 2.07 ਫਿਸਦੀ ਵੋਟਾਂ ਪ੍ਰਾਪਤ ਕੀਤੀਆਂ ਅਤੇ 3 ਲੋਕ ਸਭਾ ਮੈਂਬਰ ਬਣੇ। 1992 ਵਿੱਚ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ ਇੱਕ ਵੱਡੀ ਰਾਜਨੀਤਿਕ ਪਾਰਟੀ ਵਜੋਂ ਸਾਹਮਣੇ ਆਈ ਜਿਸ ਵਿੱਚ 9 ਵਿਧਾਇਕ ਚੁਣੇ ਗਏ ਅਤੇ ਪੰਜਾਬ ਵਿੱਚ ਮੁੱਖ ਵਿਰੋਧੀ ਪਾਰਟੀ ਬਣੀ। 1993 ਵਿੱਚ ਦੇਸ਼ ਦੀ ਰਾਜਨੀਤੀ ਦਾ ਗੜ੍ਹ ਰਹਿਣ ਵਾਲੇ ਉਤੱਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ 67 ਵਿਧਾਇਕ ਬਣਾਕੇ ਵੱਡੀ ਜਿੱਤ ਹਾਸਲ ਕੀਤੀ। ਬਾਬੂ ਜੀ ਆਪ ਦੋ ਵਾਰ 1991 ਅਤੇ 1996 ਵਿੱਚ ਲੋਕ ਸਭਾ ਮੈਂਬਰ ਚੁਣੇ ਗਏ। ਦੱਸਣਯੋਗ ਹੈ ਕਿ 1996 ਵਿੱਚ ਪੰਜਾਬ ਦੇ ਜਿਸ ਲੋਕ ਸਭਾ ਹਲਕੇ ਹੁਸ਼ਿਆਰਪੁਰ ਤੋਂ ਬਾਬੂ ਕਾਂਸ਼ੀ ਰਾਮ ਲੋਕ ਸਭਾ ਮੈਂਬਰਬਣੇ ਇਸੇ ਹਲਕੇ ਤੋਂ 50 ਸਾਲ ਪਹਿਲਾਂ ਆਦਿ ਧਰਮ ਮੁਹਿੰਮ ਦੇ ਮੋਢੀ ਬਾਬੂ ਮੰਗੂ ਰਾਮ ਮੂਗੋਵਾਲੀਆ ਵਿਧਾਇਕ ਬਣੇ ਸਨ। 18 ਫਰਵਰੀ 2001 ਨੂੰ ਆਦਿ ਧਰਮ ਦੀ ਸਥਾਪਨਾ ਦੇ 75 ਸਾਲ ਹੋਣ ਤੇ ਬਹੁਜਨ ਸਮਾਜ ਪਾਰਟੀ ਵਲੋਂ ਹੁਸ਼ਿਆਰਪੁਰ ਵਿੱਚ ਇੱਕ ਵਿਸ਼ਾਲ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਬਾਬੂ ਕਾਂਸ਼ੀ ਰਾਮ ਨੇ ਆਦਿ ਧਰਮ ਮੁਹਿੰਮ ਦੇ ਸਿਧਾਂਤਾਂ ਤੇ ਚੱਲਣ ਦਾ ਸੁਨੇਹਾ ਦਿਤਾ। 1998 ਵਿੱਚ ਬਾਬੂ ਜੀ ਨੇ ਇਹ ਵਾਅਦਾ ਕੀਤਾ ਕਿ ਉਹ ਉਦੋਂ ਤੱਕ ਆਪ ਚੋਣ ਨਹੀਂ ਲੜਣਗੇ ਜਦੋਂ ਤੱਕ ਲੋਕ ਸਭਾ ਵਿੱਚ ਘਟੋ ਘੱਟ 100 ਮੈਂਬਰ ਜਿੱਤਕੇ ਨਹੀਂ ਜਾਂਦੇ ਤਾਂ ਜੋ ਦੇਸ਼ ਦੀ ਸੱਤਾ ਦੀ ਚਾਬੀ ਦਲਿਤਾਂ ਦੇ ਹੱਥਾਂ ਵਿੱਚ ਆ ਸਕੇ। ਉਸਤੋਂ ਬਾਦ ਬਹੁਜਨ ਸਮਾਜ ਪਾਰਟੀ ਬੇਸੱਕ ਪੰਜਾਬ ਵਿੱਚ ਪੂਰੀ ਤਰਾਂ ਕਾਮਯਾਬ ਨਹੀਂ ਹੋ ਸਕੀ ਪਰ ਉਤੱਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ ਕਈ ਵਾਰ ਸਰਕਾਰ ਬਣਾਈ। ਬਾਬੂ ਕਾਂਸ਼ੀ ਰਾਮ ਜੋ ਕਿ ਸ਼ੂਗਰ ਦੀ ਬਿਮਾਰੀ ਤੋਂ ਪੀੜ੍ਹਿਤ ਸਨ ਨੂੰ 1994 ਵਿੱਚ ਦਿਲ ਦਾ ਦੌਰਾ ਪੈ ਗਿਆ। 2003 ਵਿੱਚ ਬਾਬੂ ਜੀ ਦੀ ਹਾਲਤ ਹੋਰ ਜਿਆਦਾ ਖਰਾਬ ਹੋ ਗਈ ਅਤੇ 2004 ਤੋਂ ਬਾਦ ਬਾਬੂ ਜੀ ਨੇ ਹਰ ਤਰਾਂ ਦੇ ਜਨਤਕ ਪ੍ਰੋਗਰਾਮਾਂ ਵਿੱਚ ਜਾਣਾ ਬੰਦ ਕਰ ਦਿਤਾ। ਅੰਤ ਬਾਬੂ ਜੀ ਲੰਬੀ ਬਿਮਾਰੀ ਬਾਦ ਮਿਤੀ 09 ਅਕਤੂਬਰ 2006 ਨੂੰ ਸਦੀਵੀ ਵਿਛੋੜਾ ਦੇ ਗਏ। ਬਾਬੂ ਕਾਂਸ਼ੀ ਰਾਮ ਬੇਸ਼ੱਕ ਬਹੁਜਨ ਸਮਾਜ ਪਾਰਟੀ ਨਾਲ ਹੀ ਜੁੜ੍ਹੇ ਰਹੇ ਪਰੰਤੂ ਹੁਣ ਉਨ੍ਹਾਂ ਨੂੰ ਹਰ ਰਾਜਨੀਤਿਕ ਪਾਰਟੀ ਪੂਰਾ ਮਾਣ ਸਨਮਾਨ ਦਿੰਦੀ ਹੈ। ਬਾਬੂ ਕਾਂਸ਼ੀ ਰਾਮ ਦੇ ਪਰਿਵਾਰ ਵਲੋਂ ਬਾਬੂ ਕਾਂਸ਼ੀ ਰਾਮ ਮੈਮੋਰੀਅਲ ਟਰੱਸਟ ਬਣਾਇਆ ਗਿਆ ਹੈ ਜਿਸ ਵਲੋਂ ਬਾਬੂ ਜੀ ਦੀ ਯਾਦ ਵਿੱਚ ਉਨ੍ਹਾ ਦੇ ਨਾਨਕੇ ਪਿੰਡ ਪ੍ਰਿਥੀਪੁਰ ਬੂੰਗਾ ਵਿੱਚ ਬਾਬੂ ਕਾਂਸ਼ੀ ਰਾਮ ਨਾਲ ਜੁੜ੍ਹੀਆਂ ਵਸਤਾਂ ਦੀ ਇੱਕ ਲਾਇਬ੍ਰੇਬੀ ਤਿਆਰ ਕੀਤੀ ਗਈ ਹੈ। ਵਰਣਨਯੋਗ ਹੈ ਕਿ ਇਸਦਾ ਨੀਂਹ ਪੱਥਰ ਉਤੱਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਅਤੇ ਮੋਜੂਦਾ ਬੀ ਐਸ ਪੀ ਸੁਪਰੀਮੋ ਕੁਮਾਰੀ ਮਾਇਆਵਤੀ ਨੇ 01 ਅਗਸਤ, 1997 ਨੂੰ ਰੱਖਿਆ ਸੀ ਅਤੇ ਇਸਦਾ ਉਦਘਾਟਨ ਬਾਬੂ ਜੀ ਦੇ ਜਨਮ ਦਿਵਸ ਤੇ 15 ਮਾਰਚ, 2013 ਨੂੰ ਪੀ ਐਲ ਪੂਨੀਆ ਚੇਅਰਮੈਨ ਰਾਸ਼ਟਰੀ ਅਨੁਸੂਚਿਤ ਜਾਤਿ ਆਯੋਗ ਨੇ ਕੀਤਾ ਸੀ। ਇਸ ਮੋਕੇ ਕਰਵਾਏ ਗਏ ਸਮਾਗਮ ਵਿੱਚ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂ ਬਲਵੰਤ ਸਿੰਘ ਰਾਮੂਵਾਲੀਆ, ਸ਼ਮਸ਼ੇਰ ਸਿੰਘ ਦੂਲੋ, ਰਾਣਾ ਕੇ ਪੀ ਸਿੰਘ, ਪਵਨ ਕੁਮਾਰ ਟੀਨੂੰ, ਸ਼ਿੰਗਾਰਾ ਰਾਮ ਸਹੂੰਗੜਾ ਆਦਿ ਹਾਜਰ ਸਨ।

ਬਾਬੂ ਕਾਂਸ਼ੀ ਰਾਮ ਬੇਸ਼ੱਕ ਬਹੁਜਨ ਸਮਾਜ ਪਾਰਟੀ ਨਾਲ ਹੀ ਜੁੜ੍ਹੇ ਰਹੇ ਪਰੰਤੂ ਹੁਣ ਉਨ੍ਹਾਂ ਨੂੰ ਹਰ ਰਾਜਨੀਤਿਕ ਪਾਰਟੀ ਪੂਰਾ ਮਾਣ ਸਨਮਾਨ ਦਿੰਦੀ ਹੈ। ਭਾਰਤੀ ਜਨਤਾ ਪਾਰਟੀ ਵਲੋਂ ਵੀ ਬਾਬੂ ਕਾਂਸ਼ੀ ਰਾਮ ਦੇ ਸਨਮਾਨ ਵਿੱਚ ਵਿਸ਼ੇਸ਼ ਯਾਤਰਾ ਕੱਢੀ ਗਈ, ਆਰ ਪੀ ਆਈ ਆਗੂ ਅਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਪੋਤੇ ਪ੍ਰਕਾਸ਼ ਅੰਬੇਡਕਰ, ਭਾਰਤੀ ਸ਼ੋਸ਼ਿਤ ਸਮਾਰ ਸੰਘਰਸ਼ ਸੰਗਠਨ ਦੇ ਆਗੂ ਜਸਵਿੰਦਰ ਕੌਰ, ਹਰਨੇਕ ਸਿੰਘ, ਕੁਲਦੀਪ ਚੰਦ, ਪਰਮਿੰਦਰ ਪਾਲ, ਕ੍ਰਿਪਾਲ ਸਿੰਘ, ਜੇਮਜ਼ ਰਾਇਲ, ਤ੍ਰਿਲੋਕੀ ਨਾਥ, ਰਾਕੇਸ਼ ਕੁਮਾਰ, ਕਾਂਗਰਸੀ ਆਗੂ ਲੋਕ ਸਭਾ ਮੈਂਬਰ ਅਤੇ ਸਾਬਕਾ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ, ਆਮ ਆਦਮੀ ਪਾਰਟੀ ਦੇ ਆਗੂ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜ਼ਰੀਵਾਲ, ਅਪਣਾ ਪੰਜਾਬ ਪਾਰਟੀ ਆਗੂ ਸੁੱਚਾ ਸਿੰਘ ਛੋਟੇਪੁਰ ਆਦਿ ਵੀ ਅਪਣੇ ਹੋਰ ਸਾਥੀਆਂ ਨਾਲ ਇਸ ਸਥਾਨ ਤੇ ਵਿਸ਼ੇਸ਼ ਤੋਰ ਤੇ ਆਏ। ਇਸ ਤਰਾਂ ਸਮੇਂ ਸਮੇਂ ਤੇ ਸਮਾਜਿਕ, ਧਾਰਮਿਕ ਅਤੇ ਵੱਖ ਵੱਖ ਪਾਰਟੀਆਂ ਦੇ ਹੋਰ ਆਗੂ ਬਾਬੂ ਜੀ ਦੇ ਨਾਮ ਤੇ ਬਣਾਏ ਗਏ ਟਰੱਸਟ ਵਿੱਚ ਜਾਂਦੇ ਹਨ ਅਤੇ ਬਾਬੂ ਜੀ ਦੇ ਸੰਘਰਸ਼ਮਈ ਜੀਵਨ ਤੋਂ ਸੇਧ ਲੈਂਦੇ ਹਨ। ਦੇਸ਼ ਵਿੱਚ ਦਲਿਤ ਰਾਜਨੀਤੀ ਦਾ ਧੁਰਾ ਰਹੇ ਬਾਬੂ ਕਾਂਸ਼ੀ ਰਾਮ ਦਾ ਨਾਮ ਰਹਿੰਦੀ ਦੁਨੀਆਂ ਤੱਕ ਲੋਕਾਂ ਦੇ ਦਿਲਾਂ ਵਿੱਚ ਵਸਿਆ ਰਹੇਗਾ।





# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 640ਵਾਂ ਗੁਰਪੁਰਬ ਅਤੇ 17ਵਾਂ ਨਗਰ ਕੀਰਤਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ

(ਸਫਾ 1 ਦੀ ਬਾਕੀ)

ਇਸ ਖੁਸ਼ੀ ਦੇ ਮੌਕੇ ਤੇ ਦੋਵੇਂ ਦਿਨ ਸੰਗਤਾਂ ਵੱਲੋਂ ਵੱਖ ਵੱਖ ਲੰਗਰਾਂ ਦੇ ਸਟਾਲ ਲਗਾਏ ਗਏ। ਖਰੀਦੋ-ਫਰੋਖਤ ਦੇ ਸਟਾਲਾਂ ਉੁਪਰ ਵੀ ਪੂਰੀ ਰੌਣਕ ਬਣੀ ਰਹੀ। ਨਗਰ ਕੀਰਤਨ ਵਿਚ ਸ਼ਾਮਲ ਹੋਣ ਲਈ ਤਕਰੀਬਨ 14-15 ਹਜ਼ਾਰ ਦੀ ਗਿਣਤੀ ਵਿਚ ਸੰਗਤਾਂ ਦੇਸ਼-ਵਿਦੇਸ਼ ਤੋਂ ਪੁੱਜੀਆਂ। ਭਾਈ ਜਸਪਾਲ ਸਿੰਘ, ਭਾਈ ਅਮਰਜੀਤ ਸਿੰਘ, ਭਾਈ ਨਿਰਮਲ ਸਿੰਘ ਹਜ਼ੂਰੀ ਰਾਗੀ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ, ਭਾਈ ਜਸਬੀਰ ਸਿੰਘ ਖਾਲਸਾ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਉਂਕਾਰ ਸਿੰਘ ਊਨਾ ਸਾਹਿਬ ਵਾਲੇ, ਭਾਈ ਹਰਜਿੰਦਰ ਸਿੰਘ ਰਸੀਆ, ਬੀਬੀ ਚੈਂਚਲਜੀਤ ਕੌਰ ਦੇ ਢਾਡੀ ਜਥੇ ਨੇ ਸੰਗਤਾਂ ਨੂੰ ਵਾਰਾਂ ਨਾਲ ਨਿਹਾਲ ਕੀਤਾ। ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ, ਸ੍ਰੀ ਗੁਰੂ ਰਵਿਦਾਸ ਟੈਂਪਲ ਸੈਲਮਾ, ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ, ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ, ਸ੍ਰੀ ਗੁਰੂ ਰਵਿਦਾਸ ਟੈਂਪਲ ਬੇ-ਏਰੀਆ, ਭਗਵਾਨ ਵਾਲਮੀਕ ਸਭਾ ਯੂਬਾ ਸਿਟੀ, ਡਾ. ਅੰਬੇਡਕਰ ਸੰਸਥਾਵਾਂ, ਵੱਖ-ਵੱਖ ਸਿੱਖ ਗੁਰੂ ਘਰਾਂ ਤੋਂ ਕਮੇਟੀਆਂ ਸਮੇਤ ਸੰਗਤਾਂ ਨੇ ਹਾਜ਼ਰੀਆਂ ਲਗਵਾਈਆਂ। ਢਾਡੀ ਜਥਾ ਭੰਡਾਲ ਯੂਬਾ ਸਿਟੀ ਤੋਂ ਸੰਗਤਾਂ ਨੂੰ ਢਾਡੀ ਵਾਰਾਂ ਨਾਲ ਨਿਹਾਲ ਕੀਤਾ। ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਤੋਂ ਸ੍ਰੀ ਹਰਦਿਆਲ ਬੰਗਾ ਜੀ ਨੇ ਹਰ ਸਾਲ ਵਾਂਗ ਨਗਰ ਕੀਰਤਨ ਦੀਆ ਸੰਗਤਾਂ ਅਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਫੁੱਲਾਂ ਦੀ ਵਰਖਾ ਕੀਤੀ। ਸਟੇਜ ਦੀ ਸੇਵਾ ਰਾਜ ਸੂਦ ਨੇ ਕੀਤੀ ਅਤੇ ਸਾਰੀਆਂ ਸੰਗਤਾਂ ਦਾ ਧੰਨਵਾਦ ਕੀਤਾ। ਸਾਰੀਆਂ ਸੰਗਤਾਂ ਨੂੰ ਹਰ ਸਾਲ ਖੁਸ਼ੀਆਂ ਮਨਾਉਣ ਦਾ ਸੱਦਾ ਦਿੱਤਾ। ਇਹ ਜਾਣਕਾਰੀ ਦੀਪਕ ਸਰੋਏ, ਪੀ. ਆਰ. ਓ. ਨੇ ਦਿੱਤੀ।

## 7 ਕੈਬਨਿਟ ਤੇ 2 ਰਾਜ ਮੰਤਰੀਆਂ ਸਮੇਤ 16 ਨੂੰ ਸਹੁੰ ਚੁੱਕਣ ਕੈਪਟਨ ਅਮਰਿੰਦਰ ਸਿੰਘ

(ਸਫਾ 1 ਦੀ ਬਾਕੀ)

ਇਨ੍ਹਾਂ ਤੋਂ ਇਲਾਵਾ ਦੋ ਰਾਜ ਮੰਤਰੀਆਂ ਨੂੰ ਵੀ ਸਹੁੰ ਚੁਕਾਈ ਜਾ ਰਹੀ ਹੈ। ਇਨ੍ਹਾਂ 'ਚ ਸੰਗਰੂਰ ਜ਼ਿਲ੍ਹੇ ਤੋਂ ਰਜ਼ੀਆ ਸੁਲਤਾਨਾ ਤੇ ਗੁਰਦਾਸਪੁਰ ਜ਼ਿਲ੍ਹੇ ਤੋਂ ਅਰੁਣਾ ਚੌਧਰੀ ਸ਼ਾਮਲ ਹਨ। ਦੂਜੇ ਗੇੜ ਵਿੱਚ ਹੋਰ ਮੰਤਰੀਆਂ ਤੇ ਇਕ ਡਿਪਟੀ ਸਪੀਕਰ ਨੂੰ ਸਹੁੰ ਚੁਕਾਏ ਜਾਣ ਦੀ ਸੰਭਾਵਨਾ ਹੈ। ਕੈਪਟਨ ਵਜ਼ਾਰਤ ਦੇ ਪਹਿਲੇ ਗੇੜ 'ਚ 14 ਜ਼ਿਲ੍ਹੇ ਬਿਨਾਂ ਪ੍ਰਤੀਨਿਧਤਾ ਤੋਂ ਰਹਿ ਜਾਣਗੇ ਕਿਉਂਕਿ ਵਜ਼ਾਰਤ ਵਿੱਚ ਮੁੱਖ ਮੰਤਰੀ ਸਮੇਤ 18 ਮੰਤਰੀ ਹੀ ਸ਼ਾਮਲ ਹੋ ਸਕਦੇ ਹਨ। ਬਾਅਦ ਵਿੱਚ ਵਜ਼ਾਰਤ ਵਿੱਚ ਵਾਧੇ ਸਮੇਂ ਕੁੱਝ ਹੋਰ ਜ਼ਿਲ੍ਹਿਆਂ ਨੂੰ ਹੀ ਪ੍ਰਤੀਨਿਧਤਾ ਮਿਲ ਸਕੇਗੀ ਤੇ ਬਾਕੀ ਬਿਨਾਂ ਪ੍ਰਤੀਧਿਤਾ ਤੋਂ ਰਹਿ ਜਾਣਗੇ। ਹਲਫਦਾਰੀ ਸਮਾਗਮ 'ਚ ਸਾਬਕਾ ਕੇਂਦਰੀ ਮੰਤਰੀ ਅੰਬਿਕਾ ਸੋਨੀ, ਪੰਜਾਬ ਪ੍ਰਦੇਸ਼ ਕਾਂਗਰਸ ਦੇ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ, ਸਹਾਇਕ ਇੰਚਾਰਜ ਹਰੀਸ਼ ਚੌਧਰੀ ਅਤੇ ਹੋਰ ਆਗੂਆਂ ਦੇ ਹਾਜ਼ਰ ਹੋਣ ਦੀ ਸੰਭਾਵਨਾ ਹੈ।

## ਨਾਗਰਿਕਾਂ ਨੂੰ ਭਾਈਚਾਰਕ ਸਾਂਝ ਅਤੇ ਸਮਾਜਿਕ ਸਦਭਾਵਨਾ ਨੂੰ ਸੱਟ ਮਾਰਨ ਵਾਲਿਆਂ ਤੋਂ ਚੌਕਸ ਰਹਿਣ ਦੀ ਅਪੀਲ

**ਮੁਕੰਦਪੁਰ, (ਰੇਸ਼ਮ ਕਰਨਾਣਵੀ)-** ਜਮਹੂਰੀ ਅਧਿਕਾਰ ਸਭਾ (ਪੰਜਾਬ) ਦੀ ਸੂਬਾ ਕਮੇਟੀ ਵਲੋਂ ਜਾਰੀ ਕੀਤੇ ਪ੍ਰੈੱਸ ਬਿਆਨ ਵਿਚ ਸੂਬੇ ਅੰਦਰ ਵਾਪਰ ਰਹੀਆਂ ਚਿੰਤਾਜਨਕ ਘਟਨਾਵਾਂ ਉੱਪਰ ਡੂੰਘੀ ਫ਼ਿਕਰਮੰਦੀ ਦਾ ਇਜ਼ਹਾਰ ਕੀਤਾ ਗਿਆ ਹੈ ਅਤੇ ਅਮਨਪਸੰਦ ਨਾਗਰਿਕਾਂ ਨੂੰ ਇਨ੍ਹਾਂ ਘਟਨਾਵਾਂ ਨੂੰ ਅੰਜਾਮ ਦੇਣ ਵਾਲਿਆਂ ਦੇ ਖ਼ਤਰਨਾਕ ਮਨਸੂਬਿਆਂ ਤੋਂ ਚੌਕਸ ਰਹਿਣ ਦੀ ਅਪੀਲ ਕੀਤੀ ਗਈ ਹੈ ਅਤੇ ਡੇਰਾ-ਪ੍ਰੇਮੀ ਪਿਉ-ਪੁਤ ਕਤਲ ਕਾਂਡ ਦੀ ਨਿਖੇਧੀ ਕੀਤੀ ਗਈ ਹੈ। ਸਭਾ ਦੇ ਸੂਬਾ ਪ੍ਰਧਾਨ ਪੋਫੈਸਰ ਏ.ਕੇ. ਮਲੇਰੀ, ਸੂਬਾ ਜਨਰਲ ਸਕੱਤਰ ਪ੍ਰੋਫੈਸਰ ਜਗਮੋਹਣ ਸਿੰਘ ਅਤੇ ਪ੍ਰੈੱਸ ਸਕੱਤਰ ਬੂਟਾ ਸਿੰਘ ਨੇ ਕਿਹਾ ਪੰਜਾਬ ਵਿਚ ਪਿਛਲੇ ਦੋ-ਢਾਈ ਸਾਲਾਂ ਤੋਂ ਭਾਈਚਾਰਕ ਸਾਂਝ, ਫਿਰਕੂ ਸਦਭਾਵਨਾ ਅਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਤੋਂ ਲੈਕੇ ਧਾਰਮਿਕ ਫਿਰਕਿਆਂ ਨਾਲ ਸਬੰਧਤ ਵਿਅਕਤੀਆਂ ਦੇ ਕਤਲਾਂ ਦੀਆਂ ਘਟਨਾਵਾਂ ਲਗਾਤਾਰ ਹੋ ਰਹੀਆਂ ਹਨ। ਪੰਜਾਬ ਸਰਕਾਰ ਅਤੇ ਅਮਨ-ਕਾਨੂੰਨ ਬਰਕਰਾਰ ਰੱਖਣ ਲਈ ਜ਼ਿੰਮੇਵਾਰ ਪੁਲਿਸ ਤੇ ਹੋਰ ਸਰਕਾਰੀ ਏਜੰਸੀਆਂ ਇਨ੍ਹਾਂ ਤਮਾਮ ਘਟਨਾਵਾਂ ਦੀ ਸਹੀ ਜਾਂਚ ਕਰਕੇ ਮੁਜਰਿਮਾਂ ਨੂੰ ਕਟਹਿਰੇ ਵਿਚ ਖੜ੍ਹੇ ਕਰਨ ਵਿਚ ਪੂਰੀ ਤਰ੍ਹਾਂ ਨਾਕਾਮ ਰਹੀਆਂ ਹਨ। ਜਦਕਿ ਮੌੜ ਮੰਡੀ ਬੰਬ ਕਾਂਡ ਵਿਚ ਜ਼ਿਲ੍ਹਾ ਪੁਲਸ ਵਲੋਂ ਜਨਤਕ ਜਮਹੂਰੀ ਜਥੇਬੰਦੀਆਂ ਦੇ ਕਾਰਕੁੰਨਾਂ ਨੂੰ ਉਲਝਾਉਣ ਦੀ ਬੇਹੂਦਾ ਕੋਸ਼ਿਸ਼ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਦੀ ਵਾਰ-ਵਾਰ ਬੇਅਦਬੀ, ਆਰ.ਐੱਸ. ਐੱਸ. ਦੇ ਮੁੱਖ ਆਗੂ ਗਗਨੇਜਾ ਦੇ ਕਤਲ ਤੋਂ ਲੈਕੇ ਮੌੜ ਮੰਡੀ ਬੰਬ ਕਾਂਡ ਆਦਿ ਵੱਡੀਆਂ ਵਾਰਦਾਤਾਂ ਅਜੇ ਤਕ ਡੂੰਘਾ ਭੇਤ ਬਣੀਆਂ ਹੋਈਆਂ ਹਨ ਅਤੇ ਹੁਣ ਮੰਡੀ ਅਹਿਮਦਗੜ੍ਹ ਨੇੜੇ ਡੇਰਾ ਸਿਰਸਾ ਦੇ ਸ਼ਰਧਾਲੂ ਪਿਓ-ਪੁੱਤ ਨੂੰ ਕਤਲ ਕਰ ਦਿੱਤਾ ਗਿਆ ਹੈ। ਇਹ ਕਾਤਲ ਵੀ ਹੁਣ ਤਕ ਅਣਪਛਾਤੇ ਹੀ ਹਨ। ਪੰਜਾਬ ਸਰਕਾਰ ਦੀ ਨਾਲਾਇਕ ਗਵਰਨੈਂਸ ਕਾਰਨ ਹੁਣ ਤਕ ਇਹ ਭੇਤ ਬਣਿਆ ਹੋਇਆ ਹੈ ਕਿ ਇਨ੍ਹਾਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੀਆਂ ਸਾਜ਼ਿਸ਼ੀ ਤਾਕਤਾਂ ਕੌਣ ਹਨ ਅਤੇ ਉਨ੍ਹਾਂ ਦੇ ਉਦੇਸ਼ ਕੀ ਹਨ। ਸਭਾ ਦੇ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਅਮਨ-ਕਾਨੂੰਨ ਲਈ ਜ਼ਿੰਮੇਵਾਰ ਪ੍ਰਸ਼ਾ-ਸਨਿਕ ਮਸ਼ੀਨਰੀ ਦੀ ਇਹ ਮੁਜਮਰਾਨਾ ਲਾਪ੍ਰਵਾਹੀ ਇਨ੍ਹਾਂ ਦੀ ਨੀਅਤ 'ਤੇ ਗੰਭੀਰ ਸਵਾਲ ਖੜ੍ਹੇ ਕਰਦੀ ਹੈ ਜੋ ਸੂਬੇ ਦੇ ਮਾਹੌਲ ਨੂੰ ਵਿਗਾੜਨ ਦਾ ਕਾਰਨ ਬਣ ਸਕਦੀ ਹੈ। ਸਭਾ ਸਿੱਖ ਫਿਰਕੇ ਦੇ ਕੁਝ ਲੋਕਾਂ ਵਲੋਂ ਡੇਰਾ ਸਿਰਸੇ ਦੇ ਪੈਰੋਕਾਰਾਂ ਨੂੰ ਉਨ੍ਹਾਂ ਦੇ ਧਾਰਮਿਕ ਸਥਾਨਾਂ ਅਤੇ ਇਥੋਂ ਤਕ ਘਰਾਂ ਅੰਦਰ ਵੀ ਆਪਣੇ ਧਾਰਮਿਕ ਵਿਸ਼ਵਾਸ ਅਨੁਸਾਰ ਅਕੀਦਤ ਦੀ ਪਾਲਣਾ ਕਰਨ ਤੋਂ ਰੋਕਣ ਦਾ ਵੀ ਗੰਭੀਰ ਨੋਟਿਸ ਲੈਂਦੀ ਹੈ ਜੋ ਨਹਾਇਤ ਧੱਕੇਸ਼ਾਹੀ ਅਤੇ ਧਰਮ ਨੂੰ ਮੰਨਣ ਦੀ ਸਵਿਧਾਨਕ ਆਜ਼ਾਦੀ ਉੱਪਰ ਹਮਲਾ ਹੈ। ਸਥਾਪਤ ਧਾਰਮਕ ਸੰਸਥਾਵਾਂ ਵਲੋਂ ਕਿਸੇ ਭਾਈਚਾਰੇ ਦੇ ਸਮਾਜਕ ਬਾਈਕਾਟ ਦੇ ਖੁੱਲ੍ਹੇ ਫਤਵੇ ਜਾਰੀ ਕਰਨ ਨੂੰ ਕਿਸੇ ਵੀ ਸਭਿਅਕ ਤੇ ਜਮਹੂਰੀ ਸਮਾਜ 'ਚ ਮਾਨਤਾ ਨਹੀਂ ਦਿਤੀ ਜਾ ਸਕਦੀ । ਇਹ ਵਰਤਾਰਾ ਸਿੱਖ ਲਹਿਰ ਦੀ ਵਿਚਾਰਾਂ ਦੀ ਆਜ਼ਾਦੀ ਦੇ ਹੱਕ ਵਿਚ ਡੱਟਣ ਦੀ ਸ਼ਾਨਦਾਰ ਵਿਰਾਸਤ ਦੇ ਵੀ ਉਲਟ ਹੈ। ਸਭਾ ਪੰਜਾਬ ਦੇ ਲੋਕਾਂ ਨੂੰ ਦਰਿਆਈ ਪਾਣੀਆਂ ਦੀ ਵੰਡ ਦੇ ਸਵਾਲ ਉੱਪਰ ਖੇਡੀ ਜਾ ਰਹੀ ਖ਼ੁਦਗਰਜ਼ ਤੇ ਸੌੜੀ ਸਿਆਸਤ ਤੋਂ ਵੀ ਖ਼ਬਰਦਾਰ ਕਰਦੀ ਹੈ, ਜਿਸਨੂੰ ਹੁਣ ਤਕ ਕੇਂਦਰ ਵਿਚ ਬਣੀਆਂ ਸਰਕਾਰਾਂ ਵਲੋਂ ਸਥਾਪਤ ਨੇਮਾਂ ਅਨੁਸਾਰ ਹੱਲ ਕਰਨ ਤੋਂ ਟਾਲਾ ਵੱਟਿਆ ਗਿਆ ਹੈ ਅਤੇ ਇਸ ਮਸਲੇ ਨੂੰ ਅਦਾਲਤਾਂ ਵਿਚ ਦਹਾਕਿਆਂ ਬੱਧੀ ਘਸੀਟਕੇ ਸੱਤਾ ਉੱਪਰ ਕਾਬਜ਼ ਹੋਣ ਦੀ ਘਿਣਾਉਣੀ ਸਿਆਸੀ ਖੇਡ ਲਈ ਵਰਤਿਆ ਜਾ ਰਿਹਾ ਹੈ। ਸਭਾ ਜਮਹੂਰੀ ਅਤੇ ਅਮਨਪਸੰਦ ਤਾਕਤਾਂ ਨੂੰ ਅਪੀਲ ਕਰਦੀ ਹੈ ਕਿ ਦਰਿਆਈ ਪਾਣੀਆਂ ਦੇ ਤਰਕਸ਼ੀਲ ਹੱਲ ਲਈ ਆਵਾਜ਼ ਉਠਾਉਣ ਅਤੇ ਗੁਆਂਢੀਆਂ ਸੂਬਿਆਂ ਦਰਮਿਆਨ ਤਣਾਓ ਪੈਦਾ

# ਚੜ੍ਹਦੀ ਕਲਾ ਦਾ ਪ੍ਰਤੀਕ ਹੋਲਾ-ਮਹੱਲਾ



ਸਰਵਜੀਤ ਸਿੰਘ ਸੈਕਰਾਮੈਂਟੋ

ਭਾਰਤੀ ਸਮਾਜ ਵਿਚ ਮਨਾਏ ਜਾਂਦੇ ਬਹੁਤ ਸਾਰੇ ਦਿਨ-ਤਿਉਹਾਰਾਂ 'ਚ ਹੋਲੀ, ਚੰਦ ਦੇ ਕੈਲੰਡਰ ਮੁਤਾਬਕ ਸਾਲ ਦੇ ਆਖਰੀ ਦਿਨ, ਭਾਵ ਫੱਗਣ ਦੀ ਪੂੰਨਿਆ ਨੂੰ ਮਨਾਈ ਜਾਣ ਦਾ ਵਿਧਾਨ ਹੈ। ਹਿੰਦੂ ਮਿਥਿਹਾਸ ਨਾਲ ਸਬੰਧਿਤ ਕਈ ਕਥਾ ਕਹਾਣੀਆਂ, ਇਸ ਦਿਨ ਨਾਲ ਵੀ ਜੁੜੀਆਂ ਹੋਈਆਂ ਹਨ। ਇਹ ਵੀ ਮੰਨਿਆ ਜਾਂਦਾ ਹੈ ਕਿ ਵਰਨਣ ਵੰਡ ਮੁਤਾਬਕ ਕਦੇ ਇਹ ਦਿਨ ਸੂਦਰਾਂ ਲਈ ਰਾਖਵਾਂ ਹੁੰਦਾ ਸੀ। ਹੋਲੀ ਦਾ ਸਿੱਖ ਧਰਮ ਨਾਲ ਕੋਈ ਸਬੰਧ ਨਹੀਂ ਹੈ। ਹੋਰ ਇਨਕਲਾਬੀ ਫੈਸਲਿਆਂ ਦੀ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਤਿਉਹਾਰ 'ਚ ਵੀ ਇਨਕਲਾਬੀ ਤਬਦੀਲੀ ਲਿਆਂਦੀ ਅਤੇ ਹੋਲੀ ਦਾ ਬਦਲ, 'ਹੋਲਾ ਮਹੱਲਾ' ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਸੰਗਤਾਂ ਨੂੰ ਕਰਮਕਾਂਡਾਂ ਵਿਚੋਂ ਕੱਢ ਕੇ ਗੁਲਾਮੀ ਦੇ ਦੀਆਂ ਜ਼ੰਜੀਰਾਂ ਨੂੰ ਕੱਟਣ ਲਈ, ਜੰਗਾਂ ਯੁੱਧਾਂ ਵੱਲ ਉਤਸ਼ਾਹਿਤ ਕਰਨ ਲਈ ਇਸ ਤਿਉਹਾਰ ਦਾ ਨਾਮ ਵੀ ਚੜ੍ਹਦੀ ਕਲਾ ਦਾ ਪ੍ਰਤੀਕ ਹੋਲਾ-ਮਹੱਲਾ ਰੱਖਿਆ।

ਹੋਲਾ ਮਹੱਲਾ:- ਸੰਗ੍ਯਾ—ਹਮਲਾ ਅਤੇ ਜਾਯ ਹਮਲਾ। ਹੱਲਾ ਅਤੇ ਹੱਲੇ ਦੀ ਥਾਂ। ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸੇ ਨੂੰ ਸ਼ਸਤ੍ਰ ਅਤੇ ਯੁੱਧਵਿਦ੍ਯਾ ਵਿੱਚ ਨਿਪੁਣ ਕਰਨ ਲਈ ਇਹ ਰੀਤ ਚਲਾਈ ਸੀ ਕਿ ਦੋ ਦਲ ਬਣਾਕੇ ਪ੍ਰਧਾਨ ਸਿੰਘਾਂ ਦੇ ਹੇਠ ਇੱਕ ਖਾਸ ਥਾਂ ਤੇ ਕਬਜ਼ਾ ਕਰਨ ਲਈ ਹਮਲਾ ਕਰਨਾ। ਕਲਗੀਧਰ ਆਪ ਇਸ ਮਸਨੂਈ ਜੰਗ ਦਾ ਕਰਤਬ (ਅਨੋਊਵਰਏ) ਦੇਖਦੇ ਅਤੇ ਦੋਹਾਂ ਦਲਾਂ ਨੂੰ ਸ਼ੁਭ ਸਿਖ੍ਯਾ ਦਿੰਦੇ ਸੇ। ਅਰ ਜੋ ਦਲ ਕਾਮਯਾਬ ਹੁੰਦਾ ਉਸ ਨੂੰ ਦੀਵਾਨ ਵਿੱਚ ਸਿਰੋਪਾ ਬਖਸ਼ਦੇ ਸਨ। (ਮਹਾਨ ਕੋਸ਼) ਵਿਦਵਾਨਾਂ ਦਾ ਮੱਤ ਹੈ ਕਿ ਹੋਲਾ ਮੁਹੱਲਾ ਦਾ ਮੁੱਢ ਗੁਰੂ ਗੋਬਿੰਦ ਸਿੰਘ ਨੇ ਆਨੰਦ ਪੁਰ ਸਾਹਿਬ ਵਿਖੇ, ਚੇਤ ਵਦੀ ਏਕਮ੍17 ਚੇਤ ਸੰਮਤ 1757 ਬਿਕ੍ਰਮੀ ਨੂੰ (14 ਮਾਰਚ 1701 ਈ. ਜੂਲੀਅਨ) ਨੂੰ ਬੰਨਿਆਂ। ਹੋਲੀ ਦੀ ਥਾਂ ਇਕ ਨਵਾਂ ਤਿਉਹਾਰ, ਹੋਲਾ ਮੁਹੱਲਾ ਮਨਾਉਣ ਦਾ ਮਨੋਰਥ ਸਿੱਖਾਂ ਨੂੰ ਅਨਿਆਂ ਵਿਰੁਧ ਸੰਘਰਸ਼, ਜੁਲਮ ਉੱਤੇ ਸੱਚ ਦੀ ਜਿੱਤ ਦਾ ਸੰਕਲਪ ਦ੍ਰਿੜ ਕਰਵਾਉਣਾ ਸੀ। ਹੋਲਾ ਮਹੱਲਾ ਆਜ਼ਾਦੀ, ਬਹਾਦਰੀ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਖਾਲਸਾ ਬਣਾ, ਇਕ ਸ਼ਕਤੀਸ਼ਾਲੀ ਕੌਮ ਦੀ ਸਿਰਜਣਾ ਕੀਤੀ। ਗੁਰੂ ਜੀ ਨੇ ਸਮੇਂ ਦੀ ਮੰਗ ਅਨੁਸਾਰ ਮਨੁੱਖਤਾ ਦਾ ਮਨੋਬਲ ਉਚਿਆਂ ਚੁੱਕਣ ਦੇ ਨਾਲ-ਨਾਲ ਸਰੀਰਕ ਤੌਰ 'ਤੇ ਬਲਵਾਨ ਕਰਨ ਅਤੇ ਸ਼ਸਤਰਾਂ ਦੇ ਸਹੀ ਉਪਯੋਗ ਉੱਪਰ ਬਲ ਦਿੱਤਾ। ਮਹੱਲਾ ਇਕ ਪ੍ਰਕਾਰ ਦੀ ਮਸਨੂਈ ਲੜਾਈ ਹੈ। ਗੁਰੂ ਜੀ ਸਿੰਘਾਂ ਦੇ ਦੋ ਗਰੁਪ ਬਣਾ ਕੇ ਮਸਨੂਈ ਯੁੱਧਕਰਵਾਉਂਦੇ ਅਤੇ ਲੋੜ ਮੁਤਾਬਕ ਦਿਸ਼ਾ ਨਿਰਦੇਸ਼ ਪ੍ਰਦਾਨ ਕਰਦੇ ਸਨ।

ਹੋਲੀ ਚੰਦ ਦੇ ਕੈਲੰਡਰ ਮੁਤਾਬਕ ਮਨਾਈ ਜਾਂਦੀ ਹੈ। ਚੰਦ ਦੇ ਸਾਲ ਦੇ 12 ਮਹੀਨੇ (ਚੇਤ ਤੋਂ ਫੱਗਣ) ਹੁੰਦੇ ਹਨ। ਇਹ ਤਿਉਹਾਰ ਸਾਲ ਦੇ ਆਖਰੀ ਮਹੀਨੇ ਦੇ ਆਖਰੀ ਦਿਨ ਮਨਾਇਆ ਜਾਂਦਾ ਹੈ। ਗੁਰੂ ਸਾਹਿਬ ਨੇ ਇਸ ਤੋਂ ਅੱਗਲੇ ਦਿਨ ਭਾਵ ਚੇਤ ਮਹੀਨੇ ਦੇ ਪਹਿਲੇ ਦਿਨ ਹੋਲਾ ਮਹੱਲਾ ਅਰੰਭ ਕੀਤਾ ਸੀ। ਫੱਗਣ ਦੀ ਪੂੰਨਿਆ, ਇਹ ਦਿਨ ਚੰਦ ਦੇ ਸਾਲ ਦਾ ਆਖਰੀ ਦਿਨ ਹੁੰਦਾ ਹੈ। ਇਸ ਦਿਨ ਚੰਦ ਅਧਾਰਿਤ ਕੈਲੰਡਰ ਦਾ ਸਾਲ ਖਤਮ ਹੁੰਦਾ ਹੈ। ਗੁਰੂ ਜੀ ਨੇ ਇਸ ਤੋਂ ਅਗਲੇ ਦਿਨ ਭਾਵ ਨਵੇ ਸਾਲ ਦੇ ਅਰੰਭ ਵਾਲੇ ਦਿਨ, ਚੇਤ ਵਦੀ ਏਕਮ ਨੂੰ ਚੜਦੀ ਕਲਾ ਦਾ ਪ੍ਰਤੀਕ 'ਹੋਲਾ ਮਹੱਲਾ' ਮਨਾਉਣਾ ਅਰੰਭ ਕੀਤਾ ਸੀ। ਗੁਰੂ ਕਾਲ 'ਚ ਚੰਦਰ-ਸੂਰਜੀ ਬਿਕ੍ਰਮੀ (ਨਸੌਲਅਰ) ਅਤੇ ਸੂਰਜੀ



ਬਿਕ੍ਰਮੀ (ਸੋਲਅਰ) ਪ੍ਰਚਲਤ ਸਨ। ਦੋਵਾਂ ਕੈਲੰਡਰਾਂ ਦੇ 12 ਮਹੀਨੇ ਹੀ, ਚੇਤ ਤੋਂ ਫੱਗਣ ਹੀ ਹਨ ਪਰ ਸਾਲ ਦੀ ਲੰਬਾਈ ਵਿੱਚ ਫਰਕ ਹੈ। ਇਨ੍ਹਾਂ ਦੋ ਕੈਲੰਡਰਾਂ ਦੇ ਫਰਕ ਨੂੰ ਸਮਝਣਾ ਬਹੁਤ ਜਰੂਰੀ ਹੈ।

ਸੂਰਜੀ ਬਿਕ੍ਰਮੀ, ਇਹ ਸਾਲ 1 ਚੇਤ ਤੋਂ ਅਰੰਭ ਹੁੰਦਾ ਹੈ। ਇਸ ਸਾਲ ਦੀ ਲੰਬਾਈ 1964 ਈ. ਤੋਂ ਪਹਿਲਾ ਸੂਰਜੀ ਸਿਧਾਂਤ ਮੁਤਾਬਕ 365.2587 ਦਿਨ ਹੁੰਦੀ ਸੀ ਪਰ 1964 ਈ. ਤੋਂ ਪਿਛੋਂ ਦ੍ਰਿਕ ਗਿਣਤ ਸਿਧਾਂਤ ਮੁਤਾਬਕ ਇਸ ਸਾਲ ਦੀ ਲੰਬਾਈ 365.2563 ਦਿਨ ਮੰਨੀ ਗਈ ਹੈ। ਫੱਗਣ, ਇਸ ਸਾਲ ਦਾ ਆਖਰੀ ਮਹੀਨਾ ਹੁੰਦਾ ਹੈ। ਚੰਦਰ-ਸੂਰਜੀ ਬਿਕ੍ਰਮੀ (Lunisolar) ਚੇਤ ਵਦੀ 1 ਤੋਂ ਅਰੰਭ ਹੋ ਕੇ ਫੱਗਣ ਸੁਦੀ 15 ਭਾਵ ਫੱਗਣ ਦੀ ਪੂੰਨਿਆ ਨੂੰ ਖਤਮ ਹੋ ਜਾਂਦਾ ਹੈ। ਇਸ ਸਾਲ ਦੀ ਲੰਬਾਈ 354.37 ਦਿਨ ਹੁੰਦੀ ਹੈ। ਚੰਦ ਦਾ ਸਾਲ ਸੂਰਜੀ ਸਾਲ ਤੋਂ ਲੱਗ-ਭੱਗ 11 ਦਿਨ ਛੋਟਾ ਹੁੰਦਾ ਹੈ। ਦੋ ਸਾਲਾ 'ਚ ਇਹ ਫਰਕ 22 ਦਿਨ ਦਾ ਹੋ ਜਾਂਦਾ ਹੈ ਤਾਂ ਚੰਦ ਦੇ ਸਾਲ ਨੂੰ ਖਿੱਚ ਧੂਹ ਕੇ ਸੂਰਜੀ ਸਾਲ ਦੇ ਨੇੜੇ ਤੇੜੇ ਕਰਨ ਲਈ ਤੀਜੇ ਸਾਲ ਇਸ 'ਚ ਇਕ ਮਹੀਨਾ ਹੋਰ ਜੋੜ ਦਿੱਤਾ ਜਾਂਦਾ ਹੈ ਉਸ ਸਾਲ ਚੰਦ ਦੇ ਸਾਲ ਦੇ 13 ਮਹੀਨੇ ਹੋ ਜਾਂਦੇ ਹਨ ਅਤੇ ਸਾਲ ਦੇ ਦਿਨ 383/384 ਹੋ ਜਾਂਦੇ ਹਨ। ਸੰਮਤ 2072 ਬਿਕ੍ਰਮੀ (2015-16ਈ:) 'ਚ ਚੰਦ ਦੇ ਸਾਲ ਦੇ 13 ਮਹੀਨੇ ਸਨ, ਹਾੜ ਦੇ ਦੋ ਮਹੀਨੇ ਸਨ। ਸੰਮਤ 2075 ਬਿਕ੍ਰਮੀ (2018-19 ਈ:) 'ਚ ਵੀ ਚੰਦ ਦੇ ਸਾਲ ਦੇ 13 ਮਹੀਨੇ ਹੀ ਹੋਣਗੇ, ਜੇਠ ਦੇ ਦੋ ਮਹੀਨੇ ਹੋਣਗੇ। ਇਸ ਕਾਰਨ ਹੀ ਹੋਲਾ ਮਹੱਲਾ ਹਰ ਸਾਲ ਬਦਲਵੀਂ ਤਾਰੀਖ ਨੂੰ ਆਉਂਦਾ ਹੈ। ਮਿਸਾਲ ਵਜੋਂ 2015 ਈ: ਵਿੱਚ ਇਹ ਦਿਹਾੜਾ 22 ਫੱਗਣ/6 ਮਾਰਚ, 2016 ਈ:'ਚ 11 ਚੇਤ/24 ਮਾਰਚ ਨੂੰ ਸੀ। ਇਸ ਸਾਲ ਇਹ 30 ਫੱਗਣ/13 ਮਾਰਚ ਨੂੰ ਅਤੇ 2018 ਈ: ਵਿਚ ਇਹ ਦਿਹਾੜਾ 19 ਫੱਗਣ/2 ਮਾਰਚ ਨੂੰ ਅਤੇ 2019 ਵਿਚ 8 ਚੇਤ/21 ਮਾਰਚ ਆਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਨਾਨਕ ਸ਼ਾਹੀ 548 ਕੈਲੰਡਰ ਦੇ ਨਾਮ ਹੇਠ ਜਾਰੀ ਕੀਤੇ ਗਏ ਬਿਕ੍ਰਮੀ ਕੈਲੰਡਰ ਮੁਤਾਬਕ ਹੋਲਾ ਦੋ ਵਾਰੀ, 11 ਚੇਤ/ 24 ਮਾਰਚ ਅਤੇ 30 ਫੱਗਣ/13 ਮਾਰਚ ਨੂੰ ਦਰਜ ਹੈ।

ਇਥੇ ਹੀ ਵੱਸ ਨਹੀ, ਚੰਦ ਦੇ ਕੈਲੰਡਰ ਵਿੱਚ ਇਕ ਹੋਰ ਵੀ ਉਲਝਣ ਹੈ। ਚੰਦ ਦੇ ਮਹੀਨੇ ਵਿੱਚ ਦੋ ਪੱਖ ਹੁੰਦੇ ਹਨ ਇਕ ਹਨੇਰਾ ਪੱਖ ਭਾਵ ਵਦੀ ਪੱਖ ਅਤੇ ਦੂਜਾ ਚਾਨਣਾ ਪੱਖ ਭਾਵ ਸੁਦੀ ਪੱਖ। ਵਦੀ ਪੱਖ ਦਾ ਅਰੰਭ ਪੂੰਨਿਆ ਤੋਂ ਅਗਲੇ ਦਿਨ ਹੁੰਦਾ ਹੈ ਅਤੇ ਸੁਦੀ ਪੱਖ ਦਾ ਅਰੰਭ ਮੱਸਿਆ ਤੋਂ ਅਗਲੇ ਦਿਨ। ਚੰਦ ਦੇ ਮਹੀਨੇ ਨੂੰ ਪੂੰਨਿਆ ਤੋਂ ਪੂੰਨਿਆ, ਜਿਸ ਨੂੰ ਪੂਰਨਮੰਤਾ ਕਹਿੰਦੇ ਹਨ ਅਤੇ ਮੱਸਿਆ ਤੋਂ ਮੱਸਿਆ, ਜਿਸ ਨੂੰ ਅਮੰਤਾ ਕਹਿੰਦੇ ਹਨ, ਦੋਵੇਂ ਤਰ੍ਹਾਂ ਹੀ ਗਿਣੇ ਜਾਂਦੇ ਹਨ। ਉਤਰੀ ਭਾਰਤ ਵਿੱਚ ਮਹੀਨਾ ਪੂਰਨਮੰਤਾ ਹੁੰਦਾ ਹੈ ਅਤੇ ਦੱਖਣ ਭਾਰਤ ਵਿੱਚ ਅਮੰਤਾ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਉਤਰੀ ਭਾਰਤ ਵਿੱਚ ਮਹੀਨਾ ਤਾਂ ਪੂੰਨਿਆ ਤੋਂ ਅਗਲੇ ਦਿਨ ਭਾਵ ਵਦੀ ਏਕਮ ਤੋਂ ਅਰੰਭ ਹੁੰਦਾ ਹੈ ਪਰ ਸਾਲ ਦਾ ਅਰੰਭ ਮੱਸਿਆ ਤੋਂ ਅਗਲੇ ਦਿਨ, ਭਾਵ ਚੇਤ ਸੁਦੀ ਇਕ ਤੋਂ ਹੁੰਦਾ ਹੈ। ਸੰਮਤ 2072 ਬਿਕ੍ਰਮੀ ਦੇ ਆਖਰੀ ਮਹੀਨੇ ਭਾਵ ਫੱਗਣ ਦੀ ਪੂੰਨਿਆ ਤਾਂ 23 ਮਾਰਚ ਨੂੰ ਹੈ ਉਸ ਦਿਨ ਹੀ ਹੋਲੀ ਹੈ। ਚੇਤ ਦਾ ਅਰੰਭ, ਚੇਤ ਵਦੀ ਏਕਮ/ 24 ਮਾਰਚ ਤੋਂ ਹੁੰਦਾ ਹੈ ਪਰ ਸੰਮਤ 2074 ਬਿਕ੍ਰਮੀ ਦਾ ਅਰੰਭ ਚੇਤ ਸੁਦੀ ਏਕਮ/28 ਮਾਰਚ ਤੋਂ ਹੋਵੇਗਾ। ਚੇਤ ਮਹੀਨੇ ਦੇ ਦੋਵੇਂ ਪੱਖ, ਦੋ ਵੱਖ-ਵੱਖ ਸਾਲਾਂ ਵਿਚ ਗਿਣੇ ਜਾਂਦੇ ਹਨ। ਚੇਤ ਦਾ ਪਹਿਲਾ ਅੱਧ, ਖਤਮ ਹੋ ਰਹੇ ਸਾਲ ਵਿੱਚ ਅਤੇ ਦੂਜਾ ਅੱਧ, ਅਰੰਭ ਹੋ ਰਹੇ ਸਾਲ ਵਿੱਚ ਗਿਣਿਆ ਜਾਂਦਾ ਹੈ। ਸੁਦੀ ਪੱਖ ਦੋਵੇਂ ਪਾਸੇ ਭਾਵ ਉਤਰੀ ਅਤੇ ਦੱਖਣੀ ਭਾਰਤ, ਇਕ ਹੁੰਦਾ ਹੈ ਪਰ ਵਦੀ ਪੱਖ ਵਿੱਚ ਇਕ ਮਹੀਨੇ ਦਾ ਫਰਕ ਪੈ ਜਾਂਦਾ ਹੈ। ਪਾਠਕ ਨੋਟ ਕਰਨ ਕਿ, ਬਿਪਰ ਵੱਲੋਂ ਬੁਣੇ ਗਏ ਇਸ ਮੱਕੜ ਜਾਲ ਨੂੰ ਬਿਪਰਵਾਦ ਕਿਹਾ ਜਾਂਦਾ ਹੈ ਨਾ ਕਿ ਚੰਦ ਨੂੰ। ਆਓ ਇਸ ਮੱਕੜ ਜਾਲ ਤੋਂ ਮੁਕਤ ਹੋਈਏ!

ਸਤਿਕਾਰ ਯੋਗ ਖਾਲਸਾ ਜੀ, ਜਿਵੇ ਕਿ ਉੱਪਰ ਪੜ੍ਹ ਚੁੱਕੇ ਹੋ ਕਿ ਹੋਲੀ ਸਾਲ ਦੇ ਆਖਰੀ ਦਿਨ ਮਨਾਈ ਜਾਂਦੀ ਸੀ ਅਤੇ ਗੁਰੂ ਸਾਹਿਬ ਨੇ ਹੋਲਾ ਮਹੱਲਾ ਨਵੇ ਸਾਲ ਦੇ ਪਹਿਲੇ ਦਿਨ ਤੋਂ ਅਰੰਭ ਕੀਤਾ ਸੀ। ਇਸ ਲਈ ਹੁਣ ਜਦੋਂ ਅਸੀਂ ਚੰਦ ਦਾ ਕੈਲੰਡਰ ਪੱਕੇ ਤੌਰ ਹੀ ਛੱਡ ਚੁੱਕੇ ਹਾਂ ਅਤੇ ਸੂਰਜੀ ਕੈਲੰਡਰ ਨੂੰ ਅਪਣਾ ਲਿਆ ਹੈ ਤਾਂ ਹੋਲਾ ਨਵੇ ਸਾਲ ਦੇ ਪਹਿਲੇ ਦਿਨ ਭਾਵ 1 ਚੇਤ ਨੂੰ ਹੀ ਮਨਾਉਣਾ ਚਾਹੀਦਾ ਹੈ।

ਨਾਨਕਸ਼ਾਹੀ ਕੈਲੰਡਰ, ਜੋ ਕਿ ਸੂਰਜੀ ਕੈਲੰਡਰ ਹੈ, ਜਿਸ ਦੇ ਸਾਲ ਦੀ ਲੰਬਾਈ 365.2425 ਦਿਨ ਹੈ, ਜਿਸ ਦਾ ਅਰੰਭ 1 ਚੇਤ ਤੋਂ ਹੁੰਦਾ ਹੈ, ਮੁਤਾਬਕ 'ਹੋਲਾ ਮਹੱਲਾ' ਹਰ ਸਾਲ 1 ਚੇਤ/14 ਮਾਰਚ ਨੂੰ ਆਵੇਗਾ। ਹੁਣ ਸਾਨੂੰ ਇਹ ਵੇਖਣ ਲਈ ਕਿ ਚੇਤ ਵਦੀ ਏਕਮ ਕਿਸ ਤਾਰੀਖ ਨੂੰ ਆਵੇਗੀ, ਹਿੰਦੂ ਵਿਦਵਾਨਾਂ ਵੱਲੋਂ ਤਿਆਰ ਕੀਤੀ ਗਈ ਜੰਤਰੀ ਦੀ ਉਡੀਕ ਨਹੀ ਕਰਨੀ ਪਵੇਗੀ।

**ਸਮੂਹ ਸੰਗਤ ਨੂੰ ਨਵੇ ਸਾਲ, 1 ਚੇਤ (14 ਮਾਰਚ)**
**ਸੰਮਤ 549 ਨਾਨਕਸ਼ਾਹੀ ਦੀਆਂ ਵਧਾਈਆਂ**

# ਪਾਖੰਡ 'ਅੰਬੇਡਕਰ ਪ੍ਰੇਮ' ਦਾ, ਦਲਿਤ ਵਿਰੋਧੀ ਮਾਨਸਿਕਤਾ



- ਨਿਰਮਲ ਚੌਹਾਨ
91-94631- 61691

ਭਾਰਤ ਵਿਚ ਢੌਂਗ-ਢਕਵੰਜ ਕਰਨ ਅਤੇ ਬਾਹਰਲਾ ਦਿਖਾਵਾ ਕਰਨ ਅਤੇ ਬੇਅਰਥ ਫਜ਼ੂਲ ਦੀਆਂ ਗੱਲਾਂ ਵਿਚ ਸਮਾਂ ਗਵਾਉਣ ਦੀ ਪੁਰਾਣੀ ਰੀਤ ਹੈ। ਦੇਸ਼ ਵਿਚ ਤਮਾਮ ਨੇਤਾ ਅਤੇ ਆਪਣੇ ਆਪ ਬਣੇ ਸਮਾਜ ਸੇਵਕ ਇਹਨਾਂ ਹੀ ਕੰਮਾਂ ਵਿਚ ਪੇਸ਼ੇਵਰ ਤਰੀਕੇ ਨਾਲ ਰੁੱਝੇ ਦਿਖਾਈ ਦਿੰਦੇ ਹਨ। ਜਿਹਨਾਂ ਲੋਕਾਂ ਦਾ ਸਾਡੇ ਧਾਰਮਿਕ ਮਹਾਂਪੁਰਸ਼ਾਂ ਅਤੇ ਮਾਰਗ ਦਰਸ਼ਕ ਅਤੇ ਰਾਸ਼ਟਰ ਨਿਰਮਾਤਾ ਰਾਜਨੇਤਾਵਾਂ ਦੇ ਦੱਸੇ ਹੋਏ ਰਾਹਾਂ 'ਤੇ ਚੱਲਣ ਦਾ ਕੋਈ ਸਰੋਕਾਰ ਹੀ ਨਹੀਂ। ਇਹੋ ਜਿਹੇ ਲੋਕ ਉਹਨਾਂ ਮਹਾਂਪੁਰਸ਼ਾਂ ਅਤੇ ਰਾਜਨੇਤਾਵਾਂ ਦੇ ਜਨਮ ਦਿਨ ਅਤੇ ਬਰਸੀ ਦੇ ਸਮਾਰੋਹਾਂ ਵਿਚ ਵੱਧ ਚੜ੍ਹ ਕੇ ਭਾਸ਼ਣ ਕਰਦੇ ਹਨ ਅਤੇ ਆਪਣੇ ਆਪ ਨੂੰ ਉਹਨਾਂ ਦੇ ਆਦਰਸ਼ਾਂ 'ਤੇ ਚੱਲਣ ਵਾਲਾ ਸਬਤ ਕਰਨ ਦਾ ਯਤਨ ਕਰਦੇ ਨਜ਼ਰ ਆਉਂਦੇ ਹਨ।

ਸਾਡੇ ਦੇਸ਼ ਵਿਚ ਇਕ ਕਹਾਵਤ ਬੜੀ ਹੀ ਮਸ਼ਹੂਰ ਹੈ, ''ਮੂੰਹ ਮੇਂ ਰਾਮ ਰਾਮ, ਬਗਲ ਮੇਂ ਛੁਰੀ' ਜਿਹੀ ਕਹਾਵਤ ਨੂੰ ਇਸੇ ਬਿਰਤੀ ਦੇ ਲੋਕ ਚਰਿਤਾਰਥ ਕਰਦੇ ਹਨ। ਮਿਸਾਲ ਦੇ ਤੌਰ 'ਤੇ ਭਗਵਾਨ ਰਾਮ ਨੂੰ ਆਪਣਾ ਆਦਰਸ਼ ਮੰਨਣ ਦਾ ਦਿਖਾਵਾ ਕਰਨ ਵਾਲੇ ਲੋਕ ਉਸੇ ਦੇ ਨਾਂ 'ਤੇ ਅਰਾਜਕਤਾ ਅਤੇ ਹਿੰਸਾ ਫੈਲਾਉਣ ਵਿਚ ਵਿਅਸਤ ਦਿਖਾਈ ਦੇਣਗੇ ਤਾਂ ਗਾਂਧੀ ਦੀ ਅਰਾਧਨਾਂ ਦਾ ਢਕਵੰਜ ਕਰਨ ਵਾਲੇ ਝੂਠ ਅਤੇ ਹਿੰਸਾ ਵਿਚ ਲਿਪਤ ਨਜ਼ਰ ਆਉਣਗੇ। ਗੱਲਾਂ ਬੁੱਧ ਅਤੇ ਸ਼ਾਂਤੀ ਦੀਆਂ ਕਰਨਗੇ ਪਰ ਕੰਮ ਸਮਾਜ ਵਿਚ ਨਫਰਤ ਅਤੇ ਅਸ਼ਾਂਤੀ ਫੈਲਾਉਣ ਦਾ।

ਸਾਡੇ ਦੇਸ਼ ਵਿਚ ਇਹੋ ਜਿਹੀ ਹੀ ਇਕ ਪਰਮ ਸ਼ਖਸੀਅਤ ਦਾ ਨਾਂ ਹੈ ਬਾਬਾ ਸਾਹਿਬ ਭੀਮਰਾਓ ਅੰਬੇਡਕਰ। ਦਲਿਤ ਸਮਾਜ ਵਿਚ ਜਨਮ ਲੈਣ ਵਾਲੇ ਇਸ ਮਹਾਂਪੁਰਸ਼ ਨੇ ਆਪਣੀ ਕਾਬਲੀਅਤ ਦੇ ਜ਼ੋਰ 'ਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਦੇ ਰੂਪ ਵਿਚ ਇਹੋ ਜਿਹੀ ਮਹੱਤਵਪੂਰਨ ਭੂਮਿਕਾ ਨਿਭਾਈ, ਜਿਸਨੂੰ ਭਾਰਤੀ ਇਤਿਹਾਸ ਕਦੀ ਫਰਾਮੋਸ਼ ਨਹੀਂ ਕਰ ਸਕਦਾ। ਅੱਜ ਸਾਡਾ ਦੇਸ਼ ਉਸੇ ਸੰਵਿਧਾਨ ਦੇ ਕਾਰਨ ਸਾਰੇ ਵਿਸ਼ਵ ਵਿਚ ਆਦਰ ਅਤੇ ਸਨਮਾਨ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਦੇਸ਼ ਦੇ ਬੁਨਿਆਦੀ ਢਾਂਚੇ ਦਾ ਨਿਰਮਾਣ ਕਰਨ ਵਿਚ ਡਾ. ਅੰਬੇਡਕਰ ਵਰਗੇ ਮਹਾਨ ਸੰਵਿਧਾਨ ਨਿਰਮਾਤਾ ਦੀ ਅਹਿਮ ਭੂਮਿਕਾ ਤਾਂ ਜ਼ਰੂਰ ਸੀ ਪਰ ਸਿਰਫ ਦਲਿਤ ਸਮਾਜ ਵਿਚ ਪੈਦਾ ਹੋਣ ਦੇ ਕਾਰਨ ਨਾਲ ਉਨ੍ਹਾਂ ਨੇ ਭਾਰਤੀ ਸਮਾਜ ਵਿਚ ਫੈਲੀ ਦਲਿਤ ਵਿਰੋਧੀ ਮਾਨਸਿਕਤਾ ਨੂੰ ਜਿਸ ਹਾਲਾਤ ਦਾ ਅਧਿਐਨ ਕੀਤਾ ਅਤੇ ਜਿਹਨਾਂ ਹਕੀਕਤਾਂ ਨਾਲ ਉਨ੍ਹਾਂ ਨੂੰ ਰੂਬਰੂ ਹੋਣਾ ਪਿਆ, ਉਸੇ ਦਾ ਇਹ ਨਤੀਜਾ ਸੀ ਕਿ ਡਾ. ਅੰਬੇਡਕਰ ਨੇ 14 ਅਕਤੂਬਰ 1956 ਨੂੰ ਨਾਗਪੁਰ ਵਿਚ ਲੱਖਾਂ ਦਲਿਤਾਂ ਦੇ ਨਾਲ ਹਿੰਦੂ ਧਰਮ ਨੂੰ ਤਿਆਗਣ ਅਤੇ ਬੁੱਧ ਧਰਮ ਸਵੀਕਾਰ ਕਰਨ ਦਾ ਐਲਾਨ ਕਰ ਦਿੱਤਾ। ਅੱਜ ਵੀ ਧਰਮ ਪਰਿਵਰਤਨ ਦੇ ਵਿਸ਼ਵ ਦੇ ਇਤਿਹਾਸ ਵਿਚ ਇਸ ਨੂੰ ਸੰਸਾਰ ਵਿਚ ਹੁਣ ਤੱਕ ਹੋਈਆਂ ਧਰਮ ਪਰਿਵਰਤਨ ਦੀਆਂ ਸਾਰੀਆਂ ਘਟਨਾਵਾਂ ਵਿਚ ਸਭ ਤੋਂ ਵੱਡੇ ਪੱਧਰ ਤੇ ਹੋਇਆ ਧਰਮ ਪਰਿਵਰਤਨ ਮੰਨਿਆ ਜਾਂਦਾ ਹੈ।

ਦਲਿਤਾਂ ਦੀ ਦੁਰਦਸ਼ਾ ਦਾ ਇਤਿਹਾਸ ਨਿਸਚਿਤ ਰੂਪ ਨਾਲ ਸਾਡੇ ਦੇਸ਼ ਵਿਚ ਉਨਾ ਹੀ ਪੁਰਾਣਾ ਹੈ, ਜਿੰਨਾ ਕਿ ਹਿੰਦੂ ਧਰਮ ਵਿਚ ਮਨੂੰ ਸਿਮਰਤੀ ਦਾ ਇਤਿਹਾਸ। ਜਿਸ ਪ੍ਰਕਾਰ ਕੁਰਾਨ ਸ਼ਰੀਫ ਤੇ ਉਂਗਲੀ ਚੁੱਕਣ ਵਾਲੇ ਆਲੋਚਕ ਉਸ ਧਰਮ ਗ੍ਰੰਥ ਵਿਚ ਲੱਭ-ਲੱਭ ਕੇ ਇਹੋ ਜਿਹੀਆਂ ਆਇਤਾਂ ਨੂੰ ਆਪਣੀ ਆਲੋਚਨਾ ਦਾ ਸ਼ਿਕਾਰ ਬਣਾਉਂਦੇ ਹਨ, ਜਿਸ ਵਿਚ ਕਾਫਿਰਾਂ 'ਤੇ ਜ਼ੁਲਮ ਕਰਨ ਦਾ ਜ਼ਿਕਰ ਕੀਤਾ ਗਿਆ ਹੈ। ਉਸੇ ਪ੍ਰਕਾਰ ਮਨੂੰ ਸਿਮਰਤੀ ਵਿਚ ਵੀ ਸ਼ੂਦਰਾਂ ਦੇ ਲਈ ਇਹੋ ਜਿਹੀ ਇਤਰਾਜ਼ਯੋਗ ਅਤੇ ਹਿੰਸਾ ਨੂੰ ਉਕਸਾਣ ਵਾਲੀ ਅਤੇ ਬ੍ਰਾਹਮਣ ਜਾਤੀ ਦੇ ਮਹਿਮਾ ਮੰਡਲ ਨੂੰ ਪ੍ਰਮਾਣਿਤ ਕਰਨ ਦਾ ਯਤਨ ਕਰਨ ਵਾਲੀਆਂ ਅਨੇਕਾਂ ਗੱਲਾਂ ਲਿਖੀਆਂ ਗਈਆਂ ਹਨ, ਜਿਸ ਨਾਲ ਸਾਡੇ ਸਮਾਜ ਵਿਚ ਊਚ-ਨੀਚ ਦੀ ਡੂੰਘੀ ਖਾਈ ਪੈਦਾ ਹੋ ਗਈ ਹੈ।

ਉਦਾਹਰਣ ਦੇ ਤੌਰ ਤੇ ਮਨੂੰ ਸਿਮਰਤੀ ਵਿਚ ਦਰਜ ਇਕ ਸਲੋਕ '2911) ਦਾ ਅਰਥ ਹੈ 'ਜੋ ਨੀਚ ਵਰਣ ਬ੍ਰਾਹਮਣਾਦਿ ਵਰਣ ਦੇ ਨਾਲ ਆਸਣ 'ਤੇ ਬੈਠਣਾ ਚਾਹੇ, ਤਾਂ ਰਾਜਾ ਉਸ ਦੇ ਲੱਕ ਵਿਚ ਚਿੰਨ ਕਰ ਕੇ ਦੇਸ਼ 'ਚੋਂ ਕੱਢ ਦੇਵੇ। ਇਕ ਦੂਸਰਾ ਸਲੋਕ ਜੋ ਊਚ-ਨੀਚ ਅਤੇ ਈਰਖਾ ਨੂੰ ਬੜਾਵਾ ਦੇਣ ਵਾਲਾ ਹੈ। (2801) ਦਾ ਅਰਥ ਇਹ ਹੈ ਕਿ ਜੇਕਰ ਬ੍ਰਾਹਮਣ ਨੂੰ ਮਾਰਨ ਦੇ ਲਈ ਹੱਥ ਚੁੱਕਿਆ ਹੋਵੇ ਜਾਂ ਲਾਠੀ ਚੁੱਕੀ ਹੋਵੇ ਤਾਂ ਉਸ ਦਾ ਹੱਥ ਵੱਢ ਲੈਣਾ ਚਾਹੀਦਾ ਹੈ ਅਤੇ ਗੁੱਸੇ ਨਾਲ ਬ੍ਰਾਹਮਣ ਨੂੰ ਲੱਤ ਮਾਰੇ ਤਾਂ ਉਸ ਦੇ ਪੈਰ ਵੱਢ ਸੁੱਟਣੇ ਚਾਹੀਦੇ ਹਨ।

ਨਿਸਚਿਤ ਰੂਪ ਨਾਲ ਇਸ ਪ੍ਰਕਾਰ ਦੀ ਨਫਰਤ ਫੈਲਾਉਣ ਵਾਲੀਆਂ ਅਨੇਕਾਂ ਪੁਰਾਤਨ ਸਿੱਖਿਆਵਾਂ ਨੇ ਅੱਜ ਸਾਡੇ ਸਮਾਜ ਵਿਚ ਊਚ-ਨੀਚ, ਭੇਦ-ਭਾਵ ਅਤੇ ਛੂਤ ਛਾਤ ਦਾ ਜੋ ਜ਼ਹਿਰ ਘੋਲਿਆ ਹੈ, ਉਸ ਦੇ ਅਸਰ ਨੂੰ ਖਤਮ ਕਰਨ ਵਿਚ ਪੂਰੀ ਤਰ੍ਹਾਂ ਨਾਲ ਅਸਫਲ ਹਾਂ। ਪਰ ਜਦ ਅਸੀਂ ਬਾਬਾ ਸਾਹਿਬ ਭੀਮਰਾਓ ਅੰਬੇਡਕਰ ਦਾ ਜਨਮ ਦਿਨ ਮਨਾਉਣ ਚੱਲਦੇ ਹਾਂ ਤਾਂ ਮਨੂੰ ਸਿਮਰਤੀ ਦੀਆਂ ਇਹਨਾਂ ਸਿੱਖਿਆਵਾਂ ਨੂੰ ਸ਼੍ਰੋਮਣੀ ਸਮਝਣ ਵਾਲੇ ਤਮਾਮ ਰਾਜਨੇਤਾ ਬਾਬਾ ਸਾਹਿਬ ਦੀ ਮੂਰਤੀ ਤੇ ਇਸ ਪ੍ਰਕਾਰ ਫੁੱਲ ਅਰਪਿਤ ਕਰਦੇ ਹਨ ਅਤੇ ਉਨ੍ਹਾਂ ਦੀ ਸ਼ਾਨ ਵਿਚ ਇਹੋ ਜਿਹੇ ਲੰਬੇ ਚੌੜੇ ਭਾਸ਼ਣ ਦਿੰਦੇ ਹਨ ਜਿਵੇਂ ਡਾ. ਅੰਬੇਡਕਰ ਦਾ ਇਹਨਾਂ ਨਾਲੋਂ ਵੱਡਾ ਭਗਤ ਸ਼ੁਭਚਿੰਤਕ ਅਤੇ ਉਹਨਾਂ ਦੇ ਦਿਖਾਏ ਰਸਤੇ 'ਤੇ ਚੱਲਣ ਵਾਲਾ ਕੋਈ ਦੂਸਰਾ ਨੇਤਾ ਹੀ ਦੇਸ਼ ਵਿਚ ਨਾ ਹੋਵੇ।

ਪਰ ਇਸ ਪ੍ਰਕਾਰ ਦੇ ਪਾਖੰਡ ਅਤੇ ਦਿਖਾਵੇ ਦੇ ਬਾਅਦ ਮੁੜ ਜਦ ਸਾਨੂੰ ਇਹ ਸੁਣਾਈ ਦਿੰਦਾ ਹੈ ਕਿ ਕਦੀ ਕਿਸੇ ਦਲਿਤ ਪ੍ਰੋਫੈਸਰ ਨੂੰ ਅਪਮਾਨਜਨਕ ਸਥਿਤੀ 'ਚੋਂ ਲੰਘਣਾ ਪਿਆ ਅਤੇ ਤਥਾਕਥਿਤ ਉਚੀ ਜਾਤੀ ਦੇ ਲੋਕਾਂ ਨੇ ਉਸ ਨੂੰ ਮਾਨਸਿਕ ਦੁੱਖ ਪਹੁੰਚਾਇਆ ਤਾਂ ਉਸ ਸਮੇਂ ਡਾ. ਅੰਬੇਡਕਰ ਦੀ ਸ਼ਾਨ ਵਿਚ ਉਨ੍ਹਾ ਦਾ ਕਸੀਦਾ ਪੜ੍ਹਨ ਵਾਲਿਆਂ ਦੀ ਨੀਅਤ 'ਤੇ ਸ਼ੱਕ ਪੈਦਾ ਹੁੰਦਾ ਹੈ।

ਅਜੇ ਕੁਝ ਹੀ ਦਿਨ ਪਹਿਲਾਂ ਮੱਧ ਪ੍ਰਦੇਸ਼ ਵਿਚ ਜਿੱਥੇ ਸਰਕਾਰ ਸਮਰਸੱਤਾ ਅਤੇ ਸਮਾਜਿਕ ਸਦਭਾਵਨਾ ਦਾ ਢੰਡੋਰਾ ਪਿੱਟਦੇ ਨਹੀਂ ਥੱਕਦੀ ਇੱਥੋਂ ਤੱਕ ਕਿ ਇਸੇ ਮੱਧ ਪ੍ਰਦੇਸ਼ ਵਿਚ ਕੁਝ ਸਮਾਂ ਪਹਿਲਾਂ ਆਯੋਜਿਤ ਹੋਏ ਸਿੰਹਸਥ ਮਹਾਂਕੁੰਭ ਵਿਚ ਦੇਸ ਵਿਚ ਸਮਾਜਿਕ ਸਮਰਸੱਤਾ ਦਾ ਬੀੜਾ ਚੁੱਕਣ ਵਾਲੇ ਲੋਕਾਂ ਰਾਹੀਂ ਇਸੇ ਮਹਾਂਕੁੰਭ ਵਿਚ ਸਮਰਸੱਤਾ ਇਨਸਾਨ ਆਯੋਜਿਤ ਕਰ ਊਚ-ਨੀਚ ਖਤਮ ਕਰਨ ਦਾ ਪ੍ਰਦਰਸ਼ਨ ਕੀਤਾ ਗਿਆ ਸੀ।

ਇਸੇ ਪ੍ਰਦੇਸ਼ ਦੇ ਦਮੋਹ ਜ਼ਿਲ੍ਹੇ ਵਿਚ ਇਕ ਦਲਿਤ ਮਾਸਟਰ ਹਰੀ ਬਾਬੂ ਰਾਹੀਂ ਆਪਣੇ ਹੀ ਸਕੂਲ ਦੀ ਉਸੇ ਜਮਾਤ ਵਿਚ ਫਾਂਸੀ ਲਗਾ ਕੇ ਆਤਮ ਹੱਤਿਆ ਕਰ ਲਈ ਗਈ, ਜਿਸ ਵਿਚ ਉਹ ਪੜ੍ਹਾਈ ਕਰਾਉਂਦੀ ਸੀ। ਮ੍ਰਿਤਕ ਹਰੀ ਬਾਬੂ ਨੇ ਫਾਂਸੀ ਲਗਾਉਣ ਤੋਂ ਪਹਿਲਾਂ ਇਕ ਸੂਸਾਈਡ ਨੋਟ ਵੀ ਲਿਖਿਆ ਸੀ ਜਿਸ ਵਿਚ ਉਸ ਨੇ ਆਪਣੀ ਮੌਤ ਦੇ ਲਈ ਆਪਣੇ ਹੀ ਸਕੂਲ ਦੇ ਪ੍ਰਿੰਸੀਪਲ ਅਤੇ ਹੈਡਮਾਸਟਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਹਰੀ ਰਾਮ ਬਾਬੂ ਨੇ ਲਿਖਿਆ ਹੈ ਕਿ ਉਸ ਦੇ ਸਕੂਲ ਦੇ ਪ੍ਰਿੰਸੀਪਲ ਅਤੇ ਹੈਡਮਾਸਟਰ ਉਸ ਨੂੰ ਵਾਰ-ਵਾਰ ਦਲਿਤ ਅਤੇ ਚਮਾਰ ਕਹਿ ਕੇ ਪ੍ਰਤਾੜਿਤ ਕਰਦੇ ਹਨ ਅਤੇ ਉਸ ਨੂੰ ਅਨੇਕ ਝੂਠੇ ਕੇਸਾਂ ਵਿਚ ਫਸਾਉਣ ਦੀ ਧਮਕੀ ਦਿੰਦੇ ਰਹਿੰਦੇ ਹਨ। ਜਿਸ ਦੇ ਕਾਰਨ ਉਹ ਕਾਫੀ ਪ੍ਰੇਸ਼ਾਨ ਹੋ ਗਏ ਸਨ।

ਸਵਾਲ ਇਹ ਹੈ ਕਿ ਜਦ ਸਾਡੇ ਸਮਾਜ ਵਿਚ ਦਲਿਤ ਸਮਾਜ ਨਾਲ ਸਬੰਧ ਰੱਖਣ ਵਾਲੇ ਪ੍ਰੋਫੈਸਰ, ਉਚ ਅਧਿਕਾਰੀ ਅਤੇ ਅਧਿਆਪਕ ਜਿਹੇ ਅਹੁਦਿਆਂ ਤੇ ਕੰਮ ਕਰਨ ਵਾਲੇ ਲੋਕਾਂ ਨੂੰ ਅਪਮਾਨ ਦੇ ਇਕ ਇਹੋ ਜਿਹੇ ਛੋਟੇ ਪੱਧਰ ਦੇ ਦੌਰ 'ਚੋਂ ਲੰਘਣਾ ਪਵੇ ਕਿ ਉਨ੍ਹਾਂ ਨੂੰ ਆਤਮ ਹੱਤਿਆ ਜਿਹੇ ਆਖਰੀ ਰਾਹ ਦੇ ਬਿਨਾਂ ਕੋਈ ਦੂਜਾ ਰਾਹ ਹੀ ਨਜ਼ਰ ਨਾ ਆਵੇ ਤਾਂ ਇਸ ਗੱਲ ਦੀ ਸ਼ੰਕਾ ਸਹਿਜੇ ਹੀ ਲਗਾਈ ਜਾ ਸਕਦੀ ਹੈ ਕਿ ਦੇਸ਼ ਦੇ ਦੂਰ-ਦਰਾਜ ਇਲਾਕਿਆਂ ਵਿਚ ਰਹਿਣ ਵਾਲੇ ਗਰੀਬ, ਬੇਵੱਸ, ਬੇਸਹਾਰਾ ਦਲਿਤ ਸਮਾਜ ਦੇ ਲੋਕਾਂ 'ਤੇ ਕੀ ਗੁਜ਼ਰਦੀ ਹੋਵੇਗੀ? ਇਸੇ ਮੱਧ ਪ੍ਰਦੇਸ਼ ਵਿਚ ਇਕ ਦਲਿਤ ਸਰਪੰਚ ਮਹਿਲਾ ਨੂੰ ਅਪਮਾਨਿਤ ਕਰਨ ਦੀ ਖਬਰ ਆ ਚੁੱਕੀ ਹੈ।

ਇਸੇ 'ਯਿਵਰਾਜ' ਵਿਚ ਦਲਿਤ ਲਾੜ੍ਹੇ ਨੂੰ ਘੋੜੀ ਤੋਂ ਲਾਹੁਣ ਅਤੇ ਦਲਿਤ ਦੀ ਬਰਾਤ 'ਤੇ ਪੱਥਰਬਾਜ਼ੀ ਕਰਨ ਦੀਆਂ ਕਈ ਖਬਰਾਂ ਆ ਚੁੱਕੀਆਂ ਹਨ। ਪਰ ਸਾਡੀ ਸਰਕਾਰ ਆਪਣੀ ਪਿੱਠ ਠੋਕਣ ਵਿਚ ਹੀ ਐਨੀ ਮਸਤ ਹੈ ਕਿ ਵੁਸ ਨੂੰ ਸਮਾਜ ਦੀ ਅਸਲੀ ਤਸਵੀਰ ਦੇਖਣ ਦਾ ਸਮਾਂ ਹੀ ਨਹੀਂ ਮਿਲਦਾ।

ਲਿਹਾਜ਼ਾ ਅੰਬੇਡਕਰ ਦਾ ਪ੍ਰੇਮ ਦਾ ਝੂਠਾ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਚਾਹੀਦਾ ਹੈ ਕਿ ਉਹ ਦਲਿਤ ਸਮਾਜ ਨੂੰ ਨਫਰਤ ਕਰਨ ਦੇ ਬੁਨਿਆਦੀ ਕਾਰਨਾਂ 'ਤੇ ਨਜ਼ਰ ਮਾਰਨ ਅਤੇ ਅਸਲ ਵਿਚ ਸਮਾਜਿਕ ਸਮਰਸੱਤਾ ਕਾਇਮ ਕਰਨ ਦੇ ਲਈ ਉਸ ਦੀ ਜੜ੍ਹਾਂ ਤੇ ਵਾਰ ਕਰਨ।

# ਸਾਹਿਤਕ ਪੈੜਾਂ- ਇਸ ਹਫ਼ਤੇ ਦੇ ਸ਼ਾਇਰ

## ਗੀਤ

ਨਮਸਕਾਰ ਲੱਖ ਲੱਖ ਵਾਰ ਤੈਨੂੰ, ਐ ਗੁਰੂ ਰਵਿਦਾਸ ਪਿਆਰੇ।
ਅੱਜ ਵੀ ਤੇਰਾ ਜੀਵਨ ਸਾਨੂੰ ਚਾਨਣ ਦੇਵੇ, ਜਿਉਂ ਅਰਸ਼ ਦੇ ਚੰਨ, ਤਾਰੇ।
ਜਦੋਂ ਕਾਂਸ਼ੀ 'ਚ ਮਾਤਾ ਕਲਸਾਂ ਦੇ ਘਰ ਤੂੰ ਅਵਤਾਰ ਧਾਰਿਆ,
ਖੁਸ਼ੀ 'ਚ ਨੱਚਣ ਲੱਗ ਪਿਆ ਹਰ ਇਨਸਾਨ ਲਤਾੜਿਆ।
ਹੁਣ ਜ਼ੁਲਮ ਗਰੀਬਾਂ ਤੇ ਬੰਦ ਹੋਏਗਾ, ਮਿਲ ਰਹੇ ਸਨ ਇਹ ਇਸ਼ਾਰੇ।
ਨਮਸਕਾਰ ਲੱਖ ਲੱਖ ਵਾਰ ਤੈਨੂੰ ......।

ਰਾਮਾ ਨੰਦ ਨੇ ਕਰਕੇ ਕਿਰਪਾ, ਆਪਣਾ ਚੇਲਾ ਤੈਨੂੰ ਬਣਾਇਆ।
ਛੱਡ ਕੇ ਜ਼ਾਤ ਤੇ ਵਰਨ ਨੂੰ,ਆਪਣੇ ਗਲ ਨਾਲ ਤੈਨੂੰ ਲਾਇਆ।
ਬਣਾ ਕੇ ਗੁਰੁ ਰਾਮਾ ਨੰਦ ਨੂੰ, ਤੂੰ ਖੇਡੇ ਕਈ ਖੇਡ ਨਿਆਰੇ।
ਨਮਸਕਾਰ ਲੱਖ ਲੱਖ ਵਾਰ ਤੈਨੂੰ .......।

ਸੁਣ ਕੇ ਤੇਰੀ ਚਰਚਾ ਰਾਣੀ ਝਾਲਾਂ ਬਾਈ ਤੇਰੇ ਦੁਆਰੇ ਆਈ।
ਤੇਰੇ ਕਦਮੀਂ ਢਹਿ ਕੇ ਉਸ ਨੇ ਰਾਮ ਨਾਮ ਦੀ ਦੌਲਤ ਪਾਈ।
ਸੱਭ ਨੇ ਰਾਮ ਨਾਮ ਦੀ ਦੌਲਤ ਪਾਈ, ਜੋ ਵੀ ਆਏ ਤੇਰੇ ਦੁਆਰੇ।
ਨਮਸਕਾਰ ਲੱਖ ਲੱਖ ਵਾਰ ਤੈਨੂੰ .......।

ਆਪਣੀ ਸਾਰੀ ਜ਼ਿੰਦਗੀ ਤੂੰ ਮਨੂੰ ਸਿਮਰਤੀ ਤੋੜਨ ਤੇ ਲਾਈ।
ਨਾਮ ਜਪਣ ਤੇ ਆਮ ਫਿਰਨ ਦੀ ਸੱਭ ਨੂੰ ਆਜ਼ਾਦੀ ਦਿਵਾਈ।
ਇੰਨੇ ਕੰਮ ਕੀਤੇ ਤੂੰ,ਤੈਨੂੰ 'ਮਾਨ' ਕਿਵੇਂ ਦਿਲੋਂ ਵਿਸਾਰੇ?
ਨਮਸਕਾਰ ਲੱਖ ਲੱਖ ਵਾਰ ਤੈਨੂੰ ........।

**ਮਹਿੰਦਰ ਮਾਨ**
91-99158-03554

## ਗ਼ਜ਼ਲ



ਦੇਖ ਲਿਆ ਹੈ ਦਿਲ ਜਲਾ ਕੇ ।
ਨਾਲੇ ਅੱਥਰੂ ਵੀ ਟਪਕਾ ਕੇ।
ਚੰਗੀ ਸੱਜਣਾਂ ਪ੍ਰੀਤ ਨਿਭਾਈ,
ਰੁੱਸ ਗਿਐਂ ਦੁੱਖਾਂ ਵਿੱਚ ਪਾ ਕੇ।
ਅਸਾਂ ਬਥੇਰਾ ਰੋਕਿਆ ਤੈਨੂੰ,
ਚਲਾ ਗਿਆ ਤੂੰ ਬਾਂਹ ਛੁਡਾ ਕੇ।
ਹੁਣ ਵੀ ਕਿਧਰੇ ਮਿਲਦਾ ਏਂ ਤਾਂ,
ਲੰਘ ਜਾਵੇਂ ਤੂੰ ਅੱਖ ਬਚਾ ਕੇ।
ਏਨੇ ਕਹਿਰ ਨਾ ਕਰ ਅਸਾਂ 'ਤੇ ,
ਕੀ ਲਵੇਂਗਾ ਯਾਰ ਸਤਾ ਕੇ ?
ਬੜਾ ਤੂੰ ਜ਼ਾਲਮ ਏਂ ਬੇ-ਦਰਦੀ,
ਹਸਦਾ ਏਂ ਤੂੰ ਸੁਪਨੇ ਢਾਹ ਕੇ।
ਅਕਸ ਕਈ ਬਣ ਗਏ ਨੇ ਮੇਰੇ,
ਦੇਖ ਲਿਆ ਸ਼ੀਸ਼ਾ ਤਿੜਕਾ ਕੇ।
ਮੋਤੀ ਬਣ ਗਿਆ ਸਿਪ ਦਾ ਕੀੜਾ,
ਕਿਣਕੇ ਨਾਲ ਮੁਹੱਬਤ ਪਾ ਕੇ।
ਜਨਮ- ਜਨਮ ਤੇਰੇ ਨਾਮੇ ਕੀਤੇ,
ਭਾਵੇਂ ਦੇਖ ਲਈਂ ਅਜ਼ਮਾ ਕੇ।
' ਘੇਸਲ ' ਵੀ ਹੁਣ ਰੋਸ਼ਨ ਹੋਇਆ,
ਹੁਸਨ ਇਸ਼ਕ ਦੇ ਨਗਮੇਂ ਗਾ ਕੇ।

**- ਕਸ਼ਮੀਰ ਘੇਸਲ**
91-94 63 65 60 47

## ਸਤਿਗੁਰੂ ਰਵਿਦਾਸ ਜੀ

ਬਾਕੀ ਗੁਰੂਆਂ ਵਾਂਗ ਹੀ, ਗੁਰੂ ਰਵਿਦਾਸ ਹੈ।
ਜੱਦੋ ਜਹਿਦ ਉਹਦੀ ਕੌਮ ਲਈ ਵੱਡਾ ਜੱਸ ਹੈ।

ਇਕ ਇਕ ਕਰਕੇ 640 ਸਾਲ ਬੀਤ ਗਏ,
ਹੱਕ ਹਕੂਕ ਖੁਸ਼ੀ, ਨੀਂ ਤਾਂ ਜੀਵਨ ਉਦਾਸ ਹੈ।

ਉਂਝ ਵੀ ਤਾਂ ਗੁਰੂ ਗ੍ਰੰਥ ਸਾਹਿਬ ਵਿਚ,
ਉਸ ਦੀ ਬਾਣੀ ਬਨਾਮ ਸਾਂਝਾ ਪ੍ਰਕਾਸ਼ ਹੈ।

ਸਾਰੇ ਹੀ ਕਹੋ ਕਿ ਸਭ ਇਨਸਾਨ ਬਰਾਬਰ,
ਸਾਰੇ ਹੀ ਲਿਖੋ ਕਿ ਝੂਠਾ ਮਿਥਿਹਾਸ ਹੈ।

ਬੀਤੇ ਨੂੰ ਭੁੱਲ ਕੇ, ਸੋਚੋ ਕੱਲ੍ਹ ਦੇ ਵਾਸਤੇ,
ਅਕਸਰ ਸਮੇਂ ਦਾ ਹਾਣ, ਆਉਂਦਾ ਰਾਸ ਹੈ।

ਬਦਲ ਨਾ ਪਛਾਣ ਪਿਆਰੇ ਸੋਚ ਬਦਲ ਲੈ,
ਰੱਬ ਦੇਖਦਾ, ਉਹੀ ਬੰਦਾ ਤੇ ਉਹੀ ਮਾਸ ਹੈ।

ਗੁਰੂ ਗ੍ਰੰਥ ਵਿਚ ਬਾਣੀ ਸਭ ਕੁਝ ਦੱਸਦੀ,
ਇਹ ਤਾਂ ਸਾਂਝੀ ਸੋਚ ਦਾ ਸਮੁੰਦਰ ਖ਼ਾਸ ਹੈ।

ਆਪਣੇ ਆਪ ਨੂੰ ਆਪ ਹੀ ਉੱਚਾ ਕਰਨਾ ਪੈਣਾ,
ਵਹਿਮ ਕੀਲੀ ਟੰਗੋ, ਨਿੱਤ ਕਹਿੰਦਾ ਦਾਸ ਹੈ।

ਗੁਰੂ ਦੇ ਜਨਮ ਦਿਨ ਦੀ, ਸਭ ਨੂੰ ਵਧਾਈ 'ਕਮਲ'
ਧਰਤੀ ਹੁੱਬਦੀ ਤੇ ਫੁੱਲ ਵਰਸਾਉਂਦਾ ਆਕਾਸ਼ ਹੈ।



**ਕਮਲ ਬੰਗਾ ਸੈਕਰਾਮੈਂਟੋ**
916-897-8570

## ਬੱਲੇ ਬਈ ਪੰਜਾਬ ਸਿੰਘਾ!



ਆਏ ਭੀੜਾਂ ਵਿਚ ਸ਼ੁਗਲ
ਦੇ ਵਾਸਤੇ ਹੀ
ਚਾਹਿਆ ਦਿਲੋਂ ਨਾ ਬਹੁਤਾ
ਤਬਦੀਲੀਆਂ ਨੂੰ।
ਸਿਆਸੀ ਗੰਦਗੀ ਹੁੰਦਿਆਂ
ਰਹੇ 'ਸ਼ੱਕੀ'
ਝਾੜੂ ਬਣਦਿਆਂ ਦੇਖ ਕੇ
ਤੀਲ੍ਹੀਆਂ ਨੂੰ।
'ਸਿਸਟਮ ਬਦਲਣ' ਦਾ ਹੋਕਾ ਵੀ ਸਮਝਿਆ ਨਾ
ਸੁਣ ਕੇ 'ਸਿਆਸਤ ਸੁਰਾਂ' ਸੁਰੀਲੀਆਂ ਨੂੰ
ਹੂੜ-ਮੱਤ ਸੁਭਾਅ ਵੀ ਸ਼ੋਭਦਾ ਨਹੀਂ
ਵਿਰਸੇ ਵਾਲੀਆਂ ਫੌਜਾਂ ਅਣਖੀਲੀਆਂ ਨੂੰ
ਸਮਝ ਰਹੇ ਸੀ 'ਉਪਰਲੇ' ਆਪ ਨੂੰ ਜੋ
ਚੁੱਪ-ਚੁਪੀਤਿਆਂ ਕਰ ਦਿੱਤੇ ਥੱਲੜੇ ਈ
ਵਾਹ ਅਲਬੇਲਿਆ ਭਾਈ ਪੰਜਾਬ ਸਿੰਘਾ
ਲੈਨਾਂ ਫੈਸਲੇ ਸਦਾ ਅਵੱਲੜੇ ਈ!

**-ਤਰਲੋਚਨ ਸਿੰਘ 'ਦੁਪਾਲਪੁਰ**
001-408-915-1268

# ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਵੱਲੋਂ ਇੰਗਲੈਂਡ ਤੋਂ ਆਏ ਸਾਹਿਤਕਾਰ ਸੁਖਦੇਵ ਸਿੰਘ ਸਿੱਧੂ ਨਾਲ ਰੂਬਰੂ

**ਸੈਕਰਾਮੈਂਟੋ-** ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਵੱਲੋਂ ਬੀਤੇ ਮਾਰਚ 4, 2017 ਨੂੰ ਸਭਾ ਦੇ ਪ੍ਰਧਾਨ ਦਿਲ ਨਿੱਜਰ ਦੇ ਗ੍ਰਹਿ ਵਿਖੇ ਇੰਗਲੈਂਡ ਤੋਂ ਆਏ ਸਾਹਿਤਕਾਰ, ਸੁਖਦੇਵ ਸਿੰਘ ਸਿੱਧੂ ਨਾਲ ਰੂਬਰੂ ਕੀਤਾ ਗਿਆ ਅਤੇ ਆਏ ਮਹਿਮਾਨ ਨੂੰ ਸਭਾ ਵੱਲੋਂ ਸਨਮਾਨ ਕੀਤਾ ਗਿਆ। ਸ. ਸੁਖਦੇਵ ਸਿੰਘ ਸਿੱਧੂ ਜੋ ਬੈਡਫੋਰਡ ਸ਼ਹਿਰ, ਇੰਗਲੈਂਡ ਦੇ ਵਸਨੀਕ ਹਨ, ਪੰਜਾਬੀ ਤ੍ਰੈਮਾਸਿਕ ਰਸਾਲਾ 'ਰਾਗ' ਜਿਸ ਵਿਚ ਨਾਮੀ ਲੇਖਕਾਂ ਦੀਆਂ ਰਚਨਾਵਾਂ ਛਪਦੀਆ ਹਨ, ਨਾਲ ਸਾਹਿਤ ਖੇਤਰ ਵਿਚ ਜਾਣੇ-ਪਛਾਣੇ ਨਾਂ ਹਨ। ਇਸ ਮੌਕੇ ਸੁਖਦੇਵ ਸਿੰਘ ਸਿੱਧੂ ਨੂੰ ਸਭਾ ਨਾਲ ਜਾਣ-ਪਛਾਣ ਕਰਵਾਉਣ ਵਾਲੇ ਹਰਜਿੰਦਰ ਮੱਟੂ ਨੇ ਸ. ਸਿੱਧੂ ਦੇ ਸਾਹਿਤਕ ਜੀਵਨ ਅਤੇ ਆਪਣੇ ਸਾਥ-ਸਾਂਝ ਦੀਆਂ ਗੱਲਾਂ ਕੀਤੀਆਂ। ਪ੍ਰਧਾਨ ਦਿਲ ਨਿੱਜਰ, ਮਹਿੰਦਰ ਸਿੰਘ ਘੱਗ, ਇੰਦਰਜੀਤ ਸਿੰਘ ਗਰੇਵਾਲ ਥਰੀਕੇ, ਅਜਮੇਰ ਯੋਗੀ ਸੰਧੂ, ਜੋਤੀ ਸਿੰਘ, ਤਤਿੰਦਰ ਕੌਰ, ਰਮੇਸ਼ ਕੁਮਾਰ ਬੰਗੜ, ਮਨਜੀਤ ਕੌਰ ਨਿੱਜਰ, ਰਾਹੁਲ ਗਿੱਲ, ਕਰਮਜੀਤ ਸਿੰਘ ਗਿੱਲ ਅਤੇ ਮਨਜੀਤ ਕੌਰ ਸੇਖੋਂ ਨੇ ਆਪੋ-ਆਪਣੇ ਵਿਚਾਰ, ਗੀਤ ਅਤੇ ਕਵਿਤਾਵਾਂ ਨਾਲ ਇਸ ਮਹਿਫਲ ਨੂੰ ਸਦਾ ਲਈ ਚੇਤਿਆਂ ਵਿਚ ਵਸਾ ਲਿਆ।

ਇਸੇ ਤਰ੍ਹਾਂ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਵੱਲੋਂ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਦੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਬੁੱਧਵਾਰ ਦੀ ਰਾਤ ਮਾਰਚ 8, 2017 ਨੂੰ ਧਾਰਮਿਕ ਕਵੀ ਦਰਬਾਰ ਕੀਤਾ ਗਿਆ। ਸਤਿਗੁਰੂ ਰਵਿਦਾਸ ਜੀ ਦੇ 640ਵੇਂ ਗੁਰਪੁਰਬ ਦਿਵਸ ਨੂੰ ਮਨਾਉਂਦੇ ਅਤੇ ਗੁਰੂ ਘਰ ਵੱਲੋਂ 17ਵੇਂ ਨਗਰ ਕੀਰਤਨ ਦੇ ਸਬੰਧ ਵਿਚ ਚੱਲ ਰਹੇ ਗੁਰੂ ਘਰ ਵਿਚ ਪ੍ਰੋਗਰਾਮਾਂ ਤਹਿਤ ਇਹ ਧਾਰਮਿਕ ਕਵੀ ਦਰਬਾਰ ਪਹਿਲੀ ਵਾਰ ਆਯੋਜਿਤ ਕੀਤਾ ਗਿਆ, ਜਿਸਦਾ ਸੰਗਤਾਂ ਨੇ ਭਰਪੂਰ ਆਨੰਦ ਮਾਣਿਆ। ਧਾਰਮਿਕ ਕਵੀ ਦਰਬਾਰ ਵਿਚ ਸਭਾ ਦੇ ਮੈਂਬਰਾਂ, ਰਮੇਸ਼ ਸਿੰਘ ਬੰਗੜ, ਅਜੀਤ ਰਾਮ ਬੰਗੜ, ਜੋਤੀ ਸਿੰਘ, ਪਰਮਿੰਦਰ ਸਿੰਘ ਰਾਏ, ਮੱਖਣ ਲੁਹਾਰ, ਜਸਵੰਤ ਸਿੰਘ ਸ਼ੀਮਾਰ, ਕਮਲ ਬੰਗਾ, ਇੰਦਰਜੀਤ ਸਿੰਘ ਗਰੇਵਾਲ ਥਰੀਕੇ, ਜਸਵਿੰਦਰ ਮਹਾੜ, ਪ੍ਰੇਮ ਕੁਮਾਰ ਚੁੰਬਰ, ਦੀਪਕ ਸਰੋਆ ਅਤੇ ਤਤਿੰਦਰ ਕੌਰ ਨੇ ਆਪਣੀਆਂ ਧਾਰਮਿਕ ਰਚਨਾਵਾਂ ਨਾਲ ਹਾਜ਼ਰੀ ਲਗਵਾਈ।

# ਅੰਤਰ ਰਾਸ਼ਟਰੀ ਪੰਜਾਬੀ ਮਾਂ ਬੋਲੀ ਦਿਵਸ ਨੂੰ ਮਨਾਉਂਦਿਆਂ ਮਾਸਿਕ ਇਕੱਤਰਤਾ







**ਯੂਬਾ ਸਿਟੀ-** ਇਕ ਮਾਂ ਪੈਦਾ ਕਰਕੇ, ਇਹ ਦੁਨੀਆਂ ਦਿਖਾਈ ਆ।
ਦੂਜੀ ਮਾਂ ਬੋਲੀ ਪੰਜਾਬੀ, ਜਿਸਨੇ ਅਕਲ ਸਿਖਾਈ ਆ।
ਹੱਸੋ, ਖੇਡੋ, ਅੰਬਰ ਛੂਹੋ, ਹਰ ਇਕ ਪਿੜ ਅੰਦਰ
ਥਰੀਕੇ ਮਾਂ ਬੋਲੀ ਨਾ ਭੁੱਲੋ, ਇਸੇ ਵਿਚ ਵਡਿਆਈ ਆ।

ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਵੱਲੋਂ ''ਅੰਤਰ ਰਾਸ਼ਟਰੀ ਪੰਜਾਬੀ ਮਾਂ ਬੋਲੀ ਦਿਵਸ'' ਨੂੰ ਮਨਾਉਂਦਿਆਂ ਹੋਇਆਂ, ਮਾਸਿਕ ਇਕੱਤਰਤਾ ਅਤੇ ਕਵੀ ਦਰਬਾਰ ਗੁਰੂ ਘਰ ਟਾਇਰਾ ਬੁਇਨਾ, ਯੂਬਾ ਸਿਟੀ ਦੇ ਕਮੇਟੀ ਰੂਮ ਵਿਚ ਹੋਇਆ।

ਸਭ ਤੋਂ ਪਹਿਲਾਂ ਪੰਜਾਬੀ ਸਕੂਲ ਯੂਬਾ ਸਿਟੀ ਦੇ ਬੱਚਿਆਂ ਨਾਲ ਸਭਾ ਦੇ ਮੈਂਬਰਾਂ ਵੱਲੋਂ ਦਸਮੇਸ਼ ਹਾਲ ਦੇ ਵਿਚ ਰੂਬਰੂ ਕੀਤਾ ਗਿਆ। ਸਭਾ ਦੇ ਪ੍ਰਧਾਨ ਦਿਲ ਨਿੱਜਰ, ਰਾਠੇਸ਼ਵਰ ਸਿੰਘ ਸੂਰਾਪੁਰੀ, ਅਜਮੇਰ ਸੰਧੂ, ਇੰਦਰਜੀਤ ਗਰੇਵਾਲ, ਮਹਿੰਦਰ ਸਿੰਘ ਘੱਗ ਅਤੇ ਹਰਬੰਸ ਸਿੰਘ ਢਿੱਲੋਂ ਨੇ ਪੰਜਾਬੀ ਸਕੂਲ ਦੇ ਬੱਚਿਆਂ, ਉਹਨਾਂ ਦੇ ਮਾਤਾ-ਪਿਤਾ ਅਤੇ ਅਧਿਆਪਕਾਂ ਦੀ ਹਾਜ਼ਰੀ ਵਿਚ ਆਪੋ-ਆਪਣੇ ਵਿਚਾਰ ਅਤੇ ਧਾਰਮਿਕ ਗੀਤ, ਕਵਿਤਾ ਜਾਂ ਸ਼ਰਦਾਂ ਨਾਲ ਸਾਂਝ ਪਾਈ।

ਬਾਅਦ ਦੁਪਹਿਰ ਦੋ ਵਜੇ ਤੋਂ ਚਾਰ ਵਜੇ ਤੱਕ ਪੰਜਾਬੀ ਮਾਂ ਬੋਲੀ ਦੇ ਸਬੰਧ ਵਿਚ ਪਰਚੇ ਪੜ੍ਹੇ ਗਏ ਅਤੇ ਆਪਣੇ ਵਿਚਾਰ ਸਾਂਝੇ ਕੀਤੇ ਗਏ।

ਇਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸਿਆਟਲ ਨਿਵਾਸੀ ਕਵੀ ਬਲਿਹਾਰ ਸਿੰਘ ਲੈਹਿਲ ਸ਼ਾਮਲ ਹੋਏ। ਸਟੇਜ ਸਕੱਤਰ ਦੀ ਸੇਵਾ ਇੰਦਰਜੀਤ ਸਿੰਘ ਗਰੇਵਾਲ ਥਰੀਕੇ ਨੇ ਨਿਭਾਈ।

ਪ੍ਰਧਾਨਗੀ ਮੰਡਲ ਵਿਚ ਮੁੱਖ ਮਹਿਮਾਨ ਬਲਿਹਾਰ ਸਿੰਘ ਲੈਹਿਲ (ਸਿਆਟਲ), ਪ੍ਰਧਾਨ ਦਿਲਵੀਰ ਦਿਲ ਨਿੱਜਰ ਅਤੇ ਉਪ ਪ੍ਰਧਾਨ ਹਰਭਜਨ ਸਿੰਘ ਢੇਰੀ ਸੁਸ਼ੋਭਿਤ ਹੋਏ।

ਹਰਬੰਸ ਸਿੰਘ ਢਿੱਲੋਂ ਜਗਿਆਸੂ ਜੀ ਨੇ ਪੰਜਾਬੀ ਮਾਂ ਬੋਲੀ ਤੇ ਆਪਣਾ ਭਾਵਪੂਰਤ ਪਰਚਾ ਪੜ੍ਹਿਆ। ਕਵੀ ਦਰਬਾਰ ਵਿਚ ਪੰਜਾਬੀ ਸਕੂਲ ਦੇ ਬੱਚਿਆਂ ਅਤੇ ਉਹਨਾਂ ਦੇ ਮਾਤਾ-ਪਿਤਾ ਵੀ ਹਾਜ਼ਰ ਹੋਏ। ਕਵੀ ਦਰਬਾਰ ਵਿਚ ਅਰਸ਼ਦੀਪ ਕੌਰ, ਹਰਲੀਨ ਕੌਰ, ਗੁਰਲੀਨ ਕੌਰ, ਜਗਰੂਪ ਕਿਰਨ ਕੌਰ, ਵਰਿੰਦਰ ਸਿੰਘ ਅਤੇ ਹਰਮਨਜੀਤ ਸਿੰਘ ਨੇ ਹਿੱਸਾ ਲਿਆ।

ਪੰਜਾਬੀ ਸਾਹਿਤ ਸਭਾ ਦੇ ਜਿਹਨਾਂ ਮੈਂਬਰਾਂ ਨੇ ਕਵੀ ਦਰਬਾਰ ਵਿਚ ਹਿੱਸਾ ਲਿਆ, ਉਹਨਾਂ ਵਿਚ ਸੁਖਦੇਵ ਸਿੰਘ ਢਿੱਲੋਂ, ਜੋਗਿੰਦਰ ਸਿੰਘ ਸ਼ੌਂਕੀ, ਗੋਗੀ ਅਜਮੇਰ ਸੰਧੂ, ਰਾਠੇਸ਼ਵਰ ਸਿੰਘ ਸੂਰਾਪੁਰੀ, ਇੰਦਰਜੀਤ ਸਿੰਘ ਗਰੇਵਾਲ, ਹਰਬੰਸ ਸਿੰਘ ਢਿੱਲੋਂ ਜਗਿਆਸੂ, ਮਹਿੰਦਰ ਸਿੰਘ ਘੱਗ, ਹਰਭਜਨ ਸਿੰਘ ਢੇਰੀ, ਦਿਲਵੀਰ ਸਿੰਘ ਨਿੱਜਰ, ਬਲਿਹਾਰ ਸਿੰਘ ਲੈਹਿਲ, ਜਸਵੰਤ ਸਿੰਘ ਬੈਂਸ, ਅਮਰਜੀਤ ਸਿੰਘ ਔਜਲਾ, ਬਲਜਿੰਦਰ ਸਿੰਘ, ਗਿਆਨ ਸਿੰਘ ਰੰਧਾਵਾ, ਕੁਲਦੀਪ ਸਿੰਘ ਔਜਲਾ, ਸੁਮਿੱਤਰ ਸਿੰਘ ਉਪਲ ਅਤੇ ਗੁਰਬਚਨ ਚੋਪੜਾ ਆਦਿ ਹਾਜ਼ਰ ਸਨ। ਸਤਨਾਮ ਸਿੰਘ ਅਤੇ ਸੁਰਜੀਤ ਸਿੰਘ ਵੀ ਸਰੋਤਿਆਂ ਵਿਚ ਹਾਜ਼ਰ ਸਨ।



ਸ੍ਰੀ ਗੁਰੂ ਰਵਿਦਾਸ ਟੈਂਪਲ ਸੈਲਮਾ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ **640ਵਾਂ ਗੁਰਪੁਰਬ ਦਿਹਾੜਾ 19 ਮਾਰਚ ਦਿਨ ਐਤਵਾਰ ਨੂੰ** ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧ ਵਿਚ ਪ੍ਰਬੰਧਕਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ **ਗੁਰਪੁਰਬ ਨੂੰ ਸਮਰਪਿਤ 17 ਮਾਰਚ ਨੂੰ ਸ੍ਰੀ ਅਖੰਡ ਪਾਠ ਸਾਹਿਬ ਅਰੰਭ** ਕਰਵਾਏ ਜਾਣਗੇ। 18 ਮਾਰਚ ਨੂੰ ਬਾਅਦ ਦੁਪਹਿਰ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ ਅਤੇ **19 ਮਾਰਚ ਨੂੰ ਭੋਗ ਪਾਏ ਜਾਣਗੇ।**

ਉਪਰੰਤ ਗੁਰੂ ਜੀ ਦੇ ਜੀਵਨ ਅਤੇ ਉਪਦੇਸ਼ ਸਬੰਧੀ ਵੱਖ-ਵੱਖ ਬੁਲਾਰੇ ਸੰਗਤਾਂ ਅੱਗੇ ਆਪਣੇ ਵਿਚਾਰ ਰੱਖਣਗੇ ਅਤੇ ਗੁਰੂ ਘਰ ਦਾ ਜਥਾ ਗੁਰਬਾਣੀ ਕੀਰਤਨ ਨਾਲ ਸੰਗਤਾਂ ਨਿਹਾਲ ਕਰੇਗਾ। ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਸਮੂਹ ਸਾਧ ਸੰਗਤਾਂ ਨੂੰ ਤਿੰਨੇ ਦਿਨ ਗੁਰੂ ਘਰ ਹੁੰਮ ਹੁਮਾ ਕੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।

## ਬੇਨਤੀ ਕਰਤਾ ਸੰਗਤ ਦੇ ਦਾਸ




# B.S.P. SUPPORTERS U.S.A.

# ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਸਾਧ ਸੰਗਤ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਗਏ 640ਵੇਂ ਪ੍ਰਕਾਸ਼ ਦਿਹਾੜੇ ਅਤੇ 17ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਪ੍ਰਧਾਨ ਸ੍ਰੀ ਕਸ਼ਮੀਰੀ ਭਾਟੀਆ ਜੀ ਅਤੇ ਸਮੂਹ ਭਾਟੀਆ ਪਰਿਵਾਰ ਵੱਲੋਂ ਲੱਖ-ਲੱਖ ਵਧਾਈਆਂ



















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਸਾਧ ਸੰਗਤ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਗਏ 640ਵੇਂ ਪ੍ਰਕਾਸ਼ ਦਿਹਾੜੇ ਅਤੇ 17ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਸਵਰਗੀ (ਕਮਿਸ਼ਨਰ) ਸ੍ਰੀ ਲਾਹੌਰੀ ਰਾਮ ਜੀ ਦੇ ਸਮੂਹ ਪਰਿਵਾਰ ਵੱਲੋਂ ਲੱਖ-ਲੱਖ ਵਧਾਈਆਂ





ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)

































